# PUNJAB VIDHAN SABHA

*Tuesday, the 3rd September, 2024*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

..............

**ਮਾਣਯੋਗ ਸਪੀਕਰ**: *ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥*

## STARRED QUESTIONS AND ANSWERS

## ਤਲਵੰਡੀ-ਫਰੀਦਕੋਟ ਰੋਡ ਅਤੇ ਫਰੀਦਕੋਟ-ਬੀੜ ਚਹਿਲ ਤੋਂ ਨਹਿਰਾਂ ਤੱਕ ਸੜਕ ਨੂੰ ਚਾਰ ਮਾਰਗੀ ਕਰਨਾ

***1167. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਲਵੰਡੀ-ਫਰੀਦਕੋਟ ਰੋਡ (ਟਹਿਣਾ ਬਾਈਪਾਸ ਤੋਂ ਰਾਜਸਥਾਨ ਫੀਡਰ ਤੱਕ) ਅਤੇ ਫਰੀਦਕੋਟ-ਬੀੜ ਚਹਿਲ (ਨੈਸ਼ਨਲ ਹਾਈਵੇਅ ROB) ਤੋਂ ਨਹਿਰਾਂ ਤੱਕ ਸੜਕਾਂ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੋਵਾਂ ਸੜਕਾਂ ਨੂੰ ਚਾਰ ਮਾਰਗੀ ਕਰਨ ਦੀ ਕੋਈ ਵੀ ਤਜਵੀਜ਼ ਫਿਲਹਾਲ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਨੈਸ਼ਨਲ ਹਾਈਵੇਅ ਫਰੀਦਕੋਟ ਤੋਂ ਬਾਹਰ ਨਿਕਲਣ ਕਾਰਨ ਇਨ੍ਹਾਂ ਦਾ ਟ੍ਰੈਫਿਕ ਲੈਣ ਦੇ ਕਾਬਿਲ ਨਹੀਂ ਹੈ ਖਾਸ ਕਰਕੇ ਬੀੜ ਚਹਿਲ ਤੋਂ ਫਰੀਦਕੋਟ ਨੂੰ ਜਾਂਦੀ ਸੜਕ ਸਾਡੇ ਓਲੰਪਿਅਨ ਰੁਪਿੰਦਰਪਾਲ ਜੀ ਦੇ ਨਾਮ ਤੇ ਬਣਾਈ ਗਈ ਹੈ। ਫਰੀਦਕੋਟ ਸ਼ਹਿਰ ਦੇ ਅੰਦਰ ਇਕੱਲਾ ਫਰੀਦਕੋਟ ਸ਼ਹਿਰ ਦਾ ਹੀ ਟ੍ਰੈਫਿਕ ਨਹੀਂ ਗੁਜ਼ਰਦਾ ਬਲਕਿ ਜਿਸ ਨੇ ਗੁਰੂਹਰਸਹਾਏ ਜਾਂ ਅਬੋਹਰ ਵੀ ਜਾਣਾ ਹੈ ਉਹ ਵੀ ਇਸ ਸ਼ਹਿਰ ਵਿੱਚੋਂ ਹੀ ਗੁਜ਼ਰਦਾ ਹੈ ਅਤੇ ਜਿਸ ਨੇ ਕੋਟਕਪੂਰਾ, ਮੁਕਤਸਰ ਜਾਂ ਮਲੋਟ ਵਾਲੇ ਪਾਸੇ ਨੂੰ ਵੀ ਜਾਣਾ ਹੈ, ਉਹ ਵੀ ਇਸ ਰਸਤੇ ਰਾਹੀਂ ਸ਼ਹਿਰ ਵਿੱਚੋਂ ਹੋ ਕੇ ਗੁਜ਼ਰਦਾ ਹੈ। ਇਸ ਵਾਸਤੇ ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇਹ ਥੋੜ੍ਹਾ ਹੀ ਰਸਤਾ ਹੈ, ਕੋਈ ਜ਼ਿਆਦਾ ਨਹੀਂ ਹੈ। ਬਾਈਪਾਸ ਬਾਹਰ ਆਉਣ ਕਰਕੇ ਸ਼ਹਿਰ ਨੂੰ ਜਾਣ ਵਾਲੀਆਂ ਸੜਕਾਂ ਇਗਨੋਰ ਕਰ ਦਿੱਤੀਆਂ ਗਈਆਂ ਹਨ। ਫਰੀਦਕੋਟ ਸ਼ਹਿਰ ਦੇ ਅੰਦਰ ਸਰਕਾਰ ਦੇ ਉੱਦਮ ਦੇ ਨਾਲ ਨਹਿਰਾਂ ਦੇ ਉੱਤੇ ਪੁਲ ਬਣ ਰਹੇ ਹਨ। ਉਨ੍ਹਾਂ ਤੇ ਸਰਕਾਰ ਕਰੋੜਾਂ ਰੁਪਿਆ ਲਗਾ ਰਹੀ ਹੈ। ਉਨ੍ਹਾਂ ਪੁਲਾਂ ਦਾ ਕੋਈ ਫਾਇਦਾ ਨਹੀਂ ਹੈ। ਇਸ ਨਾਲ ਸੜਕਾਂ ਹੀ ਭੀੜੀਆਂ ਹੋਣਗੀਆਂ। ਇਸ ਲਈ ਮੇਰੀ ਆਪ ਦੇ ਰਾਹੀਂ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਸੜਕਾਂ ਦਾ ਕੰਮ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਜਿਹੜਾ ਅਸੀਂ ਆਪਣੇ ਓਲੰਪੀਅਨ ਪਲੇਅਰਜ਼ ਨੂੰ ਸਨਮਾਨ ਦੇਣਾ ਹੈ ਉਹ ਵੀ ਦਿੱਤਾ ਜਾ ਸਕਦਾ ਹੈ। ਮੈਂ ਇਸ ਸਦਨ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਸ਼ਹਿਰ ਨੇ ਖੇਡਾਂ ਦੇ ਖੇਤਰ ਵਿੱਚ ਦੁਨੀਆਂ ਵਿੱਚ ਨਾਮੀ ਖਿਡਾਰੀ

ਪੈਦਾ ਕੀਤੇ ਹਨ। ਸਰਦਾਰ ਚੰਦ ਸਿੰਘ ਓਲੰਪੀਅਨ ਜਿਹੜੇ ਕਿ ਫਰੀਦਕੋਟ ਸ਼ਹਿਰ ਵਿੱਚੋਂ ਹੋਏ ਹਨ ਉਨ੍ਹਾਂ ਦਾ ਅੱਜ ਤੱਕ ਵਰਲਡ ਵਿੱਚ ਰਿਕਾਰਡ ਹੈ। ਉਨ੍ਹਾਂ ਨੇ 7 ਸੈਕਿੰਡ ਵਿੱਚ ਗੋਲ ਕੀਤਾ ਸੀ। ਜੇਕਰ ਇਹੋ ਜਿਹੇ ਖਿਡਾਰੀਆਂ ਦਾ ਸਨਮਾਨ ਕਰਾਂਗੇ ਤਾਂ ਸਾਡੀ ਵੀ ਇੱਜ਼ਤ ਅਤੇ ਮਾਣ ਵਧੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਇਹ ਮੇਰੀ ਵੀ ਸਿਫਾਰਸ਼ ਹੈ। ਤੁਹਾਡਾ ਤਾਂ ਪਿਆਰ ਹੀ ਬਹੁਤ ਹੈ। ਇਨ੍ਹਾਂ ਤੇ ਕੋਈ ਸਰਵੇਅ ਕਰਵਾ ਲਵੋ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ। ਇਹ ਦੋਵੇਂ ਸੜਕਾਂ ਫਰੀਦਕੋਟ ਸ਼ਹਿਰ ਦੇ ਮੇਨ ਐਂਟਰੀ/ਐਗਜ਼ਿਟ ਪੁਆਇੰਟ ਹੋਣ ਕਾਰਨ ਇਨ੍ਹਾਂ ਸੜਕਾਂ ਨੂੰ ਚੌੜਾ ਕਰਨ ਦੀ ਲੋੜ ਪੈ ਸਕਦੀ ਹੈ। ਜੇਕਰ ਇਨ੍ਹਾਂ ਸੜਕਾਂ ਨੂੰ ਲੋੜ ਮੁਤਾਬਿਕ 4 ਮਾਰਗੀ ਅਤੇ ਚੌੜਾਂ ਕਰਨ ਦੀ ਤਜਵੀਜ਼ ਕੀਤੀ ਜਾਂਦੀ ਹੈ ਤਾਂ ਤਲਵੰਡੀ-ਫਰੀਦਕੋਟ (ਟਹਿਣਾ-ਬਾਈਪਾਸ ਤੋਂ ਰਾਜਸਥਾਨ ਫੀਡਰ ਤੱਕ) ਸੜਕ ਦੀ ਲੰਬਾਈ 2.09 ਕਿਲੋਮੀਟਰ ਹੈ ਅਤੇ ਚੌੜਾਈ 33 ਫੁੱਟ (ਮੈਟਲਡ ਵਿਡਥ) ਹੈ। ਜੇਕਰ ਸੜਕ ਨੂੰ ਚਾਰ ਮਾਰਗੀ ਕਰਨਾ ਹੈ ਤਾਂ ਇਸ ਦੇ ਲਈ ਘੱਟ ਤੋਂ ਘੱਟ 80 ਫੁੱਟ ਲੈਂਡ ਵਿਡਥ ਦੀ ਜ਼ਰੂਰਤ ਪਵੇਗੀ ਜਿਸ ਲਈ ਲੈਂਡ ਐਕੁਜ਼ਿਸ਼ਨ, ਫੌਰੈਸਟ ਕਲੀਅਰੈਂਸ ਅਤੇ ਯੂਟੀਲਿਟੀ ਸ਼ਿਫਟਿੰਗ ਦੀ ਜ਼ਰੂਰਤ ਪਵੇਗੀ। ਇਸ ਕੰਮ ਦੀ ਲੋੜ ਅਨੁਸਾਰ ਫਿਜ਼ੀਬਿਲਟੀ ਚੈੱਕ ਕਰਨ ਲਈ ਨਿਰਦੇਸ਼ ਜਾਰੀ ਕਰ ਦਿੱਤੇ ਜਾਣਗੇ। ਫਰੀਦਕੋਟ-ਬੀੜ ਚਹਿਲ ਸੜਕ ਦੀ ਨੈਸ਼ਨਲ ਹਾਈਵੇਅ ਵੀ.ਯੂ.ਪੀ. (ਵਹੀਕਲ ਅੰਡਰ ਪਾਸ) ਤੋਂ ਨਹਿਰਾਂ ਤੱਕ ਲੰਬਾਈ 1.25 ਕਿਲੋਮੀਟਰ ਅਤੇ ਚੌੜਾਈ 23 ਫੁੱਟ (ਮੈਟਲਡ ਵਿਡਥ) ਹੈ। ਇਸ ਸੜਕ ਨੂੰ ਚਾਰ ਮਾਰਗੀ ਕਰਨ ਲਈ ਘੱਟ ਤੋਂ ਘੱਟ 80 ਫੁੱਟ ਲੈਂਡ ਵਿਡਥ ਦੀ ਜ਼ਰੂਰਤ ਪਵੇਗੀ। ਜਿਸ ਲਈ ਲੈਂਡ ਐਕੁਜ਼ੀਸ਼ਨ, ਫੌਰੈਸਟ ਕਲੀਅਰੈਂਸ ਅਤੇ ਯੂਟੀਲਿਟੀ ਸ਼ਿਫਟਿੰਗ ਦੀ ਜ਼ਰੂਰਤ ਪਵੇਗੀ। ਇਸ ਕੰਮ ਦੀ ਲੋੜ ਅਨੁਸਾਰ ਫਿਜ਼ੀਬਿਲਟੀ ਚੈੱਕ ਕਰਨ ਲਈ ਨਿਰਦੇਸ਼ ਜਾਰੀ ਕਰ ਦਿੱਤੇ ਜਾਣਗੇ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਧੰਨਵਾਦ ਮੰਤਰੀ ਜੀ। ਇੱਕ ਸਾਡੇ ਦਰੱਖਤਾਂ ਦੀ ਕਟਾਈ ਤੇ ਬਹੁਤ ਲੰਮਾ ਸਮਾਂ ਵੇਸਟ ਕੀਤਾ ਜਾਂਦਾ ਹੈ। ਸਾਨੂੰ ਪਤਾ ਹੈ ਕਿ ਕਿਸੇ ਕੰਮ ਨੂੰ ਕਰਨ ਲਈ ਦਰੱਖਤ ਕੱਟੇ ਬਿਨਾਂ ਨਹੀਂ ਸਰਦਾ। ਮੈਂ ਆਪ ਜੀ ਦੇ ਧਿਆਨ ਵਿੱਚ ਇੱਕ ਇਸ਼ੂ ਲਿਆਉਣਾ ਚਾਹੁੰਦਾ ਹਾਂ ਅਤੇ ਮੰਤਰੀ ਜੀ ਨੂੰ ਵੀ ਇਸ ਸਬੰਧੀ ਮਿਲ ਕੇ ਦੱਸਿਆ ਸੀ ਕਿ ਕੋਟਕਪੂਰਾ ਰੋਡ ਤੇ 20 ਕਰੋੜ ਰੁਪਏ ਦੀ ਲਾਗਤ ਨਾਲ ਸਾਡਾ ਪੁਲ ਬਣ ਰਿਹਾ ਹੈ। ਸਿਰਫ ਚਾਰ ਸਫੈਦੇ ਸਾਹਮਣੇ ਖੜ੍ਹੇ ਹੋਣ ਕਾਰਨ ਪੁਲ ਰੁਕਿਆ ਹੋਇਆ ਹੈ ਪਰ ਇਸ ਡਲੇਅ ਕਾਰਣ ਠੇਕੇਦਾਰ ਸਾਡੇ ਤੇ ਆਰਬੀਟ੍ਰੇਸ਼ਨ ਪਾਉਂਦੇ ਹਨ। 20 ਕਰੋੜ ਵਾਲਾ ਪੁਲ 40 ਕਰੋੜ ਵਿੱਚ ਬਣਦਾ ਹੈ ਅਤੇ ਲੋਕਾਂ ਨੂੰ ਸਾਲਾਂਬੱਧੀ ਖੱਜਲ ਖੁਆਰ ਹੋਣਾ ਪੈਂਦਾ ਹੈ। ਇਸ ਲਈ ਫੌਰੈਸਟ ਨਾਲ ਸਬੰਧਤ ਐਨ.ਓ.ਸੀ. ਤੁਰੰਤ ਜਾਰੀ ਕੀਤੀ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

-----------------------

**ਹਲਕਾ ਕਾਦੀਆਂ ਦੇ ਸਿਹਤ ਕੇਂਦਰਾਂ ਵਿੱਚ ਸਟਾਫ ਅਤੇ ਹੋਰ ਸਹੂਲਤਾਂ ਦੀ ਘਾਟ ਨੂੰ ਪੂਰਾ ਕਰਨਾ**

***1195. ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦੇ ਸਿਹਤ ਕੇਂਦਰਾਂ ਵਿੱਚ ਆਮ ਨਾਗਰਿਕਾਂ ਦੀ ਭਲਾਈ ਲਈ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਐਕਸਰੇ ਮਸ਼ੀਨਾਂ ਅਤੇ ਦਵਾਈਆਂ ਦੀ ਗੰਭੀਰ ਘਾਟ ਨੂੰ ਦੂਰ ਕਰਨ ਲਈ ਵਿਭਾਗ ਵੱਲੋਂ ਕੀ-ਕੀ ਕਦਮ ਚੁੱਕੇ ਗਏ ਹਨ ਅਤੇ ਇਨ੍ਹਾਂ ਸਿਹਤ ਕੇਂਦਰਾਂ ਵਿੱਚ ਹੁਣ ਤੱਕ ਮੁਹੱਈਆ ਕਰਵਾਈਆਂ ਗਈਆਂ ਦਵਾਈਆਂ ਅਤੇ ਮਸ਼ੀਨਾਂ ਦੀ ਗਿਣਤੀ ਵੇਰਵੇ ਸਹਿਤ ਦੱਸੀ ਜਾਵੇ?

**ਡਾਕਟਰ ਬਲਬੀਰ ਸਿੰਘ**: ਹਲਕਾ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਅਧੀਨ ਕੁੱਲ 50 ਸਿਹਤ ਕੇਂਦਰ ਹਨ। ਇਨ੍ਹਾਂ ਸਿਹਤ ਕੇਂਦਰਾਂ ਵਿੱਚ ਡਾਕਟਰਾਂ, ਪੈਰਾ ਮੈਡੀਕਲ ਸਟਾਫ ਦੀਆਂ ਕੁੱਲ 287 ਪੋਸਟਾਂ ਵਿੱਚੋ 174 ਪੋਸਟਾਂ ਭਰੀਆਂ ਹਨ। ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਮੈਡੀਕਲ ਅਫਸਰਾਂ (ਜਨਰਲ) ਦੀਆਂ 1940 ਆਸਾਮੀਆਂ ਨੂੰ ਵੱਖ ਵੱਖ ਫੇਜ਼ ਵਿੱਚ ਭਰਨ ਦੀ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ ਆਸਾਮੀਆਂ ਵਿੱਚੋਂ ਪਹਿਲੇ ਫੇਜ਼ ਵਿੱਚ 400 ਆਸਾਮੀਆਂ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਰਾਹੀਂ ਪ੍ਰਕੀਰਿਆ ਆਰੰਭ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ ਆਸਾਮੀਆਂ ਨੂੰ ਵਿਭਾਗੀ ਚੋਣ ਕਮੇਟੀ ਰਾਹੀਂ ਭਰਨ ਸਬੰਧੀ ਪ੍ਰਕਿਰਿਆ ਵੀ ਜਾਰੀ ਹੈ। ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ 1866 ਆਸਾਮੀਆਂ ਨੂੰ ਭਰਨ ਸਬੰਧੀ ਪ੍ਰਕਿਰਿਆ ਜਾਰੀ ਹੈ। ਜਲਦ ਹੀ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਨੂੰ ਨਿਯੁਕਤੀ ਪੱਤਰ ਜਾਰੀ ਕਰਦੇ ਹੋਏ ਭਰਤੀ ਪ੍ਰਕਿਰਿਆ ਮੁਕੰਮਲ ਕਰ ਲਈ ਜਾਵੇਗੀ। ਜਿੱਥੋਂ ਤੱਕ ਐਕਸਰੇ ਮਸ਼ੀਨਾਂ ਦਾ ਸਬੰਧ ਹੈ ਹਲਕਾ ਕਾਦੀਆਂ ਵਿੱਚ 6 ਐਕਸਰੇ ਮਸ਼ੀਨਾਂ ਚਾਲੂ ਹਾਲਤਾਂ ਵਿੱਚ ਉਪਲਬਧ ਹਨ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁੱਲ 15 ਪ੍ਰਾਈਵੇਟ ਸੰਸਥਾਵਾਂ ਨੂੰ ਇਮਪੈਨਲਡ ਵੀ ਕੀਤਾ ਗਿਆ ਹੈ। ਹਲਕਾ ਕਾਦੀਆਂ ਅਧੀਨ ਆਉਦੇ 5 ਸੀ.ਐਚ.ਸੀ ਵਿੱਚ ਮੌਜੂਦਾ ਮਸ਼ੀਨਾਂ ਦਾ ਵੇਰਵਾ **ਅਨੁਲਗ ੳ** ਨਾਲ ਨੱਥੀ ਕੀਤਾ ਜਾਂਦਾ ਹੈ। ਇਸ ਹਲਕੇ ਲਈ ਮਰੀਜ਼ਾਂ ਨੂੰ ਡਰੱਗ ਵੇਅਰ ਹਾਊਸ ਤੋ 5 ਸੀ.ਐਚ.ਸੀ ਰਾਹੀਂ ਕੁੱਲ 230 ਈ.ਡੀ.ਐਲ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਇਸ ਤੋ ਇਲਾਵਾ ਨੌਨ ਈ.ਡੀ.ਐਲ ਦਵਾਈਆਂ ਵੀ ਲੋਕਲ ਪੱਧਰ ਤੇ ਖਰੀਦ ਕੇ ਇਨ੍ਹਾਂ ਸਿਹਤ ਕੇਂਦਰਾਂ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

| STATUS OF BIOMEDICAL EQUIPMETS -CHC QADIAN(GURDASPUR) | | | |
|---|---|---|---|
| **Sr No** | **Device Name** | **WORKING** | **Grand Total** |
| 1 | AUTOCLAVE-SMALL VERTICAL | 1 | 1 |
| 2 | AUTOCLAVE-VERTICAL | 2 | 2 |
| 3 | BOYLES APPARATUS | 1 | 1 |
| 4 | DEEP FREEZER-20 | 2 | 2 |
| 5 | DENTAL CHAIR UNIT | 1 | 1 |
| 6 | DENTAL X-RAY MACHINE | 1 | 1 |
| 7 | ECG MACHINE | 1 | 1 |
| 8 | ELECTRIC CENTRIFUGE TABLE TOP | 1 | 1 |
| 9 | HOT AIR OVEN | 1 | 1 |
| 10 | ICE LINING REFRIGERATOR | 1 | 1 |
| 11 | LAPAROSCOPE | 1 | 1 |
| 12 | MICROSCOPE-MONOCULAR | 2 | 2 |
| 13 | OPERATION TABLE (HYDRAULIC) | 1 | 1 |
| 14 | OT CEILING LIGHT (SINGLE DOME) | 1 | 1 |
| 15 | OXYGEN CONCENTRATOR | 9 | 9 |
| 16 | RADIANT BABY WARMER | 1 | 1 |
| 17 | SEMI AUTO ANALYZER | 1 | 1 |
| 18 | SUCTION MACHINE | 2 | 2 |
| 19 | X RAY MACHINE-100mA (RADIOLOGY) | 1 | 1 |
| **GRAND TOTAL** | | **31** | **31** |

| STATUS OF BIOMEDICAL EQUIPMETS -CHC KOT SANTOKH RAI(GURDASPUR) | | | |
|---|---|---|---|
| **Sr No** | **Device Name** | **WORKING** | **Grand Total** |
| 1 | AUTOCLAVE-SMALL VERTICAL | 1 | 1 |
| 2 | AUTOCLAVE-VERTICAL | 1 | 1 |
| 3 | DEEP FREEZER-20 | 1 | 1 |
| 4 | DENTAL CHAIR UNIT | 1 | 1 |
| 5 | ECG MACHINE | 1 | 1 |
| 6 | ELECTRIC CENTRIFUGE TABLE TOP | 1 | 1 |
| 7 | ICE LINING REFRIGERATOR | 2 | 2 |
| 8 | LAB INCUBATOR | 2 | 2 |
| 9 | MICROSCOPE-MONOCULAR | 2 | 2 |
| 10 | OPERATION TABLE (HYDRAULIC) | 1 | 1 |
| 11 | OPTHALMOSCOPE-DIRECT | 1 | 1 |
| 12 | OT MOBILE LIGHT | 1 | 1 |
| 13 | OXYGEN CONCENTRATOR | 4 | 4 |
| 14 | RETINOSCOPE | 1 | 1 |
| 15 | SEMI AUTO ANALYZER | 1 | 1 |
| 16 | X RAY MACHINE-100mA (RADIOLOGY) | 1 | 1 |
| **GRAND TOTAL** | | **22** | **22** |

| STATUS OF BIOMEDICAL EQUIPMETS -CHC KAHNUWAN(GURDASPUR) | | | |
|---|---|---|---|
| Sr No | Device Name | WORKING | Grand Total |
| 1 | AUTOCLAVE-HORIZONTAL | 1 | 1 |
| 2 | AUTOCLAVE-VERTICAL | 2 | 2 |
| 3 | BOYLES APPARATUS | 1 | 1 |
| 4 | DEEP FREEZER-20 | 1 | 1 |
| 5 | DENTAL CHAIR UNIT | 1 | 1 |
| 6 | DENTAL X-RAY MACHINE | 1 | 1 |
| 7 | ECG MACHINE | 1 | 1 |
| 8 | ELECTRIC CENTRIFUGE TABLE TOP | 2 | 2 |
| 9 | FOGGING MACHINE (FUMIGATION) | 1 | 1 |
| 10 | HOT AIR OVEN | 1 | 1 |
| 11 | ICE LINING REFRIGERATOR | 1 | 1 |
| 12 | LAB INCUBATOR | 1 | 1 |
| 13 | LAPAROSCOPE | 1 | 1 |
| 14 | MICROSCOPE (LED) | 3 | 3 |
| 15 | MICROSCOPE-BINOCULAR | 1 | 1 |
| 16 | OPERATION TABLE (HYDRAULIC) | 1 | 1 |
| 17 | OT CEILING LIGHT (SINGLE DOME) | 1 | 1 |
| 18 | OT MOBILE LIGHT | 1 | 1 |
| 19 | OXYGEN CONCENTRATOR | 8 | 8 |
| 20 | PHOTOTHERAPY UNIT (DOUBLE SURFACE) | 1 | 1 |
| 21 | RADIANT BABY WARMER | 1 | 1 |
| 22 | SEMI AUTO ANALYZER | 1 | 1 |
| 23 | SUCTION MACHINE | 2 | 2 |
| 24 | WATER BATH | 1 | 1 |
| 25 | X RAY MACHINE-100mA (RADIOLOGY) | 1 | 1 |
| **GRAND TOTAL** | | **37** | **37** |

| STATUS OF BIOMEDICAL EQUIPMETS -CHC DHARIWAL(GURDASPUR) | | | | | |
|---|---|---|---|---|---|
| Sr No | Device Name | WORKING | NOT WORKING | TO BE CONDEMNED | Grand Total |
| 1 | AUTOCLAVE-SMALL VERTICAL | 2 | | | 2 |
| 2 | AUTOCLAVE-VERTICAL | 2 | | | 2 |
| 3 | BLOOD CELL COUNTER | 1 | | | 1 |
| 4 | BLOOD MIXTURE | 1 | | | 1 |
| 5 | BOYLES APPARATUS | 1 | | | 1 |
| 6 | COMPUTERIZED RADIOGRAPHY SYSTEM (CR SYSTEM) | 1 | | | 1 |
| 7 | DEEP FREEZER-20 | | 1 | | 1 |
| 8 | DENTAL CHAIR UNIT | 1 | | 1 | 2 |
| 9 | ECG MACHINE | 1 | | | 1 |
| 10 | ELECTRIC CENTRIFUGE TABLE TOP | 1 | | | 1 |
| 11 | FULLY AUTO ANALYZER | 1 | | | 1 |
| 12 | HOT AIR OVEN | 1 | | | 1 |
| 13 | LAB REFRIGERATOR | 1 | | | 1 |
| 14 | MICROSCOPE-BINOCULAR | 1 | | | 1 |
| 15 | MULTIPARA MONITOR | 5 | | | 5 |
| 16 | OPERATION TABLE (HYDRAULIC) | 1 | | | 1 |
| 17 | OT MOBILE LIGHT | 1 | | | 1 |
| 18 | OXYGEN CONCENTRATOR | 6 | | | 6 |
| 19 | RADIANT BABY WARMER | 1 | | | 1 |
| 20 | SEMI AUTO ANALYZER | 1 | | | 1 |
| 21 | SUCTION MACHINE | 1 | | | 1 |
| 22 | SURGICAL ELECTRIC CAUTERY | 1 | | | 1 |
| 23 | X RAY MACHINE-100mA (RADIOLOGY) | 2 | | | 2 |
| **GRAND TOTAL** | | **34** | **1** | **1** | **36** |

| STATUS OF BIOMEDICAL EQUIPMETS -CHC BHAINI MIAN KHAN (GURDASPUR) | | | |
|---|---|---|---|
| Sr No | Device Name | WORKING | Grand Total |
| 1 | AUTOCLAVE-SMALL VERTICAL | 2 | 2 |
| 2 | BOYLES APPARATUS | 1 | 1 |
| 3 | DEEP FREEZER-20 | 1 | 1 |
| 4 | DENTAL CHAIR UNIT | 1 | 1 |
| 5 | DENTAL X-RAY MACHINE | 1 | 1 |
| 6 | ELECTRIC CENTRIFUGE TABLE TOP | 1 | 1 |
| 7 | HOT AIR OVEN | 1 | 1 |
| 8 | ICE LINING REFRIGERATOR | 2 | 2 |
| 9 | OPERATION TABLE (HYDRAULIC) | 1 | 1 |
| 10 | OT MOBILE LIGHT | 2 | 2 |
| 11 | OXYGEN CONCENTRATOR | 6 | 6 |
| 12 | ROTAR/SHAKER (VDRL) | 1 | 1 |
| 13 | SEMI AUTO ANALYZER | 1 | 1 |
| 14 | SUCTION MACHINE | 2 | 2 |
| 15 | X RAY MACHINE-300mA (RADIOLOGY) | 1 | 1 |
| GRAND TOTAL | | 24 | 24 |

**1000/Gurpreet kaur/BS khokhar**

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਰ, ਮੇਰੀ ਬੇਨਤੀ ਇਸ ਤਰ੍ਹਾਂ ਹੈ ਕਿ ਮੇਰਾ ਇਹ ਸਵਾਲ ਆਨਰੇਬਲ ਹੈਲਥ ਮਨਿਸਟਰ ਸਾਹਿਬ ਨੂੰ ਮਿਤੀ 28 ਨਵੰਬਰ, 2023 ਨੂੰ ਕੀਤਾ ਗਿਆ ਸੀ। ਮੈਂ ਆਪਣੇ ਹਲਕੇ ਦੇ ਸਾਰੇ ਹਸਪਤਾਲਾਂ ਯਾਨੀ ਕਿ ਪੰਜ ਸੀ.ਐਚ.ਸੀ. ਕਾਦੀਆਂ, ਕਾਹਨੂੰਵਾਨ, ਭੈਣੀ ਮੀਏ ਖਾਂ, ਧਾਰੀਵਾਲ ਤੇ ਕੋਟ ਸੰਤੋਖ ਰਾਏ ਸਬੰਧੀ ਦੱਸਿਆ ਸੀ ਕਿ ਇਨ੍ਹਾਂ ਵਿੱਚ ਡਾਕਟਰਾਂ ਦੀ ਅਵੇਲੇਬਿਲਟੀ ਨਹੀਂ ਹੈ, ਮਸ਼ੀਨਾਂ ਦੀ ਅਵੇਲੇਬਿਲਟੀ ਨਹੀਂ ਹੈ, ਸਟਾਫ ਦੀ ਅਵੇਲੇਬਿਲਟੀ ਨਹੀਂ ਹੈ। ਇਹ

ਸਟਾਫ ਬਹੁਤ ਹੀ ਜ਼ਿਆਦਾ ਘੱਟ ਹੈ। ਇਨ੍ਹਾਂ ਨੇ ਮੈਨੂੰ ਹੀ ਨਹੀਂ ਬਲਕਿ ਉਸ ਸਮੇਂ ਸਾਰੇ ਹਾਊਸ ਨੂੰ ਇਹ ਐਸ਼ੋਰੈਂਸ ਦਿੱਤੀ ਸੀ ਕਿ before Parliament elections ਇਹ ਸਾਰੀਆਂ ਪੋਸਟਾਂ ਅਤੇ ਹਰੇਕ ਤਰ੍ਹਾਂ ਦੀ ਮਸ਼ੀਨਰੀ ਅਵੇਲੇਬਲ ਕਰਵਾ ਦਿੱਤੀ ਜਾਵੇਗੀ ਅਤੇ ਅਪਡੇਟ ਕਰ ਦਿੱਤੀ ਜਾਵੇਗੀ ਪਰ ਸਰ, ਹੁਣ ਤਕਰੀਬਨ 10 ਮਹੀਨੇ ਹੋ ਚੁੱਕੇ ਹਨ। ਮੈਂ ਇਸ ਸਬੰਧੀ ਇਨ੍ਹਾਂ ਨੂੰ ਚਿੱਠੀ ਵੀ ਲਿਖੀ ਸੀ ਅਤੇ ਗੁਜ਼ਾਰਿਸ਼ ਕੀਤੀ ਸੀ ਕਿ ਤੁਸੀਂ ਕਿਰਪਾ ਕਰਕੇ ਮੇਰਾ ਹਲਕਾ ਵਿਜ਼ਟ ਕਰੋ ਅਤੇ ਮੈਂ ਤੁਹਾਨੂੰ welcome ਵੀ ਕਰਾਂਗਾ ਕਿਉਂਕਿ ਇਹ ਮੇਰੇ ਅੱਛੇ ਦੋਸਤ ਵੀ ਹਨ। ਇਹ ਉੱਥੇ ਆ ਨਹੀਂ ਸਕੇ। ਹੁਣ ਵੀ 10-11 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਜਿਹੜਾ ਇਸ ਸਮੇਂ ਜਵਾਬ ਆਇਆ ਹੈ, ਉਸ ਵਿੱਚ ਇਨ੍ਹਾਂ ਨੇ ਖੁਦ ਤਸਲੀਮ ਕੀਤਾ ਹੈ ਕਿ ਮੇਰੇ ਹਲਕੇ ਵਿੱਚ 50 ਹੈਲਥ ਸੈਂਟਰ ਹਨ। ਇਨ੍ਹਾਂ ਹੈਲਥ ਸੈਂਟਰਾਂ ਵਿੱਚ ਟੋਟਲ ਸੈਂਕਸ਼ਨਡ ਪੋਸਟਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ 287 ਪੋਸਟਾਂ ਹਨ। ਇਸ ਟਾਈਮ ਇਨ੍ਹਾਂ ਵਿੱਚੋਂ 174 ਭਰੀਆਂ ਹੋਈਆਂ ਹਨ ਅਤੇ 113 ਖਾਲੀ ਹਨ। ਤੁਸੀਂ ਸਮਝੋ ਕਿ ਇਸ ਸਮੇਂ ਵੀ 45% ਪੋਸਟਾਂ ਖਾਲੀ ਪਈਆਂ ਹਨ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਨਾ ਤਾਂ ਉੱਥੇ ਕੋਈ ਸਪੈਸ਼ਲਿਸਟ ਹੈ ਅਤੇ ਇਸ ਤੋਂ ਇਲਾਵਾ 4-5 ਡਾਕਟਰ ਕੱਲ੍ਹ ਹੀ ਟਰਾਂਸਫਰ ਆਊਟ ਕਰ ਦਿੱਤੇ ਗਏ ਹਨ। ਮੇਰੀ ਬੇਨਤੀ ਇੰਨੀ ਹੈ ਕਿ ਮੈਂ ਤੁਹਾਨੂੰ ਦੋ ਸੈਂਟਰਾਂ ਬਾਰੇ ਦੱਸਣਾ ਚਾਹੁੰਦਾ ਹਾਂ। ਜਿਵੇਂ ਕਿ ਮੇਰਾ ਹਲਕਾ ਕਾਦੀਆਂ ਹੀ ਹੈ....

**ਮਾਣਯੋਗ ਸਪੀਕਰ :** ਬਾਜਵਾ ਜੀ, ਸਵਾਲ ਪੁੱਛ ਲਓ ਜੀ। ਬੇਨਤੀ ਕਾਹਨੂੰ ਕਰਨੀ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ ਇਨ੍ਹਾਂ ਨੂੰ ਇਹੀ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਕਾਦੀਆਂ ਵਿੱਚ 7 ਸੈਂਕਸ਼ਨਡ ਪੋਸਟਾਂ ਹਨ ਅਤੇ 3 ਹੀ ਡਾਕਟਰ ਅਵੇਲੇਬਲ ਹਨ ਅਤੇ 4 ਖਾਲੀ ਪਈਆਂ ਹਨ। ਇਸ ਤਰ੍ਹਾਂ ਬਾਕੀ ਸਟਾਫ ਦੀਆਂ ਪੋਸਟਾਂ ਵਿੱਚ ਸੈਂਕਸ਼ਨਡ ਪੋਸਟਾਂ 8 ਹਨ ਅਤੇ ਦੋ ਭਰੀਆਂ ਹਨ ਅਤੇ 6 ਪੋਸਟਾਂ ਖਾਲੀ ਪਈਆਂ ਹਨ। ਇਨ੍ਹਾਂ ਵਿੱਚ ਕੋਈ ਵੀ ਡਿਜੀਟਲ ਐਕਸਰੇ ਮਸ਼ੀਨ ਅਵੇਲੇਬਲ ਨਹੀਂ ਹੈ। ਇੱਕ ਪੁਰਾਣੇ ਮਾਡਲ ਦੀ ਮਸ਼ੀਨ ਹੀ ਹੈ। ਹੈਲਥ ਮਨਿਸਟਰ ਸਾਹਿਬ, ਮੇਰੀ ਗੁਜ਼ਾਰਿਸ਼ ਇੰਨੀ ਹੈ ਕਿ ਕਿਰਪਾ ਕਰਕੇ ਤੁਸੀਂ ਮੇਰੇ ਹਲਕੇ ਦੇ ਹਸਪਤਾਲਾਂ ਦਾ ਇੱਕ ਵਿਜ਼ਟ ਕਰੋ, ਸਾਰੇ ਹਸਪਤਾਲਾਂ ਦੇ ਵਿੱਚ ਇਹੋ ਪੁਜੀਸ਼ਨ ਹੈ। ਮੈਂ ਇਹ ਨਹੀਂ ਚਾਹੁੰਦਾ ਕਿ ਤੁਹਾਨੂੰ ਇੱਥੇ embarrass ਕੀਤਾ ਜਾਵੇ ਅਤੇ ਤੁਸੀਂ ਉੱਠ ਕੇ ਕੋਈ ਗਲਤ ਐਸ਼ੋਰੈਂਸ ਦੇ ਦਿਓ। ਅਗਲਾ ਹਾਊਸ ਛੇ ਮਹੀਨੇ ਬਾਅਦ ਜੁੜਨਾ ਹੈ ਕਿਤੇ ਕੰਮ ਫਿਰ ਉੱਥੇ ਦਾ ਉੱਥੇ ਹੀ ਨਾ ਰਹਿ ਜਾਵੇ। ਮੇਰੀ ਬੇਨਤੀ ਹੈ ਕਿ ਤੁਸੀਂ ਸਾਡੇ ਦੋਸਤ ਹੋ, ਸਾਡੇ ਸਾਥੀ ਹੋ, ਮੈਂ ਤੁਹਾਡੀ ਇੱਜ਼ਤ ਕਰਦਾ ਹਾਂ। ਕਿਰਪਾ ਕਰਕੇ ਤੁਸੀਂ ਉੱਥੇ ਆਓ। ਜਿਹੜੇ 5 ਵੱਡੇ ਕਮਿਊਨਿਟੀ ਹੈਲਥ ਸੈਂਟਰ ਹਨ, ਉਨ੍ਹਾਂ ਦਾ ਵਿਜ਼ਟ ਕਰੋ। ਇਹ ਤੁਹਾਡੇ ਵਾਸਤੇ ਵੀ ਬੈਟਰ ਹੋਵੇਗਾ ਅਤੇ ਮੇਰੇ ਵਾਸਤੇ ਵੀ ਬੈਟਰ ਹੋਵੇਗਾ।

**ਮਾਣਯੋਗ ਸਪੀਕਰ :** ਬਾਜਵਾ ਜੀ, ਤੁਸੀਂ ਉਨ੍ਹਾਂ ਨੂੰ ਸਲਾਹ ਨਾ ਦਿਓ। ਤੁਸੀਂ ਉਨ੍ਹਾਂ ਨੂੰ ਪੁੱਛੋ ਕਿ ਤੁਸੀਂ ਆਓਗੇ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ ਉਹੀ ਤਾਂ ਪੁੱਛ ਰਿਹਾ ਹਾਂ ਜੀ। ਮੈਂ ਇੰਨੀ ਉਮੀਦ ਤਾਂ ਹੀ ਬੱਝ ਰਿਹਾ ਹਾਂ ਜੀ। ਇਨ੍ਹਾਂ ਨੂੰ ਮਨਾਉਣਾ ਕਿਹੜਾ ਸੌਖਾ ਕੰਮ ਹੈ। ਦੱਸੋ ਜੀ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਬਾਜਵਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਹ ਸਾਡੇ ਵਿੱਚੋਂ ਸਭ ਤੋਂ ਜ਼ਿਆਦਾ ਤਜ਼ਰਬੇਕਾਰ ਪਾਰਲੀਮੈਂਟੇਰੀਅਨ ਹਨ, ਇਹ ਮਨਿਸਟਰ ਵੀ ਰਹੇ ਹਨ ਔਰ ਮੈਂਬਰ ਆਫ ਪਾਰਲੀਮੈਂਟ

ਵੀ ਰਹੇ ਹਨ, ਇਹ ਐਮ.ਐਲ.ਏ. ਵੀ ਬੜੀ ਵਾਰ ਰਹੇ ਹਨ। ਇਨ੍ਹਾਂ ਦਾ ਪਰਿਵਾਰ ਜੱਦੀ-ਪੁਸ਼ਤੀ ਪਾਲਿਟਿਕਸ ਵਿੱਚ ਹੈ, ਇਹ ਇਨ੍ਹਾਂ ਵਿੱਚੋਂ ਨਜ਼ਰ ਵੀ ਆਉਂਦਾ ਹੈ ਜੀ। ਸਰ, ਕਾਦੀਆਂ ਵਿੱਚ ਪੰਜ ਕਮਿਊਨਿਟੀ ਹੈਲਥ ਸੈਂਟਰ ਹਨ। ਜੇਕਰ ਤੁਸੀਂ ਬਾਕੀ ਪੰਜਾਬ ਦੇ ਵਿੱਚ ਝਾਤੀ ਮਾਰੋ ਤਾਂ ਜ਼ਿਲ੍ਹਾ ਬਰਨਾਲਾ ਦੇ ਵਿੱਚ 4 ਕਮਿਊਨਿਟੀ ਹੈਲਥ ਸੈਂਟਰ ਹਨ। ਫਰੀਦਕੋਟ ਜ਼ਿਲ੍ਹੇ ਵਿੱਚ ਤਿੰਨ ਹਨ ਤੇ ਫਤਹਿਗੜ੍ਹ ਸਾਹਿਬ ਵਿੱਚ 5 ਹੈਲਥ ਸੈਂਟਰ ਹਨ। ਮਲੇਰਕੋਟਲਾ ਜ਼ਿਲ੍ਹੇ ਵਿੱਚ ਤਾਂ ਦੋ ਹੀ ਕਮਿਊਨਿਟੀ ਹੈਲਥ ਸੈਂਟਰ ਹਨ। ਪਠਾਨਕੋਟ ਵਿੱਚ 4 ਹੈਲਥ ਸੈਂਟਰ ਹਨ। ਬਾਕੀ ਵੀ ਕਿਤੇ 5 ਹਨ ਅਤੇ ਕਿਤੇ 4 ਹਨ। ਜਿੰਨੇ ਇੱਕ ਜ਼ਿਲ੍ਹੇ ਵਿੱਚ ਹਨ, ਉਸ ਤੋਂ ਵੱਧ ਇਨ੍ਹਾਂ ਦੇ ਕੋਲ ਹਨ। ਸਰ, ਇਨ੍ਹਾਂ ਦੇ 5 ਸੀ.ਐਚ.ਸੀ. ਹਨ, 5 ਐਸ.ਐਮ.ਓ. ਲੱਗੇ ਹੋਏ ਹਨ ਅਤੇ 5 ਦੇ 5 ਹੀ ਹਾਜ਼ਰ ਹਨ। 13 ਪੋਸਟਾਂ ਮੈਡੀਕਲ ਅਫਸਰਾਂ ਦੀਆਂ ਹਨ ਤੇ ਸਾਰੀਆਂ ਭਰੀਆਂ ਹੋਈਆਂ ਹਨ। ਡੈਂਟਲ ਸਰਜਨ ਦੀਆਂ 5 ਵਿੱਚੋਂ 4 ਪੋਸਟਾਂ ਭਰੀਆਂ ਹੋਈਆਂ ਹਨ। ਜਿਹੜੀਆਂ ਸਟਾਫ ਨਰਸਾਂ ਦੀਆਂ ਪੋਸਟਾਂ ਹਨ, ਉਹ 34 ਵਿੱਚੋਂ 32 ਭਰੀਆਂ ਹੋਈਆਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਰ, ਇਹ ਕਿੱਥੋਂ ਦੀਆਂ ਦੱਸ ਰਹੇ ਹਨ?

**ਮਾਣਯੋਗ ਸਪੀਕਰ :** ਤੁਹਾਡੀਆਂ ਹੀ ਦੱਸ ਰਹੇ ਹਨ ਜੀ।

**ਮੰਤਰੀ :** ਸਰ, ਇੰਨੀ ਰੇਸ਼ੋ ਸਾਰੇ ਪੰਜਾਬ ਵਿੱਚ ਨਹੀਂ ਹੈ। ਇਨ੍ਹਾਂ ਕੋਲ ਪੰਜਾਬ ਵਿੱਚੋਂ ਕਿਸੇ ਵੀ ਕਾਂਸਟੀਚੁਐਂਸੀ ਵਿੱਚ ਸਭ ਤੋਂ ਵੱਧ ਸੀ.ਐਚ.ਸੀ. ਹਨ। ਮੈਂ ਕਹਿੰਦਾ ਹਾਂ ਕਿ ਪੂਰੇ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਦੇਸ਼ ਵਿੱਚੋਂ ਸਭ ਤੋਂ ਜ਼ਿਆਦਾ ਇਨ੍ਹਾਂ ਇਕੱਲਿਆਂ ਦੇ ਕੋਲ 5 ਸੀ.ਐਚ.ਸੀ. ਹਨ। ਬਾਕੀ ਸਾਰੇ ਪਾਸੇ ਦੋ ਦੋ ਹੀ ਹਨ। ਸਰ, ਮੈਂ ਐਨ.ਐਚ.ਐਮ. ਵਿੱਚੋਂ ਵੀ ਇਨ੍ਹਾਂ ਨੂੰ 45 ਬੰਦੇ ਦਿੱਤੇ ਹਨ। ਮੈਂ neglect ਨਹੀਂ ਕਰਦਾ। ਬਾਜਵਾ ਸਾਹਿਬ, ਤੁਹਾਡੇ ਕੋਲ 148 ਇਕੁਪਮੈਂਟ ਹਨ, ਸਾਰੇ ਹੀ ਵਰਕਿੰਗ ਵਿੱਚ ਹਨ। ਤੁਹਾਡੇ ਕੋਲ ਇੱਕ ਜ਼ਿਲ੍ਹੇ ਨਾਲੋਂ ਵੱਧ ਕਮਿਊਨਿਟੀ ਹੈਲਥ ਸੈਂਟਰ ਹਨ। ਸਰ, ਬੇਨਤੀ ਇਹ ਹੈ ਕਿ ਮੈਂ ਬਾਜਵਾ ਸਾਹਿਬ ਨੂੰ ਇਹ ਕਹਿ ਸਕਦਾ ਹਾਂ ਕਿ ਤੁਹਾਡੇ 5 ਦੇ 5 ਐਸ.ਐਮ.ਓ. ਲੱਗੇ ਹੋਏ ਹਨ, ਡਾਕਟਰ ਵੀ ਲੱਗੇ ਹੋਏ ਹਨ। ਜਿਹੜੀ ਤੁਹਾਡੇ ਕੋਲ ਸਪੈਸ਼ਲਿਸਟ ਦੀ ਸ਼ਾਰਟੇਜ ਹੈ, ਉਹ ਅਸੀਂ ਪੂਰੀ ਕਰਾਂਗੇ। ਅਸੀਂ ਭਰਤੀ ਕਰ ਰਹੇ ਹਾਂ। ਮੈਂ ਇਸ ਤੇ ਵੀ ਆ ਰਿਹਾ ਹਾਂ, ਉਹ ਜਵਾਬ ਵੀ ਸੁਣ ਲਓ ਜੀ।

**1005/Rajneet Kaur/BS khokhar**

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਿਹਤ ਮੰਤਰੀ ਸਾਹਿਬ, ਇਸ ਤਰ੍ਹਾਂ ਹੈ ਕਿ ਬਹਿਸ ਕਰਦੇ ਆਪਾਂ ਚੰਗੇ ਨਹੀਂ ਲਗਦੇ। You are a very senior.

**ਮੰਤਰੀ**: ਸਰ, ਮੈਂ ਤਾਂ ਡਾਟਾ ਦੇ ਰਿਹਾ ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਡਾਟਾ ਗਲਤ ਹੈ। ਜੇ ਮੈਂ ਇਹ ਕਹਾਂ ਕਿ ਜੋ ਤੁਸੀਂ ਇੱਥੇ ਡਾਟਾ ਦੇ ਰਹੇ ਹੋ, you are misleading the house.

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਆਪਣਾ ਜਵਾਬ ਜਾਰੀ ਰੱਖੋ।

**ਮੰਤਰੀ**: ਸਰ, ਮੇਰੇ ਆਫਿਸਰਜ਼ ਬੈਠੇ ਹਨ ਜੀ, ਉਹ ਸਾਰੇ ਜ਼ਿੰਮੇਵਾਰ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਇਨ੍ਹਾਂ ਨਾਲ ਬਹਿਸ ਵਿੱਚ ਪੈਣਾ ਨਹੀਂ ਚਾਹੁੰਦਾ ਸੀ because whatever he is saying in the House, he is trying to mislead the House. This is totally incorrect.

**ਮੰਤਰੀ**: ਸਰ, ਇਹ ਡਾਟਾ ਗੁਰਦਾਸਪੁਰ ਤੋਂ authenticate ਕਰਕੇ ਮੰਗਵਾਇਆ ਗਿਆ ਹੈ ਜੀ। ਮੇਰੇ ਆਫੀਸਰਜ਼ ਇੱਥੇ ਬੈਠੇ ਹੋਏ ਹਨ ਜੀ। ਸਾਰੀ ਟੀਮ ਨੇ ਪਹਿਲਾਂ ਇਹ ਡਾਟਾ ਬਣਾਇਆ ਫਿਰ ਇਸ ਨੂੰ ਕਾਊਂਟਰ ਚੈੱਕ ਕੀਤਾ ਗਿਆ। ਇਸ ਤਰ੍ਹਾਂ 3-3 ਵਾਰੀ ਚੈੱਕ ਕਰਕੇ ਇਹ ਡਾਟਾ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਇਸ ਤਰ੍ਹਾਂ ਕਰਿਓ ਤੁਸੀਂ ਇਹ ਡਾਟਾ ਬਾਜਵਾ ਜੀ ਨੂੰ written ਵਿੱਚ ਭੇਜ ਦਿਓ ਤੇ ਇਹ ਰੀਕੰਸਾਈਲ ਕਰਵਾ ਲੈਣਗੇ। ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੈਂ ਰੀਕੰਸਾਈਲ ਕਰਵਾ ਚੁੱਕਾ ਹਾਂ ਜੀ। ਸਾਡੇ ਵੀ ਬੰਦੇ ਉੱਥੇ ਹਰ ਜਗ੍ਹਾ ਰਹਿੰਦੇ ਹਨ ਜੀ। ਮੇਰੀ ਇੱਕੋ ਗੁਜ਼ਾਰਿਸ਼ ਹੈ, kindly ਮੰਤਰੀ ਜੀ, ਉੱਥੇ ਵਿਜ਼ਿਟ ਕਰ ਲੈਣ। ਵਿਜ਼ਿਟ ਕਰਨ ਵਿੱਚ ਕਿੰਨੀ ਕੁ ਵੱਡੀ ਪ੍ਰਾਬਲਮ ਹੈ?

**ਮੰਤਰੀ**: ਸਰ, ਮੈਂ ਆ ਜਾਵਾਂਗਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ ਕਦੋਂ ਆਵੋਗੇ?

**ਮਾਣਯੋਗ ਸਪੀਕਰ**: ਆ ਜਾਣਗੇ ਜੀ, ਹੁਣ ਇਸ ਤਰ੍ਹਾਂ ਨਾ ਕਰੋ। ਠੀਕ ਹੈ ਬਾਜਵਾ ਸਾਹਿਬ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਕੋਈ ਇੱਕ ਅੱਧੇ ਮਹੀਨੇ ਦਾ ਟਾਈਮ ਤਾਂ ਦੇ ਦੇਵੋ। ਘੱਟੋ-ਘੱਟ ਇੱਕ assurance ਤਾਂ ਦੇ ਦੇਵੋ।

**ਮਾਣਯੋਗ ਸਪੀਕਰ**: ਉਹ ਆ ਜਾਣਗੇ ਜੀ। ਉਨ੍ਹਾਂ ਨੇ ਕਹਿ ਦਿੱਤਾ ਹੈ।

**ਮੰਤਰੀ**: ਸਰ, ਆ ਜਾਵਾਂਗੇ ਜੀ। ਬਹੁਤ ਜਲਦੀ ਆਵਾਂਗੇ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ ਮੇਰੀ ਬੇਨਤੀ ਹੈ ਜੀ, ਜਦੋਂ ਤੱਕ ਤੁਹਾਡਾ ਪਰਸਨਲ ਕੰਮ ਹੈ, ਉਦੋਂ ਤੁਸੀਂ ਕਹਿੰਦੇ ਹੋ ਕਿ ਹੁਣੇ ਆਰਡਰ ਪਾਸ ਕਰੋ। ਸਾਨੂੰ ਇਹ ਕੋਈ ਡੇਟ ਤਾਂ ਦੇਣ।

**ਮਾਣਯੋਗ ਸਪੀਕਰ**: ਉਨ੍ਹਾਂ ਨੇ ਕਹਿ ਦਿੱਤਾ ਹੈ, ਪਲੀਜ਼।

**ਮੰਤਰੀ**: ਸਰ, ਮੈਂ ਤੁਹਾਨੂੰ ਸਾਰਾ ਡਾਟਾ ਦੇ ਰਿਹਾ ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਡਾਟੇ ਤੋਂ ਮੈਂ ਕੀ ਲੈਣਾ ਹੈ ਜੀ। ਅੱਧੀ ਟਰਮ ਟੱਪ ਚੁੱਕੀ ਹੈ, ਝੂਠੇ ਡਾਟੇ ਦੇ ਰਹੇ ਹਨ।

**ਮੰਤਰੀ**: ਜਦੋਂ ਆਵਾਂਗਾ ਤਾਂ ਤੁਹਾਨੂੰ ਦੱਸ ਕੇ ਆਵਾਂਗਾ। ਜਲਦੀ ਆਵਾਂਗਾ। ਬਹੁਤ ਜਲਦੀ ਆਵਾਂਗਾ।

**ਮਾਣਯੋਗ ਸਪੀਕਰ**: ਜੀ। ਥੈਂਕ ਯੂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜਲਦੀ ਆਵੋਗੇ। ਲੈ ਲਈਏ assurance ਫਿਰ।

**ਮੰਤਰੀ**: ਸਰ, ਮੈਂ ਅਖੀਰ ਵਿੱਚ ਇੱਕ ਗੱਲ ਕਹਿਣੀ ਹੈ ਜੀ।

**ਮਾਣਯੋਗ ਸਪੀਕਰ**: ਜੀ।

**ਮੰਤਰੀ**: ਇਨ੍ਹਾਂ ਨੂੰ ਜੋ ਕੁਝ ਵੀ ਮਿਲਿਆ ਹੋਇਆ ਹੈ ਜੀ, ਬਾਜਵਾ ਸਾਹਿਬ ਮੈਂ ਤੁਹਾਡੇ ਲਈ ਇੱਕੋ ਗੱਲ ਕਹਿੰਦਾ ਹਾਂ ਜੀ:

लाखों खुअहिशें ऐसी , हर ख्याहिश पे दम निकले

बहुत निकले मेरे अरमान, फिर भी कम् निकले

**ਮਾਣਯੋਗ ਸਪੀਕਰ**: ਵਾਹ, ਕਿਆ ਬਾਤ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਸੁੱਕੀ ਸ਼ਾਇਰੋ-ਸ਼ਾਇਰੀ ਨਾਲ ਹੀ ਕੰਮ ਚਲਾ ਦਿੱਤਾ ਨਾ ਉੱਥੇ ਕੋਈ ਡਾਕਟਰ ਨਾ ਕੋਈ ਮਸ਼ੀਨ। ਚਲੋ ਮੈਂ ਇਨ੍ਹਾਂ ਦੀ assurance ਤੇ ਇੱਕ ਵਾਰ ਫਿਰ wait ਕਰ ਲੈਂਦਾ ਹਾਂ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਡਾਕਟਰ ਇੰਦਰਬੀਰ ਸਿੰਘ ਨਿੱਜਰ।

**ਡਾਕਟਰ ਇੰਦਰਬੀਰ ਸਿੰਘ ਨਿੱਜਰ**: ਸਰ, ਮੈਂ ਸਵਾਲ ਤੋਂ ਪਹਿਲਾਂ ਇਸ ਸ਼ੇਅਰ ਦਾ ਅਗਲਾ ਸ਼ੇਅਰ ਬੋਲਦਾ ਹਾਂ।

निकलना खुल्द (heaven) से आदम का सुनते आये थे लेकिन

बड़े बेआबरू हो के तेरे कूचे से हम निकले

**ਮਾਣਯੋਗ ਸਪੀਕਰ**: (ਹੱਸਦੇ ਹੋਏ।) ਤੇਰਾ ਭਲਾ ਹੋਵੇ। ਅਗਲਾ ਸਵਾਲ, ਡਾਕਟਰ ਇੰਦਰਬੀਰ ਸਿੰਘ ਨਿੱਜਰ।

_________

## ਵੇਰਕਾ ਬੂਥ ਖੋਲ੍ਹਣਾ

***1239. ਡਾਕਟਰ ਇੰਦਰਬੀਰ ਸਿੰਘ ਨਿੱਜਰ**:ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਵੇਰਕਾ ਦੁੱਧ ਦੀ ਵੱਧ ਤੋਂ ਵੱਧ ਸਪਲਾਈ ਕਰਨ ਲਈ ਵੇਰਕਾ ਬੂਥਾਂ ਦੀ ਮਾਤਰਾ ਵਧਾਉਣ ਲਈ ਸਰਕਾਰ ਦਾ ਕੋਈ ਉਪਬੰਧ ਹੈ; ਤਾ ਨਵੇਂ ਬੂਥ ਹੋਲਡਰਾਂ ਦੀ ਸਿਲੈੱਕਸ਼ਨ ਦਾ ਕੀ ਕ੍ਰਾਈਟੇਰੀਆ ਹੈ;

ਅ) ਇਸ ਤੋਂ ਇਲਾਵਾ ਮਾਰਕੀਟ ਵਿੱਚ ਦੁੱਧ ਦੀ ਵਿਕਰੀ ਕਰਨ ਲਈ ਹੋਂਦ ਵਿੱਚ ਆਈਆਂ ਕਈ ਪ੍ਰਾਈਵੇਟ ਕੰਪਨੀਆਂ ਨੂੰ ਕਾਉਂਟਰ ਕਰਨ ਅਤੇ ਵੇਰਕਾ ਦੁੱਧ ਦੀ ਵਿਕਰੀ ਵਧਾਉਣ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਬਲਕਾਰ ਸਿੰਘ**: (ੳ) ਹਾਂ ਜੀ। ਨਵੇਂ ਬੂਥ ਹੋਲਡਰਾਂ ਦੀ ਚੋਣ ਸਬੰਧੀ ਕ੍ਰਾਈਟੇਰੀਆ ਅਨੁਲੱਗ-'ੳ'** ਤੇ ਰੱਖਿਆ ਜਾਂਦਾ ਹੈ।

(ਅ) ਦੁੱਧ ਦੀ ਵਿਕਰੀ ਨੂੰ ਵਧਾਉਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਵੇਰਵਾ ਅਨੁਲੱਗ-'ਅ'** ਤੇ ਰੱਖਿਆ ਜਾਂਦਾ ਹੈ ।

**1010/Kuldeep kaur/Rajneesh kumar**

**1015/Pawan sharma/Rajneesh kumar**

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਸੀਂ ਨਵੇਂ ਬੂਥ ਅਲਾਟ ਕਰਨੇ ਹਨ, ਉਹ ਸਾਨੂੰ ਵੱਡੀ ਮਾਤਰਾ ਵਿੱਚ ਅਲਾਟ ਕਰਨੇ ਚਾਹੀਦੇ ਹਨ। ਦੂਸਰੀ ਗੱਲ ਇਹ ਹੈ ਕਿ ਪਿਛਲੇ ਸਮਿਆਂ ਦੌਰਾਨ ਜਿਹੜੇ ਪਹਿਲਾਂ ਤੋਂ ਹੀ ਚੰਗੇ ਭਲੇ ਲੋਕ ਹੁੰਦੇ ਸਨ, ਉਹ ਬੂਥ ਲੈ ਲੈਂਦੇ ਸਨ। ਇਹ ਬੂਥ ਸਾਨੂੰ ਗਰੀਬਾਂ ਨੂੰ ਦੇਣੇ ਚਾਹੀਦੇ ਹਨ ਚਾਹੇ ਨਿੱਕੀਆਂ ਨਿੱਕੀਆਂ ਸੁਸਾਇਟੀਆਂ ਬਣਾ ਕੇ ਦਿੱਤੇ ਜਾਣ ਤਾਂ ਕਿ ਇਹ ਫਾਇਦਾ ਦੂਰ ਦੂਰ ਤੱਕ ਪਹੁੰਚ ਸਕੇ। ਇਸ ਦੇ ਨਾਲ ਹੀ ਮੈਂ ਇਹ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਬੂਥ ਥੋੜ੍ਹੇ ਵੱਡੇ ਹੋਣ। ਸਾਡੇ ਕੋਲ ਇੰਨੇ ਹਸਪਤਾਲ, ਸਕੂਲ, ਰੇਲਵੇ ਸਟੇਸ਼ਨ ਹਨ ਰੇਲਵੇ ਸਟੇਸ਼ਨ ਤਾਂ ਸਾਡੇ ਨਹੀਂ, ਪਰ ਸਾਡੇ ਕੋਲ ਬੱਸ ਸਟੈਂਡ 150 ਤੋਂ ਉਪਰ ਹਨ। ਸੋ, ਸਾਡੇ ਕੋਲ ਬਹੁਤ ਸਾਰੀਆਂ ਪਬਲਿਕ ਥਾਵਾਂ ਹਨ, ਜਿੱਥੇ ਅਸੀਂ ਇਹ ਬੂਥ ਬੜੀ ਅਰਾਮ ਨਾਲ ਦੇ ਸਕਦੇ ਹਾਂ। ਇਸ ਗੱਲ ਵੱਲ ਥੋੜ੍ਹਾ ਧਿਆਨ ਦਿੱਤਾ ਜਾਵੇ। ਕਰਾਇਟੀਰੀਆ ਇਸ ਤਰ੍ਹਾਂ ਦਾ ਬਣਾਇਆ ਜਾਵੇ ਕਿ ਵੱਡੇ ਬੰਦੇ ਇਸ ਦਾ ਫਾਇਦਾ ਨਾ ਲੈ ਸਕਣ ਅਤੇ ਛੋਟੇ ਬੰਦਿਆਂ ਤੱਕ ਇਸ ਦਾ ਫਾਇਦਾ ਪਹੁੰਚੇ।

---

** Placed in the Revisor Branch.

** Placed in the Revisor Branch.

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਮੈਂ ਦੂਜੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਰਨਾਟਕਾ ਵਿੱਚ ਨੰਦਿਨੀ ਦੁੱਧ ਹੈ ਤਾਂ ਉੱਥੇ ਅਮੁਲ ਵਾਲਿਆਂ ਨੇ ਜਾਣ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੇ ਕਿਸਾਨਾਂ ਨੂੰ ਸਬਸਿਡੀ ਦੇ ਕੇ ਉਨ੍ਹਾਂ ਦਾ ਬੜਾ ਸਟੈਂਡ ਲਿਆ ਸੀ ਅਤੇ ਅਮੁਲ ਵਾਲਿਆਂ ਦੇ ਪੈਰ ਨਹੀਂ ਲੱਗਣ ਦਿੱਤੇ ਗਏ। ਮੈਂ ਇਹ ਨਹੀਂ ਕਹਿੰਦਾ ਕਿ ਪ੍ਰਾਈਵੇਟਾਈਜ਼ ਨੂੰ ਅਲਾਓ ਨਹੀਂ ਕਰਨਾ ਚਾਹੀਦਾ ਪਰ ਜਿੱਥੇ ਸਾਡੀ ਸਟਰੈਂਥ ਹੈ, ਵੇਰਕਾ ਅੱਜ ਦੀ ਥੋੜ੍ਹੀ ਹੈ, ਜਦੋਂ ਅਸੀਂ ਨਿੱਕੇ ਨਿੱਕੇ ਹੁੰਦੇ ਸੀ, ਉਦੋਂ ਤੋਂ ਅਸੀਂ ਵੇਰਕਾ ਦਾ ਦੁੱਧ ਪੀਂਦੇ ਆ ਰਹੇ ਹਾਂ। ਸੋ, ਇਹ ਸਾਡੀ ਤਾਕਤ ਹੈ, ਸਾਨੂੰ ਇਸ ਨੂੰ ਵਧਾਉਣਾ ਚਾਹੀਦਾ ਹੈ। ਔਰ ਜਿਵੇਂ ਦੁੱਧ ਦੀ ਪ੍ਰੋਡਕਸ਼ਨ ਵੱਧ ਜਾਂਦੀ ਹੈ ਤਾਂ ਅਮੁਲ ਵਾਲੇ ਦੁੱਧ ਦਾ ਰੇਟ ਘਟਾ ਦਿੰਦੇ ਹਨ ਅਤੇ ਇਸ ਤਰ੍ਹਾਂ ਸਾਰਾ ਖਰਚਾ ਸਾਡੇ ਸਿਰ ਤੇ, ਸਰਕਾਰ ਦੇ ਸਿਰ ਤੇ ਪੈ ਜਾਂਦਾ ਹੈ, ਸਾਨੂੰ ਵੀ ਇਸ ਤਰ੍ਹਾਂ ਦਾ ਸਿਸਟਮ ਬਣਾਉਣਾ ਚਾਹੀਦਾ ਹੈ ਕਿ ਜਿਵੇਂ ਕਰਨਾਟਕਾ ਨੇ ਲੜਾਈ ਲੜੀ ਹੈ, ਪੰਜਾਬ ਸਰਕਾਰ, ਸਾਡੇ ਬਿਊਰੋਕਰੇਟਸ ਅਤੇ ਮਨਿਸਟਰਜ਼ ਸਾਹਿਬਾਨ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ adulteration ਜਿੰਨੀ ਦੁੱਧ ਵਿੱਚ ਹੈ, ਓਨੀ ਕਿਧਰੇ ਹੋਰ ਨਹੀਂ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਵੈਸੇ ਤਾਂ ਪ੍ਰਸ਼ਨ ਕਾਲ ਬੜਾ ਸੈਕਰਡ ਹੁੰਦਾ ਹੈ ਲੇਕਿਨ ਜਿਹੜੀ ਤੁਸੀਂ ਇਹ ਗੱਲ ਕੀਤੀ ਹੈ, ਬੜੀ ਅੱਛੀ ਗੱਲ ਕੀਤੀ ਹੈ। ਸ਼੍ਰੀ ਪੰਡੇਰ ਹਨ, ਉਹ ਵੀ ਇਸੇ ਇੰਡਸਟਰੀ ਵਿੱਚ ਕੰਮ ਕਰਦੇ ਹਨ, ਉਹ ਕੁਝ ਦਿਨ ਪਹਿਲਾਂ ਮੇਰੇ ਕੋਲ ਆਏ, ਉਨ੍ਹਾਂ ਨੇ ਕਿਹਾ ਕਿ ਆਪਣੇ ਦੁੱਧ ਦੀ ਸ਼ੈਲਫ ਲਾਈਫ ਬਹੁਤ ਘੱਟ ਹੈ। ਜਿਹੜੀ ਥੋੜ੍ਹੀ ਬਹੁਤ ਹੁੰਦੀ ਹੈ, ਉਹ additive ਨਾਲ ਬਣਦੀ ਹੈ। ਉਹ ਕਹਿੰਦੇ ਕਿ without adding anything in the milk, ਆਪਾਂ ਸਾਲ, ਡੇਢ ਸਾਲ ਸ਼ੈਲਫ ਲਾਈਫ ਕਰ ਸਕਦੇ ਹਾਂ। ਸੋ, ਮੈਂ ਇਸ ਸਬੰਧੀ ਡਿਪਾਰਟਮੈਂਟ ਨੂੰ ਵੀ ਦੱਸਿਆ ਹੈ। ਇਸ ਸੋਭੇ ਨਾਲ ਅਸੀਂ ਪੰਜਾਬ ਨੂੰ ਬਿਲਕੁਲ ਰੰਗਲਾ ਪੰਜਾਬ ਬਣਾ ਸਕਦੇ ਹਾਂ। Thank you, Thank you very much.

(ਇਸ ਸਮੇਂ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਸੀ. ਐਮ. ਸਾਹਿਬ ਤਾਂ ਹਾਊਸ ਵਿੱਚ ਨਹੀਂ ਹਨ। He is not here. He can't give assurance on his part. ਪਲੀਜ਼ ਬੈਠੋ, ਬੈਠੋ।

------

## ਸੁਹੇਲੇਵਾਲਾ ਮਾਈਨਰ ਦਾ ਸਟੇਟਸ

***1208. ਸ਼੍ਰੀ ਜਗਦੀਪ ਕੰਬੋਜ ਗੋਲਡੀ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲਾਲਾਬਾਦ ਹਲਕੇ ਵਿੱਚ ਸੁਹੇਲੇਵਾਲਾ ਮਾਈਨਰ ਦਾ ਸਟੇਟਸ ਕੀ ਹੈ ਅਤੇ ਇਹ ਮਾਈਨਰ ਕਦੋਂ ਤੱਕ ਕੰਪਲੀਟ ਕਰ ਲਈ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸੁਹੇਲੇਵਾਲਾ ਮਾਈਨਰ ਦੀ ਕੁੱਲ ਲੰਬਾਈ ਬੁਰਜੀ 0-45800 ਹੈ। ਇਹ ਮਾਈਨਰ ਬੁਰਜੀ 0-10930 ਤੱਕ ਮੌਕੇ ਤੇ ਚਲ ਰਹੀ ਹੈ। ਇਸ ਮਾਈਨਰ ਦੀ ਬੁਰਜੀ 10930-45800 ਤੱਕ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਮਿਤੀ 15 ਸਤੰਬਰ 2024 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸ੍ਰੀ ਜਗਦੀਪ ਕੰਬੋਜ ਗੋਲਡੀ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਸਾਲ 1985 ਵਿੱਚ ਤਕਰੀਬਨ 39 ਸਾਲ ਪਹਿਲਾਂ ਇਸ ਨਹਿਰ ਦਾ ਸਰਵੇ ਹੋਇਆ ਸੀ। ਤਿੰਨ ਵਾਰੀ ਨੀਂਹ ਪੱਥਰ ਰੱਖੇ ਗਏ ਪਰ ਕੰਮ ਸ਼ੁਰੂ ਨਹੀਂ ਕੀਤਾ ਗਿਆ। ਹੁਣ ਜਦੋਂ ਆਪਣੀ ਸਰਕਾਰ ਆਈ ਤਾਂ ਦੂਜੇ ਮਹੀਨੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਮਾਣਯੋਗ ਜਿੰਪਾ ਜੀ, ਜਿਨ੍ਹਾਂ ਕੋਲ ਮਹਿਕਮਾ ਸੀ, ਨੂੰ ਹੁਕਮ ਕੀਤੇ ਕਿ ਇਹ ਨਹਿਰ ਬਣਾਉਣੀ ਹੈ। ਇੱਕੋ ਦਿਨ ਵਿੱਚ ਹੀ ਪੈਸੇ ਅਲਾਟ ਕਰ ਦਿੱਤੇ ਗਏ। ਇਸ ਦੇ ਨਾਲ ਹੀ ਜੌੜਾਮਾਜਰਾ ਸਾਹਿਬ ਦਾ ਵੀ ਧੰਨਵਾਦ ਹੈ, ਜਿਨ੍ਹਾਂ ਨੇ ਪਿਛਲੇ ਮਹੀਨੇ ਮੀਟਿੰਗ ਕਰਕੇ 02 ਮਹੀਨੇ ਵਿੱਚ ਨਹਿਰ ਕੰਪਲੀਟ ਕਰਨ ਸਬੰਧੀ ਅਲਟੀਮੇਟਮ ਦੇ ਦਿੱਤਾ ਹੈ। ਇਹ ਨਹਿਰ 40 ਪਿੰਡਾਂ ਨੂੰ ਲੱਗਣੀ ਹੈ। ਸੋ, ਮੈਂ ਵਿਧਾਨ ਸਭਾ ਵਿੱਚ ਸਮੁੱਚੀ ਸਰਕਾਰ ਦਾ, ਸਮੁੱਚੇ ਮੰਤਰੀ ਸਾਹਿਬਾਨ ਦਾ, ਤੁਹਾਡੇ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਸਾਡੇ ਹਲਕਾ, ਜੋ ਕਿ ਬਾਰਡਰ ਏਰੀਏ ਤੇ ਸਥਿਤ ਹੈ ਅਤੇ ਅਸੀਂ ਟੇਲਾਂ ਤੇ ਰਹਿੰਦੇ ਹਾਂ, ਜਿੱਥੇ ਨਹਿਰੀ ਪਾਣੀ ਨਹੀਂ ਆਉਂਦਾ ਸੀ, ਇੱਕ ਵੱਡਾ ਉਪਰਾਲਾ ਕੀਤਾ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਇੱਕ ਗੱਲ ਹੋਰ ਹੈ ਕਿ ਉਸ ਨਹਿਰ ਦਾ ਨੀਂਹ ਪੱਥਰ, ਸ਼੍ਰੋਮਣੀ ਅਕਾਲ ਦਲ ਦੇ ਜਿਹੜੇ ਪ੍ਰਧਾਨ ਹਨ, ਦੋ ਵਾਰੀ ਉਨ੍ਹਾਂ ਨੇ ਰੱਖੇ। ਉਸ ਤੋਂ ਬਾਅਦ ਜਿਹੜੇ ਪੁਰਾਣੇ ਐਮ.ਐਲ.ਏ. ਸਨ, ਉਨ੍ਹਾਂ ਨੇ ਵੀ ਰੱਖੇ, ਪਰ ਕੁਝ ਨਹੀਂ ਹੋਇਆ, ਇਸ ਲਈ ਤੁਹਾਡੇ ਸਾਰਿਆਂ ਦਾ ਧੰਨਵਾਦ।

**ਮਾਣਯੋਗ ਸਪੀਕਰ:** ਸਵਾਲ ਤੇ ਰਿਹਾ ਕਰੋ। ਬੈਠੋ ਜੀ, ਬੈਠੋ।

------

## ਵੇਚੀ ਗਈ ਸ਼ਾਮਲਾਤ ਜ਼ਮੀਨ ਦੀ ਸਰਕਾਰੀ ਏਜੰਸੀ ਤੋਂ ਜਾਂਚ ਕਰਵਾਉਣਾ

***1210. ਸ੍ਰੀ ਗੁਰਲਾਲ ਘਨੌਰ**: ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਘਨੌਰ ਦੇ ਬਲਾਕ ਸੰਭੂ ਕਲਾਂ, ਸੇਹਰਾ, ਸੇਹਰੀ, ਆਕੜੀ, ਪਬਰਾ ਅਤੇ ਤਖਤੂ ਮਾਜਰਾ ਵਿੱਚ ਅੰਮ੍ਰਿਤਸਰ ਕਲੱਕਤਾ ਏਕੀਕ੍ਰਿਤ ਕੋਰੀਡੋਰ ਪ੍ਰੋਜੈਕਟ (AKICP) ਤੇ ਬਣਾਏ ਜਾਣ ਵਾਲੇ ਲਾਂਘੇ ਲਈ ਸ਼ਾਮਲਾਤ ਜ਼ਮੀਨ ਦੀ ਵਿਕਰੀ ਤੋਂ ਬਾਅਦ ਪ੍ਰਾਪਤ ਹੋਈ ਰਕਮ ਦੀ ਜਾਂਚ ਸਰਕਾਰੀ ਏਜੰਸੀ ਦੁਆਰਾ ਕੀਤੀ ਗਈ ਸੀ,

ਅ) ਕੀ ਇਹ ਡਾਇਰੈਕਟਰ ਪੰਚਾਇਤ ਦੁਆਰਾ ਵਸੂਲ ਕੀਤਾ ਗਿਆ ਹੈ ਜੇਕਰ ਹਾਂ ਤਾਂ ਕਿੰਨੀ ਰਕਮ ਵਸੂਲੀ ਗਈ ਹੈ

ੲ) ਇਸ ਤੋਂ ਇਲਾਵਾ ਉਕਤ ਘਪਲੇ ਵਿੱਚ ਸ਼ਾਮਿਲ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ, ਵੇਰਵੇ ਪ੍ਰਦਾਨ ਕੀਤੇ ਜਾਣ।

**ਸਰਦਾਰ ਲਾਲਜੀਤ ਸਿੰਘ ਭੁੱਲਰ:** ਸ੍ਰੀਮਾਨ ਜੀ,

ੳ) ਹਾਂ ਜੀ l

ਅ) ਨਹੀਂ ਜੀ l

ੲ) ਉਕਤ ਘਪਲੇ ਵਿੱਚ ਸ਼ਾਮਿਲ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਅਧੀਨ ਚਾਰਜਸ਼ੀਟਾਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਸਾਰੀਆਂ ਵਿਰੁੱਧ ਸ੍ਰੀ ਜਸਪਾਲ ਸਿੰਘ, ਪੀ.ਸੀ.ਐਸ (ਰਿਟਾਇਰਡ) ਪਾਸ ਵਿਭਾਗੀ ਪੜਤਾਲ ਲਗਾਈ ਜਾ ਚੁੱਕੀ ਹੈ।

**1015/Pawan sharma/Rajneesh kumar**

**10.20/ਜਸਪਾਲ/3.9.24/ਮੋਨਿਕਾ**

**ਸ੍ਰੀ ਗੁਰਲਾਲ ਘਨੌਰ**: ਬਹੁਤ ਬਹੁਤ ਧੰਨਵਾਦ ਜੀ। ਮੰਤਰੀ ਸਾਹਿਬ, ਇਸ ਵਿਚ ਦੋ ਤਿੰਨ ਗੱਲਾਂ ਹਨ, ਇੱਕ ਤਾਂ ਮੇਰੇ 85-90 ਪਿੰਡ ਜਿਹੜੇ ਹਨ ਉਹ ਤਕਰੀਬਨ ਡਿਵੈਲਪਮੈਂਟ ਤੋਂ ਬੰਦ ਪਏ ਹਨ। ਆਪਣੀ ਸਰਕਾਰ ਬਣੀ ਨੂੰ ਸਮਾਂ ਢਾਈ ਸਾਲ ਦਾ ਹੋ ਚੱਲਿਆ ਹੈ। ਇਕ ਤਾਂ ਜਿਹੜੇ ਜਿਹੜੇ ਬੰਦਿਆਂ ਨੇ ਘਪਲਾ ਕੀਤਾ ਸੀ, ਉਨ੍ਹਾਂ ਦੇ ਉਤੇ ਜਿਹੜੇ ਆਪਾਂ ਐਕਸ਼ਨ ਲਏ ਹਨ ਕਿਉਂਕਿ ਇਹ 1104 ਏਕੜ ਜ਼ਮੀਨ ਐਕੁਆਇਰ ਹੋਈ ਸੀ ਅਤੇ 375 ਕਰੋੜ ਰੁਪਏ ਪੰਚਾਇਤਾਂ ਤੇ ਕਾਸ਼ਤਕਾਰਾਂ ਨੂੰ ਪੈਸੇ ਮਿਲੇ ਸੀ। ਇਸ ਵਿਚ ਗਲਤ ਕਾਸ਼ਤਕਾਰ ਖੜ੍ਹੇ ਕੀਤੇ ਗਏ, ਉਨ੍ਹਾਂ ਨੇ ਗਲਤ ਨਾਵਾਂ ਦੇ ਉਤੇ ਪੈਸੇ ਪੁਆਏ। ਦੂਜਾ ਇਸ ਵਿੱਚ ਬਲਾਕ ਸ਼ੰਭੂ ਦੇ ਕੁਝ ਮੁਲਾਜ਼ਮਾਂ ਦੀ ਮਿਲੀਭੁਗਤ ਸੀ ਤੇ ਕੁਝ ਪੈਸੇ ਜਿਹੜੇ ਠੇਕੇਦਾਰ ਨੂੰ ਗਏ ਸੀ। ਮੈਂ ਜਾਨਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਉਤੇ ਆਪਾਂ ਹੁਣ ਤੱਕ ਕਿੰਨੀ ਕਾਰਵਾਈ ਕੀਤੀ ਹੈ, ਰਿਕਵਰੀ ਆਪਾਂ ਉਨ੍ਹਾਂ ਤੋਂ ਕਿੰਨੀ ਕਰ ਲਈ ਹੈ? ਬਾਕੀ ਰਹਿੰਦੀ ਜਿਹੜੀ ਕਾਰਵਾਈ ਹੈ ਉਹ ਆਪਾਂ ਕਦੋਂ ਤੱਕ ਕਰ ਦਿਆਂਗੇ? ਇਹ ਪਲੀਜ਼ ਮੈਨੂੰ ਜ਼ਰੂਰ ਦੱਸ ਦਿੱਤਾ ਜਾਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਿਹੜੇ ਇਸ ਵਿਚ ਦੋਸ਼ੀ ਅਫਸਰ ਸਨ ਉਨ੍ਹਾਂ ਉਤੇ ਕਾਰਵਾਈ ਹੋ ਗਈ ਹੈ, ਉਹ ਸਸਪੈਂਡ ਹਨ, ਬਾਕੀ ਜਿਹੜੇ ਉਥੋਂ ਸਾਡੇ ਬਲਾਕ ਅਫਸਰ ਹਨ, ਉਨ੍ਹਾਂ ਨੇ ਡੀ.ਸੀ. ਸਾਹਿਬ ਨੂੰ ਵੀ ਲਿਖ ਕੇ ਭੇਜ ਦਿੱਤਾ ਕਿ ਇਨ੍ਹਾਂ ਤੋਂ ਰਿਕਵਰੀ ਕੀਤੀ ਜਾਵੇ। ਹੁਣ ਅੱਗੇ ਡੀ.ਸੀ.ਸਾਹਿਬ ਨੂੰ ਕਹਿ ਕੇ ਜਿਹੜੇ ਜਿਹੜੇ ਬੰਦਿਆਂ ਦੇ ਗਲਤ ਢੰਗ ਨਾਲ ਪੈਸੇ ਪਏ ਹਨ ਉਨ੍ਹਾਂ ਉਤੇ ਕਾਰਵਾਈਆਂ ਵੀ ਹੋਈਆਂ ਤੇ ਉਨ੍ਹਾਂ ਤੋਂ ਪੈਸੇ ਵੀ ਰਿਕਵਰ ਕੀਤੇ ਜਾਣਗੇ। ਡੀ.ਸੀ. ਸਾਹਿਬ ਲਿਖ ਕੇ ਭੇਜਣਗੇ।

**ਸ੍ਰੀ ਗੁਰਲਾਲ ਘਨੌਰ**: ਮਾਣਯੋਗ ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਆਪਾਂ ਰਿਕਵਰੀ ਕਿੰਨੀ ਕਰ ਲਈ ਹੈ ਤੇ ਕਿੰਨਿਆਂ ਤੇ ਆਪਾਂ ਲਿਖ ਕੇ ਭੇਜੀ ਹੈ।

**ਮੰਤਰੀ**: ਸਪੀਕਰ ਸਾਹਿਬ, ਰਿਕਵਰੀ ਮੈਂ ਦੱਸ ਦਿੱਤਾ ਹੈ ਕਿ ਅਜੇ ਹੋਈ ਨਹੀਂ। ਰਿਕਵਰੀ ਡੀ.ਸੀ.ਸਾਹਿਬ ਕਰਨਗੇ, ਸਾਡੇ ਵਲੋਂ ਡੀ.ਸੀ.ਸਾਹਿਬ ਨੂੰ ਲਿਖ ਕੇ ਭੇਜ ਦਿੱਤਾ ਗਿਆ ਹੈ, ਡੀ.ਸੀ.ਸਾਹਿਬ ਰਿਕਵਰੀ ਕਰਨਗੇ।

**ਸ਼੍ਰੀ ਗੁਰਲਾਲ ਘਨੌਰ**: ਆਪਾਂ ਕਿੰਨੇ ਪੈਸਿਆਂ ਦੀ ਲਿਖ ਕੇ ਭੇਜੀ ਹੈ? ਤੁਹਾਡੇ ਮਹਿਕਮੇ ਦੇ ਕਿੰਨੇ ਪੈਸੇ ਦੀ ਲਿਖ ਕੇ ਭੇਜੀ ਹੈ?

**ਮੰਤਰੀ**: ਜਿੰਨੀ ਟੋਟਲ ਰਿਕਵਰੀ ਪਈ ਹੈ ਜੀ..

**ਸ਼੍ਰੀ ਗੁਰਲਾਲ ਘਨੌਰ**: ਕਿੰਨੀ ਪਈ ਹੈ?

**ਮਾਣਯੋਗ ਸਪੀਕਰ**: ਉਹ ਤੁਹਾਨੂੰ ਦੱਸ ਦੇਣਗੇ ।

**ਸ਼੍ਰੀ ਗੁਰਲਾਲ ਘਨੌਰ**: ਨਹੀਂ ਜੀ। ਮੇਰੀ ਹੱਥ ਜੋੜ ਕੇ ਬੇਨਤੀ ਇਹ ਹੈ ਕਿ ਮੇਰੇ ਕੋਲ ਦੋ ਬਲਾਕ ਹਨ, ਇਕ ਪਾਸੇ ਸਤਿਕਾਰਯੋਗ ਕਿਸਾਨਾਂ ਦਾ ਧਰਨਾ ਲੱਗਾ ਹੈ, ਦੂਜੇ ਪਾਸੇ ਮੇਰੇ 90 ਪਿੰਡ ਹਨ। ਮੰਤਰੀ ਸਾਹਿਬ ਕੋਲ ਮੈਂ ਦੋ ਚਾਰ ਵਾਰੀ ਜਾ ਵੀ ਆਇਆ ਹਾਂ । ਮੇਰੇ 90 ਪਿੰਡਾਂ ਵਿਚ ਇੱਕ ਵੀ ਇੱਟ ਹੁਣ ਤੱਕ ਨਹੀਂ ਲੱਗੀ..

**ਮੰਤਰੀ**: ਇਸ ਦੀ ਇਨਕੁਆਰੀ ਐਸ.ਐਸ.ਪੀ. ਵਿਜੀਲੈਂਸ ਪਟਿਆਲਾ ਵਲੋਂ ਕੀਤੀ ਗਈ ਹੈ, ਜਿੰਨੇ ਵੀ ਪੈਸੇ ਹਨ ਉਹ ਸਾਰੀ ਰਿਕਵਰੀ ਉਨ੍ਹਾਂ ਬੰਦਿਆਂ ਨੂੰ ਪੈ ਗਈ ਹੈ, ਜਿਹੜੇ ਬੰਦੇ ਵਿਚ ਦੋਸ਼ੀ ਹੋਣਗੇ ਉਨ੍ਹਾਂ ਤੋਂ ਰਿਕਵਰੀ ਕੀਤੀ ਜਾਵੇਗੀ...

**ਮਾਣਯੋਗ ਸਪੀਕਰ**: ਗੁਰਲਾਲ ਜੀ, ਤੁਸੀਂ ਬੈਠੋ। ਮੰਤਰੀ ਜੀ, ਇਹ ਕਹਿੰਦੇ ਹਨ ਕਿ ਉਸ ਦਾ ਕੋਈ ਆਪਣੇ ਕੋਲ ਰਿਕਵਰੀ ਦਾ ਅਮਾਊਂਟ ਹੈ ਜਾਂ ਨਹੀਂ । ਜੇ ਹੁਣ ਤੁਹਾਡੇ ਕੋਲ ਹੈਂਡੀ ਨਹੀਂ ਹੈ ਤਾਂ ਇਨ੍ਹਾਂ ਨੂੰ ਭਿਜਵਾ ਦਿਉ।

**ਸ਼੍ਰੀ ਗੁਰਲਾਲ ਘਨੌਰ**: ਸਰ, ਮੈਂ ਇੱਕ ਰਿਕੁਐਸਟ ਕਰਦਾ ਹਾਂ ਕਿ ਇਸ ਨੂੰ ਕੁਝ ਸਮਾਂ ਬੱਧ ਕਰ ਦਿਉ। ਜੇ ਅੱਜ ਨਹੀਂ ਹੈ ਤਾਂ 10 ਦਿਨ, ਪੰਜ ਦਿਨ ਨੂੰ, ਮਹੀਨੇ ਨੂੰ ਉਦੋਂ ਤੱਕ ਮੈਨੂੰ ਪੂਰਾ ਦੱਸ ਦਿਉ।

**ਮਾਣਯੋਗ ਸਪੀਕਰ**: ਸੋ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਸਾਰੀ ਇਨਫਰਮੇਸ਼ਨ ਦੇ ਦਿਉ ਜੀ।

**ਮੰਤਰੀ** : ਬਿਲਕੁਲ ਜਲਦੀ ਕਰ ਦਿਆਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

---------------

**ਕਸਬਾ ਮਮਦੋਟ ਦੇ ਪਿੰਡ ਚੱਕ ਬੀਰ ਦੇ ਜੰਗਲ ਦੀ ਫੈਂਸਿੰਗ ਕਰਨਾ ਅਤੇ ਇਸ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨਾ**

*** 1262 ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਿਰੋਜ਼ਪੁਰ ਦਿਹਾਤੀ ਕਸਬਾ ਮਮਦੋਟ ਦੇ ਪਿੰਡ ਚੱਕ ਬੀਰ ਵਿੱਚ ਕਰੀਬ 800 ਏਕੜ ਰਕਬੇ ਵਿੱਚ ਫੈਲਿਆ ਹੋਇਆ ਜੰਗਲ ਹੈ ਜਿਸ

ਵਿੱਚ 25 ਮਈ 2023 ਨੂੰ ਫੇਰੀ ਦੌਰਾਨ ਮੰਤਰੀ ਜੀ ਵੱਲੋਂ ਕੰਡੀਲੀ ਤਾਰ ਦੀ ਫੈਂਸਿੰਗ ਲਈ ਨੀਂਹ ਪੱਥਰ ਰੱਖਿਆ ਸੀ; ਉਹ ਫੈਂਸਿੰਗ ਦਾ ਕੰਮ ਅਧੂਰਾ ਪਿਆ ਹੈ, ਜਿਸ ਕਰਕੇ ਜੰਗਲ ਦੀਆਂ ਨੀਲ ਗਾਵਾਂ ਅਤੇ ਹੋਰ ਜੰਗਲੀ ਜਾਨਵਰਾਂ ਕਰਕੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ ਖਰਾਬ ਹੋ ਰਹੀਆਂ ਹਨ; ਇਹ ਫੈਂਸਿੰਗ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ਅਤੇ ਕੀ ਇਸ ਜੰਗਲ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

**ਸ੍ਰੀ ਲਾਲ ਚੰਦ**: ਸ੍ਰੀ ਮਾਨ ਜੀ, ਹਾਂ ਜੀ, ਹਲਕਾ ਫਿਰੋਜਪੁਰ ਦਿਹਾਤੀ ਕਸਬਾ ਮਮਦੋਟ ਦੇ ਪਿੰਡ ਚੱਕ ਬੀੜ ਵਿੱਚ ਜੰਗਲੀ ਜਾਨਵਰਾਂ ਤੋ ਕਿਸਾਨਾਂ ਦੀਆਂ ਫਸਲਾਂ ਨੂੰ ਹੋ ਰਹੇ ਨੁਕਸਾਨ ਦੇ ਮੱਦੇ ਨਜਰ ਇਸ ਜੰਗਲ ਦੇ ਉਨ੍ਹੇ ਹਿੱਸੇ ਨੂੰ ਜਿੱਥੇ ਜੰਗਲੀ ਜਾਨਵਰਾਂ ਤੋਂ ਜਿਆਦਾ ਨੁਕਸਾਨ ਹੁੰਦਾ ਹੈ, ਨੂੰ ਫੈਸਿੰਗ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਮੰਤਵ ਲਈ ਸਾਲ 2024-25 ਵਿੱਚ 2.8 ਕਿਲੋਮੀਟਰ ਫੈਸਿੰਗ ਕਰਨ ਦੀ ਤਜਵੀਜ ਪ੍ਰਾਪਤ ਹੋਈ ਹੈ। ਇਸ ਫੈਂਸਿੰਗ ਦਾ ਕੁੱਝ ਹਿੱਸਾ ਇਸ ਸਾਲ ਵਿੱਚ ਅਤੇ ਬਾਕੀ ਫੈਂਸਿੰਗ ਅਗਲੇ ਵਿੱਤੀ ਸਾਲ ਵਿੱਚ ਮੁਕੰਮਲ ਕਰ ਲਈ ਜਾਵੇਗੀ। ਇਸ ਤੋ ਇਲਾਵਾ ਇਸ ਸਮੇ ਉਕਤ ਜੰਗਲ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਮੰਤਰੀ ਸਾਹਿਬ ਆਪ ਉਥੇ ਵਿਜ਼ਿਟ ਕਰਕੇ ਗਏ ਸੀ। ਸਰ, ਜਿਹੜਾ ਚੱਕ ਬੀਰ ਜੰਗਲ ਹੈ, ਉਹ ਲੱਗਭਗ 800 ਤੋਂ 1000 ਏਕੜ ਦੇ ਵਿਚ ਹੈ । ਉਥੇ ਜੰਗਲੀ ਜਾਨਵਰ ਵੀ ਬਹੁਤ ਹਨ। ਅਸੀਂ ਤੇ ਮੰਤਰੀ ਸਾਹਿਬ ਸਾਰਿਆਂ ਨੇ ਉਥੇ ਕਾਫੀ ਡੀਪਲੀ ਵਿਜ਼ਿਟ ਕੀਤੀ ਸੀ । ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਨ੍ਹਾਂ ਨੂੰ ਇਹ ਗੁਜ਼ਾਰਿਸ਼ ਕਰਾਂਗਾ ਕਿ ਜਿਹੜਾ ਇਹ ਪ੍ਰਾਜੈਕਟ ਹੈ, ਇਸ ਨੂੰ ਸਮਾਂ-ਬੱਧ ਕਰਕੇ ਇਸ ਨੂੰ ਜਲਦ ਤੋਂ ਜਲਦ ਕੰਪਲੀਟ ਕਰਵਾਇਆ ਜਾਵੇ। ਸਰ, ਦੂਜਾ ਇਹ ਹੈ ਕਿ ਪੰਜਾਬ ਸਰਕਾਰ, ਮਾਣਯੋਗ ਸੀ.ਐਮ.ਸਾਹਿਬ ਦੀ ਅਗਵਾਈ ਹੇਠ ਟੂਰਿਜ਼ਮ ਨੂੰ ਵਧਾਉਣ ਵਾਸਤੇ ਅਸੀਂ ਬਹੁਤ ਸਾਰੀਆਂ ਪਾਸੀਬਿਲਟੀਜ਼ ਨੂੰ ਫਾਈਂਡ ਆਊਟ ਕਰ ਰਹੇ ਹਾਂ। ਸਰ, ਜਿਹੜਾ ਚੱਕ ਬੀਰ ਜੰਗਲ ਹੈ ਉਹ ਇੰਡੀਆ ਪਾਕਿਸਤਾਨ ਬਾਰਡਰ ਉਤੇ ਬਿਲਕੁਲ ਜ਼ੀਰੋ ਲਾਈਨ ਤੇ ਹੈ। ਮੇਰਾ ਖਿਆਲ ਹੈ ਕਿ ਜੇ ਮੈਂ ਮੈਕਸੀਮਮ ਕਹਾਂ ਤਾਂ ਉਥੋਂ ਪਾਕਿਸਤਾਨ ਮਹਿਜ਼ 100-150 ਮੀਟਰ ਦੇ ਉਤੇ ਹੈ..

**ਮਾਣਯੋਗ ਸਪੀਕਰ**: ਸਵਾਲ ਪੁੱਛੋ ਜੀ।

**1020/Jaspal Singh/Monika sharma**

**1025/Beant kaur**

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਇਹ ਸਵਾਲ ਦਾ ਪਾਰਟ ਹੀ ਹੈ।

**ਮਾਣਯੋਗ ਸਪੀਕਰ** : ਮੇਰਾ ਕਹਿਣ ਦਾ ਭਾਵ ਹੈ, be brief and crisp.

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਮੈਂ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਾਂਗਾ ।

**ਮਾਣਯੋਗ ਸਪੀਕਰ** : ਰਿਕੁਐਸਟ ਨਹੀਂ ਕਰਨੀ, ਸਵਾਲ ਪੁੱਛੋ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਮੇਰਾ ਸਵਾਲ ਲੱਗਿਆ ਹੋਇਆ ਹੈ ਪਰ ਮੰਤਰੀ ਜੀ ਨੇ ਜਵਾਬ ਨਹੀਂ ਦਿੱਤਾ। ਹੁਣ ਇਹ ਮੇਰੀ ਸਪਲੀਮੈਂਟਰੀ ਹੈ।

**ਮਾਣਯੋਗ ਸਪੀਕਰ** : ਤੁਸੀਂ ਕੀ ਸਵਾਲ ਪੁੱਛਣਾ ਚਾਹੁੰਦੇ ਹੋ?

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਮੇਰਾ ਸਵਾਲ ਇਹ ਸੀ ਕਿ ਕੀ ਸਰਕਾਰ ਚੱਕ ਬੀਰ ਦੀ ਸੈਰ ਸਪਾਟੇ ਦੀ ਹੱਬ ਵਜੋਂ ਡਿਵੈਲਪ ਕਰਨ ਦੀ ਕੋਈ ਤਜਵੀਜ਼ ਹੈ? ਇਨ੍ਹਾਂ ਦਾ ਜਵਾਬ ਆਇਆ ਹੈ ਕਿ ਫਿਲਹਾਲ ਕੋਈ ਨਹੀਂ ਹੈ। ਮੈਂ ਸਰਕਾਰ ਨੂੰ ਅਤੇ ਸਾਡੇ ਸੈਰ ਸਪਾਟਾ ਮੰਤਰੀ, ਮੈਡਮ ਅਨਮੋਲ ਗਗਨ ਮਾਨ ਜੀ ਬੈਠੇ ਹਨ, ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ।

**ਮਾਣਯੋਗ ਸਪੀਕਰ** : ਤੁਸੀਂ ਰਿਕੁਐਸਟ ਮਿਲ ਕੇ ਕਰ ਲੈਣਾ, ਹੁਣ ਬੈਠ ਜਾਓ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਇਕ ਵਾਰ ਉਸ ਜੰਗਲ ਦਾ ਵਿਜ਼ਟ ਕਰੋ। ਤੁਸੀਂ ਦੇਖੋ ਕਿ ਉਥੇ ਸਾਡੇ ਕੋਲ ਟੂਰਿਜ਼ਮ ਦਾ ਬਹੁਤ ਸਕੋਪ ਹੈ।

**ਮਾਣਯੋਗ ਸਪੀਕਰ** : ਦਹੀਯਾ ਸਾਹਿਬ, ਬੈਠੋ। ਸਮਾਂ ਬੜਾ ਘੱਟ ਹੁੰਦਾ ਹੈ, ਇਸ ਨੂੰ ਜੁਡੀਸ਼ੀਅਲੀ ਯੂਜ਼ ਕਰਨਾ ਹੈ। ਸ੍ਰੀ ਅਵਤਾਰ ਜੂਨੀਅਰ ਜੀ, ਦੱਸੋ ਕੀ ਕਹਿਣਾ ਹੈ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਮਾਣਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੱਕ ਬੀਰ ਵਿੱਚ ਪਿਛਲੇ ਢਾਈ ਸਾਲਾਂ ਵਿੱਚ ਫਾਰੈਸਟ ਡਿਪਾਰਟਮੈਂਟ ਨੇ ਕਿਹੜੇ ਕਿਹੜੇ ਬੂਟਿਆਂ ਦੀ ਉਥੇ ਪਲਾਂਟੇਸ਼ਨ ਕੀਤੀ ਹੈ? ਉਥੇ ਇਸ ਵਕਤ ਕਿਹੜੇ ਕਿਹੜੇ ਜਾਨਵਰ ਮੌਜੂਦ ਹਨ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ? ਇਸ ਫੈਂਸਿੰਗ ਨਾਲ ਕਿਤੇ encroachment on Bir land ਤਾਂ ਨਹੀਂ ਹੈ, ਜੋ ਕਿ private hands ਵਿੱਚ ਹੈ।

**ਮੰਤਰੀ** : ਸਪੀਕਰ ਸਾਹਿਬ, ਇਸ ਜੰਗਲ ਵਿੱਚ ਕਿੱਕਰ, ਟਾਹਲੀ, ਸਫੈਦੇ ਆਦਿ ਕਈ ਕਿਸਮ ਦੇ ਰਵਾਇਤੀ ਬੂਟੇ ਹਨ। ਜਿਹੜਾ ਇਨ੍ਹਾਂ ਦਾ ਦੂਜਾ ਸਵਾਲ ਹੈ, ਉਹ ਵੱਖਰਾ ਹੈ।

**ਮਾਣਯੋਗ ਸਪੀਕਰ** : ਠੀਕ ਹੈ, ਤੁਸੀਂ ਬਾਅਦ ਵਿੱਚ ਇਨ੍ਹਾਂ ਨੂੰ ਡਿਟੇਲ ਦੇ ਦਿਓ। Thank you.

**ਮੰਤਰੀ** : ਠੀਕ ਹੈ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਮੈਂ ਪਲਾਂਟੇਸ਼ਨ ਬਾਰੇ ਪੁੱਛਿਆ ਹੈ ਜੀ।

**ਮਾਣਯੋਗ ਸਪੀਕਰ** : ਹੋ ਗਿਆ ਜੀ। ਨੈਕਸਟ ਸਵਾਲ।

-----------

**ਐਡਵਾਂਸ ਕੈਂਸਰ ਹਸਪਤਾਲ ਬਠਿੰਡਾ ਵਿਖੇ ਨਿਊਕਲੀਅਰ ਮੈਡੀਸਨ ਉਪਕਰਨਾਂ ਦੀ ਘਾਟ ਪੂਰੀ ਕਰਨਾ**

***1251. ਸਰਦਾਰ ਜਗਰੂਪ ਸਿੰਘ ਗਿੱਲ:**ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਇਹ ਠੀਕ ਹੈ ਕਿ ਕੀ ਇਹ ਠੀਕ ਹੈ ਕਿ ਐਡਵਾਂਸ ਕੈਂਸਰ ਹਸਪਤਾਲ ਬਠਿੰਡਾ ਵਿਖੇ ਨਿਊਕਲੀਅਰ ਮੈਡੀਸਨ ਨਾਲ ਸਬੰਧਤ ਪੂਰਾ ਬੁਨਿਆਦੀ ਢਾਂਚਾ ਅਤੇ ਬੰਕਰਸ ਉਪਲਬਧ ਹਨ, ਪ੍ਰੰਤੂ ਨਿਊਕਲੀਅਰ ਮੈਡੀਸਨ ਦੇ ਉਪਕਰਨਾਂ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਕਿ ਇਨ੍ਹਾਂ ਦੀ ਖਰੀਦ ਲਈ ਫੰਡ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ** : ਹਾਂ ਜੀ, ਐਡਵਾਂਸਡ ਕੈਂਸਰ ਹਸਪਤਾਲ, ਬਠਿੰਡਾ ਵਿਖੇ ਬੁਨਿਆਦੀ ਢਾਂਚਾ ਉਪਲਬਧ ਹੈ ਅਤੇ ਇੱਥੇ ਨਿਊਕਲੀਅਰ ਮੈਡੀਸਨ ਦੇ ਉਪਕਰਨਾਂ ਦੀ ਘਾਟ ਹੈ। ਇਨ੍ਹਾਂ ਦੀ ਖਰੀਦ ਲਈ ਫੰਡ ਮੁਹੱਈਆ ਕਰਵਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਪ੍ਰਸਤਾਵ ਨਹੀਂ ਹੈ।

ਮਾਣਯੋਗ ਸਪੀਕਰ ਸਾਹਿਬ, ਜਿਹੜੇ ਇਕਵਿਪਮੈਂਟ ਦੀ ਇਹ ਗੱਲ ਕਰਦੇ ਹਨ, ਇਹ ਸਾਰੇ ਆਟੋਮਿਕ ਐਨਰਜੀ ਨਾਲ ਰਿਲੇਟਿਡ ਹਨ। ਆਟੋਮਿਕ ਐਨਰਜੀ ਬੋਰਡ ਦੀਆਂ ਬੜੀਆਂ ਸਟ੍ਰਿੰਜੈਂਟ ਕੰਡੀਸ਼ਨਜ਼ ਹਨ ਕਿ ਸਭ ਤੋਂ ਪਹਿਲਾਂ ਸਾਡੇ ਕੋਲ ਨਿਊਕਲੀਅਰ ਫਿਜੀਸਟ, ਨਿਊਕਲੀਅਰ ਸਾਇੰਟਿਸਟ ਹੋਣੇ ਚਾਹੀਦੇ ਹਨ ਅਤੇ ਇਕ ਸੇਫਟੀ ਅਫਸਰ ਹੋਣਾ ਚਾਹੀਦਾ ਹੈ। ਅਸੀਂ ਪਟਿਆਲਾ ਅਤੇ ਅੰਮ੍ਰਿਤਸਰ ਵਿੱਚ ਇਹ ਯੂਨਿਟ ਲਗਾ ਰਹੇ ਹਾਂ। ਅਸੀਂ ਇਨ੍ਹਾਂ ਵਾਸਤੇ 7 ਵਾਰ ਐਡਵਰਟਾਈਜ਼ਮੈਂਟ ਦੇ ਚੁੱਕੇ ਹਾਂ ਪਰੰਤੂ ਉਨ੍ਹਾਂ ਵਾਸਤੇ ਸਾਨੂੰ ਹਾਲੇ ਤੱਕ ਨਿਊਕਲੀਅਰ ਫਿਜੀਸਟ ਨਹੀਂ ਮਿਲੇ ਹਨ। ਇਹ ਇਕਵਿਪਮੈਂਟ ਬਹੁਤ ਮਹਿੰਗੀ ਹੈ। ਇਸ ਸਬੰਧੀ ਅਸੀਂ ਕੇਸ ਫਾਈਨਾਂਸ ਡਿਪਾਰਟਮੈਂਟ ਨੂੰ ਵੀ ਭੇਜਿਆ ਸੀ, ਉਨ੍ਹਾਂ ਦੀ ਵੀ ਇਹੀ ਰਾਏ ਸੀ। ਸਾਡਾ ਸੰਗਰੂਰ ਅਤੇ ਮੁੱਲਾਂਪੁਰ ਵਿੱਚ ਕੈਂਸਰ ਹਸਪਤਾਲ ਹੈ, ਜਿਹੜਾ ਭਾਬਾ ਆਟੋਮਿਕ ਐਨਰਜੀ ਨਾਲ ਕੋਲੈਬੋਰੇਸ਼ਨ ਵਿੱਚ ਚਲਦਾ ਹੈ, ਉਥੇ ਸਾਡੇ ਕੋਲ ਇਕਵਿਪਮੈਂਟ ਹੈ। ਜਿੱਥੇ ਸਾਡੇ ਕੋਲ ਸਟਾਫ ਹੈ, ਉਸ ਕਾਰਨ ਅਸੀਂ ਸੋਚਿਆ ਕਿ ਪਹਿਲਾਂ ਪਟਿਆਲਾ ਅਤੇ ਅੰਮ੍ਰਿਤਸਰ ਵਿੱਚ ਲਗਾ ਲਈਏ। ਬਾਕੀ ਜਗ੍ਹਾ ਤੇ ਕੰਡੀਸ਼ਨਜ਼ ਫੁਲਫਿਲ ਨਹੀਂ ਹੁੰਦੀਆਂ ਕਿਉਂਕਿ ਇਹ ਜਿਹੜਾ ਰੇਡੀਏਸ਼ਨ ਵਾਲਾ ਪੀਰੀਅਡ ਹੈ it's weapons-grade. ਉਸ ਦੇ ਲਈ ਜਿੰਨੀ ਦੇਰ ਸਾਡੇ ਕੋਲ ਸੇਫਟੀ ਅਫਸਰ ਜਾਂ ਸੇਫਟੀ ਪ੍ਰੋਟੋਕੋਲ ਨਹੀਂ ਹੁੰਦੇ, ਉਨੀ ਦੇਰ ਤੱਕ equipment ਖਰੀਦਣ ਲਈ ਅਲਾਓ ਨਹੀਂ ਹੋ ਸਕਦਾ। It is not permitted by the Atomic Energy Regulatory Board.

**Mr. Speaker** : Thank you.

-------------

**ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ ਰੋਪੜ ਦੀ ਸਾਂਭ ਸੰਭਾਲ**

***1256. ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ ਰੋਪੜ ਜੋ ਕਿ ਪ੍ਰੋਟੈਕਟੇਡ ਮੋਨੂਮੇਂਟ ਹਨ, ਦੀ ਸਾਂਭ ਸੰਭਾਲ ਲਈ ਪੰਜਾਬ ਐਂਸੀਐਂਟ ਅਤੇ ਹਿਸਟੋਰੀਕਲ ਮੋਨੂਮੇਂਟ ਐਕਟ ਤਹਿਤ ਕੋਈ ਕਾਰਵਾਈ ਕੀਤੀ ਗਈ ਹੈ;

(ਅ) ਇਨ੍ਹਾਂ ਸਥਾਨਾਂ ਤੋਂ ਮਿਲੀਆਂ ਐਂਟੀਕ ਨਿਸ਼ਾਨੀਆਂ ਕਿੱਥੇ ਅਤੇ ਕਿਸ ਦੇ ਕਬਜੇ ਵਿੱਚ ਹਨ;

(ੲ) ਇਨ੍ਹਾਂ ਸਥਾਨਾਂ ਦੀਆਂ ਕੁੱਲ ਜਮੀਨਾਂ ਦੇ ਵੇਰਵੇ ਦਿੱਤੇ ਜਾਣ ਅਤੇ ਦੱਸਿਆ ਜਾਵੇ ਕਿ ਕੀ ਇਹ ਜਮੀਨਾਂ ਵਿਭਾਗ ਦੇ ਕਬਜੇ ਹੇਠ ਹਨ ਕਿ ਨਹੀਂ?

**ਸ਼੍ਰੀਮਤੀ ਅਨਮੋਲ ਗਗਨ ਮਾਨ** :

(ੳ) ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ, ਰੋਪੜ ਜੋ ਕਿ ਇਸ ਵਿਭਾਗ ਦੇ ਸੁਰੱਖਿਅਤ ਸਮਾਰਕ ਹਨ, ਦੀ ਸਾਂਭ ਸੰਭਾਲ ਲਈ ਵਿਭਾਗ ਵੱਲੋਂ ਇੱਕ-ਇੱਕ ਕਰਮਚਾਰੀ ਤੈਨਾਤ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਵਿਖੇ ਹੋਣ ਵਾਲੇ ਕੰਮਾਂ ਦਾ ਅੰਦਾਜ਼ਨ 6.08 ਕਰੋੜ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ, ਜੋ ਕਿ ਵਿਚਾਰ ਅਧੀਨ ਹੈ। ਇਸ ਸਬੰਧੀ ਦੱਸਣਾ ਯੋਗ ਹੈ ਕਿ ਇਹ ਕੰਮ ਕੰਸਲਟੈਂਟ ਨਿਯੁਕਤ ਹੋਣ ਅਤੇ ਫੰਡ ਉਪਲਬੱਧ ਹੋਣ ਉਪਰੰਤ ਕਰਵਾਏ ਜਾ ਸਕਦੇ ਹਨ।

(ਅ) ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ, ਆਸਰੋਂ ਅਤੇ ਮਕਬਰਾ ਜਮਾਲ ਖਾਨ ਛੋਟੀ ਹਵੇਲੀ ਰੋਪੜ ਤੋਂ ਕਿਸੇ ਤਰ੍ਹਾਂ ਦੀਆਂ ਕੋਈ ਐਟੀਂਕ ਨਿਸ਼ਾਨੀਆਂ ਨਹੀਂ ਮਿਲੀਆਂ ਸਨ।

(ੲ) ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਦਾ ਕੁੱਲ ਰਕਬਾ 63 ਕਨਾਲ 2 ਮਰਲੇ ਹੈ ਅਤੇ ਇਹ ਜਮੀਨ ਵਿਭਾਗ ਦੇ ਕਬਜੇ ਹੇਠ ਹੈ। ਇਸ ਤੋਂ ਇਲਾਵਾ ਮਕਬਰਾ ਜਮਾਨ ਖਾਨ ਛੋਟੀ ਹਵੇਲੀ ਰੋਪੜ ਦਾ ਕੁੱਲ ਰਕਬਾ 02 ਕਨਾਲ 09 ਮਰਲੇ ਹੈ। ਇਸ ਜਮੀਨ ਤੇ ਕੁਝ ਵਿਅਕਤੀਆਂ ਵੱਲੋਂ ਕਬਜ਼ਾ ਕੀਤਾ ਹੋਇਆ ਹੈ, ਜਿਸ ਨੂੰ ਹਟਵਾਉਣ ਸਬੰਧੀ ਕਾਰਵਾਈ ਚੱਲ ਰਹੀ ਹੈ।

**1025/Beant kaur/Monika sharma**

**ਸ਼੍ਰੀ ਦਿਨੇਸ਼ ਕੁਮਾਰ ਚੱਢਾ**: ਮਾਣਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬਾ ਨੇ ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਆਸਰੋਂ ਦੇ ਬਾਰੇ ਤਕਰੀਬਨ 6 ਕਰੋੜ ਰੁਪਏ ਦੇ ਤਖਮੀਨੇ ਸਬੰਧੀ ਕਿਹਾ ਹੈ ਕਿ ਫੰਡ ਉਪਲਬਧ ਹੋਣ ਤੇ ਉਥੇ ਖਰਚ ਕੀਤਾ ਜਾਵੇਗਾ। ਜਦੋਂ ਕਿ ਪੰਜਾਬ Ancient ਹਿਸਟੋਰੀਕਲ ਮੋਨੂਮੈਂਟ ਮੈਨਟੀਨੈਂਸ ਬੋਰਡ, 2013 ਜੋ ਬਣਿਆ ਹੋਇਆ ਹੈ, ਉਸ ਬੋਰਡ ਦੇ ਤਹਿਤ ਇਥੇ ਖਰਚ ਕਰਨ ਲਈ ਇੱਕ ਸੈੱਸ ਲਗਾਇਆ ਹੋਇਆ ਹੈ । ਜਿਹੜੀਆਂ ਵੀ 15 ਕਰੋੜ ਰੁਪਏ ਤੋਂ ਜਿਆਦਾ ਰਕਮ ਦੀਆਂ ਇਮਾਰਤਾਂ ਹਨ, ਉਨ੍ਹਾਂ ਵਾਸਤੇ ਸੈੱਸ ਰੱਖਿਆ ਹੁੰਦਾ ਹੈ। ਸੋ, ਕੀ ਮਾਣਯੋਗ ਮੰਤਰੀ ਸਾਹਿਬਾ ਦੱਸਣਗੇ ਕਿ ਉਹ ਸੈੱਸ ਡਿਪਾਰਟਮੈਂਟ ਕੋਲ ਆ ਰਿਹਾ ਹੈ ਜਾਂ ਨਹੀਂ ਆ ਰਿਹਾ? ਜੇ ਉਹ ਸੈੱਸ ਆ ਰਿਹਾ ਹੈ ਤਾਂ

ਫਿਰ ਇਨ੍ਹਾਂ ਥਾਵਾਂ ਤੇ, ਮਹਾਰਾਜਾ ਰਣਜੀਤ ਸਿੰਘ ਹਿੱਲ ਪਾਰਕ ਦੇ ਉਤੇ ਉਸ ਸੈੱਸ ਦੇ ਵਿੱਚੋਂ ਰਕਮ ਕਿਉਂ ਖਰਚ ਨਹੀਂ ਕੀਤੀ ਜਾ ਰਹੀ?

**ਮਾਣਯੋਗ ਸਪੀਕਰ**: ਚੱਢਾ ਜੀ, ਇਹ ਵੱਖਰਾ ਸਵਾਲ ਬਣਦਾ ਹੈ ਪਰ ਜੇ ਮੰਤਰੀ ਜੀ ਜਵਾਬ ਦੇਣਾ ਚਾਹੁੰਣ ਤਾਂ ਦੇ ਸਕਦੇ ਹਨ।

**ਮੰਤਰੀ**: ਹਾਂ ਜੀ, ਐਮ.ਐਲ.ਏ. ਸਾਹਿਬ, ਇਹ ਥੋੜ੍ਹਾ ਵੱਖਰਾ ਸਵਾਲ ਹੈ । ਸਪੀਕਰ ਸਾਹਿਬ, ਪਰ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹਾਂਗੀ, ਜਿਵੇਂ ਕਿ ਇਨ੍ਹਾਂ ਨੇ ਕਿਹਾ ਹੈ ਕਿ 15 ਕਰੋੜ ਰੁਪਏ ਤੋਂ ਉਪਰ ਜੇ ਕੋਈ ਵੀ ਕੰਸਟ੍ਰਕਸ਼ਨ ਹੁੰਦੀ ਹੈ ਤਾਂ ਉਸ ਦਾ ਇੱਕ ਪਰਸੈਂਟ ਸਾਨੂੰ ਆਉਂਦਾ ਹੈ ਜਿਸ ਦੇ ਵਿਚੋਂ ਤਕਰੀਬਨ 63 ਕਰੋੜ ਰੁਪਿਆ ਫਾਈਨਾਂਸ ਡਿਪਾਰਟਮੈਂਟ ਨੇ ਸਾਨੂੰ ਦਿੱਤਾ ਹੈ। ਇਸ ਪੈਸੇ ਵਿੱਚੋਂ ਅਸੀਂ 59 ਕਰੋੜ ਰੁਪਿਆ ਖਰਚ ਕਰ ਚੁੱਕੇ ਹਾਂ। ਇਹ ਪੈਸਾ ਵੱਖ ਵੱਖ ਸਕੀਮਾਂ ਦੇ ਵਿੱਚ ਲਗਾਇਆ ਹੈ ਅਤੇ ਇਸ ਇਮਾਰਤ ਵਾਸਤੇ ਵੀ ਅਸੀਂ ਜ਼ਰੂਰ ਵਿਚਾਰ ਕਰਾਂਗੇ, ਤੁਸੀਂ ਬੇਫਿਕਰ ਰਹੋ, ਹਰ ਹਾਲਤ ਵਿੱਚ ਅਸੀਂ ਇਸ ਨੂੰ ਬਣਾਉਣ ਦੀ ਤਿਆਰੀ ਕਰ ਰਹੇ ਹਾਂ।

**ਮਾਣਯੋਗ ਸਪੀਕਰ**: ਹਾਂ ਜੀ, ਚੱਢਾ ਜੀ, ਕੀ ਕੋਈ ਸਪਲੀਮੈਂਟਰੀ ਸਵਾਲ ਹੈ?

**ਸ਼੍ਰੀ ਦਿਨੇਸ਼ ਕੁਮਾਰ ਚੱਢਾ**: ਸਪੀਕਰ ਸਾਹਿਬ, ਜਿਵੇਂ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ ਸਿਰਫ 63 ਕਰੋੜ ਰੁਪਏ ਦਾ ਸੈੱਸ ਆਇਆ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਅੱਡ-ਅੱਡ ਮਹਿਕਮਿਆਂ ਤੋਂ ਸਾਰਾ ਸੈੱਸ ਕਦੋਂ ਤੱਕ ਇਕੱਠਾ ਕਰ ਲਵੋਗੇ ਤਾਂ ਕਿ ਇਨ੍ਹਾਂ ਸਥਾਨਾਂ ਦੇ ਉਪਰ ਇਹ ਪੈਸਾ ਲੱਗ ਸਕੇ?

**ਮੰਤਰੀ**: ਅਸੀਂ ਫਾਈਨਾਂਸ ਮਨਿਸਟਰ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਬੇਨਤੀ ਕਰਾਂਗੇ ਕਿ ਜੇ ਸਾਨੂੰ 1 % ਸੈੱਸ ਸਾਰਾ ਹੀ ਇਕੱਠਾ ਕਰਕੇ ਦੇ ਦਿਉ ਤਾਂ ਸਾਡੇ ਟੂਰਿਜ਼ਮ ਵਿਭਾਗ ਕੋਲ ਕਾਫ਼ੀ ਪੈਸਾ ਇੱਕਠਾ ਹੋ ਜਾਵੇਗਾ, ਫਿਰ ਅਸੀਂ ਸਾਰਿਆਂ ਦੀਆਂ ਮੰਗਾਂ ਵੀ ਪੂਰੀਆਂ ਕਰ ਸਕਦੇ ਹਾਂ ਜੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ....

**ਮਾਣਯੋਗ ਸਪੀਕਰ**: ਚੱਢਾ ਸਾਹਿਬ, ਤੁਹਾਡੀਆਂ ਦੋ ਸਪਲੀਮੈਂਟਰੀਆਂ ਹੋ ਗਈਆਂ ਹਨ। ਦੋ ਹੀ ਸਪਲੀਮੈਂਟਰੀਜ ਹੁੰਦੀਆਂ ਹਨ। ਇਸ ਨੂੰ ਬਹਿਸ ਨਹੀਂ ਬਣਾਉਣਾ। ਤੁਸੀਂ ਬੈਠ ਜਾਉ। ਮੈਂ ਤੁਹਾਨੂੰ ਵੀਡੀਉ ਭੇਜ ਦੇਵਾਂਗਾ, ਦੋ ਹੋ ਗਈਆਂ ਹਨ ਜੀ। ਥੈਂਕਿਉ। ਅਗਲਾ ਸਵਾਲ।

----------------

## ਆਦਮਪੁਰ ਏਅਰ ਪੋਰਟ ਰੋਡ ਨੂੰ ਚਾਰ ਮਾਰਗੀ ਕਰਨਾ

***1175. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਜਲੰਧਰ ਹੁਸ਼ਿਆਰਪੁਰ ਸੜਕ ਤੋਂ ਆਦਮਪੁਰ ਏਅਰ ਪੋਰਟ ਵਾਲੀ ਸੜਕ ਨੂੰ ਚਾਰ ਮਾਰਗੀ ਕਰਨ ਕਰਨ ਸਬੰਧੀ ਕਿੰਨਾਂ ਪੈਸਾ ਮਨਜ਼ੂਰ ਕੀਤਾ ਗਿਆ ਹੈ ਅਤੇ ਉਸ ਵਿੱਚੋਂ ਕਿੰਨੀ ਰਕਮ ਜਾਰੀ ਹੋਈ ਹੈ; ਜੇਕਰ ਰਕਮ ਜਾਰੀ ਹੋਈ ਤਾਂ ਇਸ ਦਾ ਕੰਮ ਕਦੋ ਸ਼ੁਰੂ ਹੋਇਆ ਅਤੇ ਕਦੋ ਮੁਕੰਮਲ ਹੋ ਜਾਵੇਗਾ;

(ਅ) ਇਸ ਸੜਕ ਦਾ ਨਾਮ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਮ ਤੇ ਰੱਖਿਆ ਗਿਆ ਸੀ, ਉਸ ਸਬੰਧੀ ਨਾਮ ਦੇ ਬੋਰਡ ਕਦੋਂ ਤੱਕ ਲਗਾ ਦਿੱਤੇ ਜਾਣਗੇ?

**ਸਰਦਾਰ ਹਰਭਜਨ ਸਿੰਘ:** (ੳ) ਇਸ ਸੜਕ ਨੂੰ ਚਾਰ ਮਾਰਗੀ ਕਰਨ ਸਬੰਧੀ 4140.00 ਲੱਖ ਰੁਪਏ ਮਨਜ਼ੂਰ ਹੋਏ ਹਨ। ਇਸ ਸੜਕ ਦਾ ਕਿ.ਮੀ. 0.00–4.30 ਦਾ ਕੰਮ ਫੇਜ਼-I ਵਿੱਚ ਮਨਜ਼ੂਰ ਹੋਇਆ ਹੈ। ਇਸ ਸੜਕ ਤੇ ਹੁਣ ਤੱਕ 1416.44 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ। ਇਸ ਸੜਕ ਲਈ ਹੁਣ ਤੱਕ 2070.00 ਲੱਖ ਰੁਪਏ ਦੀ ਰਾਸ਼ੀ ਜ਼ਾਰੀ ਹੋਈ ਹੈ। ਇਹ ਕੰਮ 16-08-2021 ਨੂੰ ਸ਼ੁਰੂ ਹੋਇਆ ਸੀ। ਇਹ ਕੰਮ ਛੇਤੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਸੜਕ ਦੇ ਕਿ.ਮੀ. 4.30-5.55 ਕਿ.ਮੀ. = 1.25 ਕਿ.ਮੀ. ਲੰਬਾਈ ਦੀ ਨਵੀਂ ਉਸਾਰੀ ਫੇਜ਼–2 ਵਿੱਚ ਕੀਤੀ ਜਾਣੀ ਹੈ। ਜਿਸ ਵਾਸਤੇ 7 ਏਕੜ 5 ਕਨਾਲਾਂ ਲੈਂਡ ਐਕਵਾਇਰ ਕੀਤੀ ਜਾਣੀ ਹੈ ਜੋ ਕਿ The Right to Fair Compensation and Transparency in Land Acquisition, Rehabilitation and Resettlement Act, 2013 ਅਨੁਸਾਰ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ ਜਿਸ ਤਹਿਤ ਨੋਟਿਸ ਅੰਡਰ ਸੈਕਸ਼ਨ 11 ਅਧੀਨ ਅਖਬਾਰ ਵਿੱਚ 14-06-2024 ਨੂੰ ਪਬਲਿਸ਼ ਕਰ ਦਿੱਤਾ ਹੈ। ਜ਼ਮੀਨ ਐਕਵਾਇਰ ਹੋਣ ਉਪਰੰਤ ਕਿਮੀ. 4.30–5.55= 1.25 ਕਿ.ਮੀ. ਵਿੱਚ ਸਰਕਾਰੀ ਹਦਾਇਤਾਂ ਅਨੁਸਾਰ ਟੈਂਡਰ ਲਗਾ ਕੇ ਕੰਮ ਕਰਵਾਇਆ ਜਾਵੇਗਾ।

(ਅ) ਇਸ ਸੜਕ ਦਾ ਨਾਮ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਮ ਤੇ ਅਜੇ ਤੱਕ ਨਹੀਂ ਰੱਖਿਆ ਗਿਆ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ**: ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਇਸ ਪ੍ਰੋਜੈਕਟ ਨੂੰ ਚਲਦਿਆਂ ਢਾਈ ਸਾਲ ਹੋ ਗਏ ਹਨ ਅਤੇ ਜਵਾਬ ਦੇ ਵਿੱਚ ਲਿਖਿਆ ਗਿਆ ਹੈ ਕਿ ਇਸ ਦਾ ਕੰਮ ਉਸਾਰੀ ਅਧੀਨ ਹੈ। ਸਰ, ਉਸ ਰੋਡ ਦਾ ਕੰਮ ਬਿਲਕੁਲ ਬੰਦ ਹੈ। ਇਹ ਰੋਡ ਆਦਮਪੁਰ ਡਰੋਲੀ ਤੋਂ ਹੁੰਦਾ ਹੋਇਆ ਚੰਡੀਗੜ੍ਹ ਨੂੰ ਜਾ ਕੇ ਲਗਦਾ ਹੈ। ਇਸ ਰੋਡ ਦੇ ਥਰੂ ਸੁਜਾਨਪੁਰ, ਪਠਾਨਕੋਟ ਅਤੇ ਜੰਮੂ ਤੋਂ ਆਉਣ ਵਾਲੇ ਲੋਕ ਚੰਡੀਗੜ੍ਹ ਬਹੁਤ ਸੌਖੀ ਤਰ੍ਹਾਂ ਜਾ ਸਕਦੇ ਹਨ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਸ ਜਵਾਬ ਦੇ ਅੰਦਰ 4140 ਲੱਖ ਰੁਪਏ ਬਾਰੇ ਦੱਸਿਆ ਗਿਆ ਹੈ, ਇਹ ਦੱਸਿਆ ਜਾਵੇ ਕਿ ਉਥੇ ਕੰਮ ਕਿਸ ਕਾਰਨ ਕਰਕੇ ਬੰਦ ਹੋਇਆ ਹੈ ਅਤੇ ਕੰਮ ਅਧੂਰਾ ਕਿਉਂ ਪਿਆ ਹੈ? ਇਸ ਨੂੰ ਚਲਦਿਆਂ ਢਾਈ ਸਾਲ ਹੋ ਗਏ ਹਨ, ਪਹਿਲਾਂ ਇਸ ਦਾ ਜਵਾਬ ਦਿੱਤਾ ਜਾਵੇ। ਮੈਂ ਅਗਲਾ ਸਵਾਲ ਫਿਰ ਪੁੱਛਾਂਗਾਂ ਜੀ।

**ਮਾਣਯੋਗ ਸਪੀਕਰ**: ਥੈਂਕਿਉ ਜੀ।

**ਮੰਤਰੀ** : ਸਪੀਕਰ ਸਾਹਿਬ, 4.30 ਕਿਲੋਮੀਟਰ ਦਾ ਜਿਹੜਾ ਪਹਿਲਾ ਫੇਜ ਸੀ, ਉਸ ਦੇ ਵਿੱਚ ਅਸੀਂ ਪਹਿਲਾਂ ਕੰਮ ਸ਼ੁਰੂ ਕਰਵਾਇਆ ਸੀ, ਉਸ ਉਤੇ 1416.44 ਲੱਖ ਰੁਪਏ ਦਾ ਖਰਚਾ ਹੋ ਚੁੱਕਿਆ ਹੈ। ਕੁੱਲ ਰਾਸ਼ੀ 2070 ਲੱਖ ਰੁਪਏ ਦੀ ਸੀ,

ਜਿਸ ਦੇ ਵਿੱਚ BUILDING SHIFTING ਵੀ ਸ਼ਾਮਲ ਸੀ। ਇਹ ਕੰਮ ਬਹੁਤ ਸਪੀਡ ਦੇ ਨਾਲ ਚੱਲ ਰਿਹਾ ਹੈ। ਅਸੀਂ ਇਸ ਨੂੰ ਮਿਤੀ 31.12.2024 ਤੱਕ ਮੁਕੰਮਲ ਕਰਨ ਜਾ ਰਹੇ ਹਾਂ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ**: ਸਰ, ਮੇਰੀ ਬੇਨਤੀ ਇਹ ਹੈ ਕਿ ਜਿਹੜਾ ਉਨ੍ਹਾਂ ਨੇ ਸਮਾਂ ਸੀਮਾ ਰੱਖਣ ਬਾਰੇ ਕਿਹਾ ਹੈ ਔਰ

--------------------------

**1030/Karamjit kaur/Shubham jain**

03.09.2024/10.35/ਹਰਪ੍ਰੀਤ ਸਿੰਘ/ਸ਼ੁੱਭਮ ਜੈਨ

**ਸਰਦਾਰ ਸੁਖਵਿੰਦਰ ਸਿੰਘ ਕੋਟਲੀ**: **ਜਾਰੀ**...ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਸ ਦਾ ਕੰਮ ਚੱਲ ਰਿਹਾ ਹੈ। ਸਪੀਕਰ ਸਾਹਿਬ, ਮੈਂ ਉੱਥੋਂ ਦਾ ਐਮ.ਐਲ.ਏ. ਹਾਂ। ਇਹ ਕੋਈ ਸਬੂਤ ਦੇ ਦੇਣ ਕਿ ਉੱਥੇ ਲਗਾਤਾਰ ਕੰਮ ਚੱਲ ਰਿਹਾ ਹੈ। ਇਹ ਜਵਾਬ ਦੇ ਅੰਦਰ ਨਹੀਂ ਲਿਖਿਆ ਗਿਆ। ਦੂਜੀ ਗੱਲ ਆਦਮਪੁਰ ਏਅਰਪੋਰਟ ਨੂੰ ਜਾਂਦੀ ਸੜਕ ਦਾ ਨਾਂ ਸਾਡੀ ਸਰਕਾਰ ਦੇ ਵੇਲੇ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਿਆ ਗਿਆ ਸੀ। ਮੈਂ ਪ੍ਰਸੋਨਲ ਵਿਭਾਗ ਨੂੰ ਉਸ ਦਾ ਐਲਾਨ ਅਤੇ ਕਾਪੀਆਂ ਭੇਜ ਚੁੱਕਾ ਹਾਂ ਪਰ ਵਜ਼ੀਰ ਸਾਹਿਬ ਦਾ ਜਵਾਬ ਆਇਆ ਹੈ ਕਿ ਇਸ ਸੜਕ ਦਾ ਨਾਂ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਅਜੇ ਤੱਕ ਨਹੀਂ ਰੱਖਿਆ ਗਿਆ। ਜੇਕਰ ਅਜੇ ਤੱਕ ਨਹੀਂ ਰੱਖਿਆ ਗਿਆ ਤਾਂ ਜਦੋਂ ਤੁਹਾਡੇ ਕੋਲ ਸਾਰਾ ਰਿਕਾਰਡ ਚਲਿਆ ਗਿਆ ਤਾਂ ਹੁਣ ਰੱਖਿਆ ਜਾਣਾ ਚਾਹੀਦਾ ਹੈ। ਸੋ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਦਾ ਨਾਮ ਕਦੋਂ ਤੱਕ ਰੱਖ ਦਿੱਤਾ ਜਾਵੇਗਾ।

**ਮੰਤਰੀ**: ਸਪੀਕਰ ਸਾਹਿਬ, ਇਸ ਸੜਕ ਦਾ ਨਾਮ ਸਤਿਗੁਰ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਅਜੇ ਤੱਕ ਨਹੀਂ ਰੱਖਿਆ ਗਿਆ। ਕੋਈ ਅਨਾਊਂਸਮੈਂਟ ਹੋਈ ਹੋ ਸਕਦੀ ਹੈ ਪਰ ਨਾਂ ਅਜੇ ਤੱਕ ਨਹੀਂ ਰੱਖਿਆ ਗਿਆ। ਇਸ ਸੜਕ ਦਾ ਨਾਂ ਸਤਿਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਣ ਦਾ ਅਜੇ ਤੱਕ ਕੋਈ ਸਰਕਾਰੀ ਪ੍ਰੋਸੀਜ਼ਰ ਅਡਾਪਟ ਨਹੀਂ ਕੀਤਾ ਗਿਆ। ਮੈਂ ਇਸ ਬਾਰੇ ਨਿਜੀ ਤੌਰ ਤੇ ਮਾਣਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਸੜਕ ਦਾ ਨਾਂ ਸਤਿਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਿਆ ਜਾਵੇ। (ਥੰਪਿੰਗ)

**ਮਾਣਯੋਗ ਸਪੀਕਰ**: ਧੰਨਵਾਦ। ਬਹੁਤ ਅੱਛੇ, ਬਹੁਤ ਅੱਛੇ। ਕੋਟਲੀ ਸਾਹਿਬ, ਤੁਹਾਡਾ ਵੀ ਧੰਨਵਾਦ, ਤੁਸੀਂ ਅੱਛਾ ਸਵਾਲ ਕੀਤਾ ਹੈ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ**: ਧੰਨਵਾਦ ਸਪੀਕਰ ਸਾਹਿਬ, ਮੰਤਰੀ ਜੀ ਦਾ ਵੀ ਧੰਨਵਾਦ।

-----------------

## ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜੀਫਾ ਦੇਣਾ

***1182. ਸਰਦਾਰ ਕੁਲਵੰਤ ਸਿੰਘ**: ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜੀਫਾ ਦੇਣ ਲਈ ਸਾਲ 2022-23, 2023-24 ਅਤੇ 2024-25 ਦੌਰਾਨ ਕਿੰਨੇ ਫੰਡ ਨਿਰਧਾਰਤ ਕੀਤੇ ਗਏ ਹਨ/ਸਨ;

ਅ) ਸਾਲ 2022-23, 2023-24 ਅਤੇ 2024-25 ਦੌਰਾਨ ਨਿਰਧਾਰਤ ਕੀਤੇ ਫੰਡਾਂ ਵਿਚੋਂ ਕਿੰਨੇ ਫੰਡ ਸਬੰਧਤ ਵਿਦਿਆਰਥੀਆਂ ਨੂੰ ਦਿੱਤੇ ਗਏ ਹਨ ਅਤੇ ਹਰ ਸਾਲ ਦੌਰਾਨ ਕਿੰਨੇ ਵਿਦਿਆਰਥੀਆਂ ਨੂੰ ਇਸ ਵਜੀਫੇ ਦੀ ਰਕਮ ਦਿੱਤੀ ਗਈ ਹੈ;

ੲ) ਕੀ ਵਜੀਫੇ ਦੀ ਇਸ ਰਕਮ ਵਿੱਚ ਕੇਂਦਰ ਸਰਕਾਰ ਦਾ ਬਣਦਾ ਹਿੱਸਾ ਪੰਜਾਬ ਸਰਕਾਰ ਨੂੰ ਪ੍ਰਾਪਤ ਹੋ ਰਿਹਾ ਹੈ; ਜੇਕਰ ਨਹੀਂ ਤਾਂ ਹੁਣ ਤੱਕ ਕਿੰਨੀ ਰਕਮ ਕੇਂਦਰ ਸਰਕਾਰ ਵੱਲ ਬਕਾਇਆ ਹੈ?

**ਸ੍ਰੀਮਤੀ ਬਲਜੀਤ ਕੌਰ** : ਸ੍ਰੀਮਾਨ ਜੀ,

ੳ) ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜੀਫਾ ਦੇਣ ਲਈ ਸਾਲ 2022-23, 2023-24 ਅਤੇ 2024-25 ਦੌਰਾਨ ਰਾਜ ਸਰਕਾਰ ਦੇ ਹਿੱਸੇ ਲਈ ਹੇਠ ਲਿਖੇ ਅਨੁਸਾਰ ਫੰਡ ਨਿਰਧਾਰਤ ਕੀਤੇ ਗਏ ਹਨ-

| ਸਾਲ | ਰਾਜ ਸਰਕਾਰ ਦੇ ਹਿੱਸੇ ਦੇ ਨਿਰਧਾਰਤ ਫੰਡ (ਕਰੋੜਾਂ ਵਿੱਚ) |
|---|---|
| 2022-23 | 240.00 |
| 2023-24 | 611.00 |
| 2024-25 | 245.00 |

| ਸਾਲ | ਵਿਦਿਆਰਥੀਆਂ ਦੀ ਗਿਣਤੀ | ਵਿਦਿਆਰਥੀਆਂ ਨੂੰ ਜਾਰੀ ਕੀਤੀ ਰਾਸ਼ੀ (ਕਰੋੜਾਂ ਵਿੱਚ) |
|---|---|---|
| 2022-23 | 200485 | 202.56 |
| 2023-24 | 195848 | 209.97 |
| 2024-25 | ਸਾਲ ਲਈ 260000 ਵਿਦਿਆਰਥੀਆਂ ਦਾ ਟੀਚਾ | ਪੋਰਟਲ ਦੀ ਡਿਮਾਂਡ ਅਨੁਸਾਰ ਰਾਸ਼ੀ ਜਾਰੀ ਕੀਤੀ ਜਾਵੇਗੀ। |

| | | |
|---|---|---|
| | ਮਿੱਥਿਆ ਗਿਆ ਹੈ । ਅਸਲ ਗਿਣਤੀ ਦਾਖਲੇ ਅਤੇ ਪੋਰਟਲ ਐਂਟਰੀ ਤੋਂ ਬਾਅਦ ਪਤਾ ਲੱਗੇਗੀ । | |

ਅ) ਸਾਲ 2022-23, 2023-24 ਅਤੇ 2024-25 ਦੌਰਾਨ ਨਿਰਧਾਰਤ ਫੰਡਾਂ ਵਿੱਚੋਂ ਹੇਠ ਲਿਖੇ ਅਨੁਸਾਰ ਵਿਦਿਆਰਥਾਂ ਨੂੰ ਵਜ਼ੀਫੇ ਦੀ ਰਕਮ ਦਿੱਤੀ ਗਈ ਹੈ।

ੲ) ਕੇਂਦਰ ਸਰਕਾਰ ਦੇ ਬਣਦੇ ਹਿੱਸੇ (60%) ਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਸਿੱਧੇ ਤੌਰ ਤੇ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਸਾਲ 2022-23 ਦੌਰਾਨ ਕੇਂਦਰ ਸਰਕਾਰ ਵੱਲੋ 303.43 ਕਰੋੜ ਅਤੇ ਸਾਲ 2023-24 ਦੌਰਾਨ 308.89 ਕਰੋੜ ਰੁਪਏ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਤੁਸੀਂ ਪੁੱਛ ਲਓ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਪਹਿਲਾਂ ਦੱਸਣਾ ਹੈ, ਫਿਰ ਪੁੱਛਣਾ ਹੈ। ਇਹ ਮੇਰੀ ਬੇਨਤੀ ਹੈ ਜੀ। ਸਾਲ 2022-23 ਵਿਚ 240 ਕਰੋੜ ਦਾ ਵਜ਼ੀਫਾ ਦਿੱਤਾ ਜਾਣਾ ਸੀ, ਜਿਸ ਦੇ ਵਿਰੁੱਧ ਪੰਜਾਬ ਸਰਕਾਰ ਵੱਲੋਂ 202 ਕਰੋੜ ਜਾਰੀ ਕੀਤਾ ਗਿਆ ਅਤੇ 37 ਕਰੋੜ ਬਕਾਇਆ ਹੈ। ਸੈਂਟਰ ਸਰਕਾਰ ਨੇ 360 ਕਰੋੜ ਦੇਣਾ ਸੀ, ਜਿਸ ਵਿਚੋਂ 308 ਕਰੋੜ ਦੇ ਦਿੱਤਾ ਅਤੇ 52 ਕਰੋੜ ਸੈਂਟਰ ਸਰਕਾਰ ਨੇ ਦੇਣਾ ਹੈ। ਇਸੇ ਤਰ੍ਹਾਂ 2023-24 ਵਿਚ 600 ਕਰੋੜ ਪੰਜਾਬ ਸਰਕਾਰ ਨੇ ਦੇਣਾ ਸੀ ਅਤੇ 303 ਕਰੋੜ ਦੇ ਦਿੱਤਾ ਹੈ ਜਦੋਂ ਕਿ ਸੈਂਟਰ ਸਰਕਾਰ ਨੇ 916 ਕਰੋੜ ਦੇਣਾ ਸੀ, ਜਿਸ ਵਿਚੋਂ 309 ਕਰੋੜ ਸੈਂਟਰ ਨੇ ਦਿੱਤਾ ਹੈ ਅਤੇ 607 ਕਰੋੜ ਬਕਾਇਆ ਹੈ। ਸੈਂਟਰ ਸਰਕਾਰ 60 ਫੀਸਦੀ ਹਿੱਸਾ ਪਾਉਂਦੀ ਹੈ ਅਤੇ ਸਟੇਟ 40 ਫੀਸਦੀ ਹਿੱਸਾ ਪਾਉਂਦੀ ਹੈ। ਇਸ ਰੇਸ਼ੋ ਨਾਲ ਸੈਂਟਰ ਸਰਕਾਰ ਦਾ ਸਾਲ 2022-23 ਦਾ ਬਕਾਇਆ 95 ਕਰੋੜ ਰਹਿੰਦਾ ਹੈ, ਸਾਲ 2023-24 ਦਾ 910 ਕਰੋੜ ਰਹਿੰਦਾ ਹੈ। ਮੇਰਾ ਖਿਆਲ ਹੈ ਕਿ ਸਾਲ 2024-25 ਦੇ ਵੀ 6 ਮਹੀਨੇ ਲੰਘ ਚੁੱਕੇ ਹਨ ਅਤੇ ਹਾਲੇ ਤੱਕ ਕੁੱਝ ਨਹੀਂ ਪਤਾ ਕਿ ਵਜ਼ੀਫਾ ਦੇ ਦਿੱਤਾ ਜਾਂ ਨਹੀਂ ਦਿੱਤਾ। ਜਦੋਂ ਵਜ਼ੀਫਾ ਐਨਾ ਲੇਟ ਜਾਵੇਗਾ ਤਾਂ ਬੱਚੇ ਪੜ੍ਹਾਈ ਕਿਸ ਤਰ੍ਹਾਂ ਕਰਨਗੇ ਕਿਉਂਕਿ ਸਕੂਲਾਂ ਵਾਲੇ ਫੀਸ ਮੰਗਦੇ ਹਨ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਵਜ਼ੀਫਾ ਦੇ ਦਿੱਤਾ ਜਾਵੇਗਾ।

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜੀ ਸਾਲ 2022-23 ਦੀ ਗੱਲ ਕੀਤੀ ਗਈ ਹੈ, ਉਸ ਵਿਚ ਤਕਰੀਬਨ 20 ਹਜ਼ਾਰ ਵਿਦਿਆਰਥੀ ਇਸ ਤਰ੍ਹਾਂ ਦੇ ਸੀ, ਜਿਨ੍ਹਾਂ ਦੇ ਬੈਂਕ ਖਾਤੇ ਅਧਾਰ ਸੀਡ ਨਹੀਂ ਹੋਏ ਸੀ। ਵਜ਼ੀਫੇ ਲਈ ਕੁੱਝ ਫਾਰਮੈਲਿਟੀਜ਼ ਜ਼ਰੂਰੀ ਹੁੰਦੀਆਂ ਹਨ। ਇਸੇ ਤਰ੍ਹਾਂ ਸਾਲ 2023-24 ਦੌਰਾਨ 17 ਹਜ਼ਾਰ 500 ਵਿਦਿਆਰਥੀ ਇਸ ਤਰ੍ਹਾਂ ਦੇ ਸੀ, ਜਿਨ੍ਹਾਂ ਦੇ ਬੈਂਕ ਖਾਤੇ ਅਧਾਰ ਸੀਡ ਨਹੀਂ ਹੋਏ ਸੀ। ਉਸ ਤੋਂ ਬਿਨਾ ਜਿਹੜੀ ਸਾਲ 2023-24 ਲਈ 611 ਕਰੋੜ ਦੀ ਗੱਲ ਕੀਤੀ ਹੈ, ਉਸ ਵਿਚੋਂ ਜਿਹੜਾ 366 ਕਰੋੜ ਅਸੀਂ ਐਡ ਕੀਤਾ ਹੈ, ਉਹ ਸਾਲ 2017 ਤੋਂ 2020 ਤੱਕ ਬਕਾਇਆ ਰਾਸ਼ੀ ਦਾ ਕੀਤਾ ਹੈ। ਜੋ ਉਸ ਵੇਲੇ ਨਹੀਂ ਦਿੱਤੀ ਗਈ ਸੀ। ਉਸ ਦੇ ਜੋ ਵੀ ਕਾਰਨ ਰਹੇ ਹੋਣਗੇ, ਉਹ ਸਕਾਲਰਸ਼ਿਪ ਸੈਂਟਰ ਅਤੇ ਸਟੇਟ ਦੋਹਾਂ ਵੱਲੋਂ ਪੈਂਡਿੰਗ ਰਹੀ ਸੀ ਪਰ ਸਾਡੀ ਸਰਕਾਰ ਨੇ ਸਾਲ 2017 ਤੋਂ 2020 ਦੌਰਾਨ 40 ਫੀਸਦੀ ਮੁਤਾਬਿਕ ਜਿਹੜੀ ਬਕਾਇਆ ਰਾਸ਼ੀ ਬਣਦੀ ਸੀ, ਉਸ ਮੁਤਾਬਿਕ 366 ਕਰੋੜ ਦੀ ਰਾਸ਼ੀ ਵਿਦਿਆਰਥੀਆਂ ਦੇ ਖਾਤਿਆਂ ਵਿਚ ਪਾਈ ਹੈ। ਸੋ, ਮੈਨੂੰ ਨਹੀਂ ਲਗਦਾ ਕਿ ਸਾਡੇ ਵੱਲੋਂ ਕਿਤੇ ਵੀ ਕੋਈ ਅਣਗਹਿਲੀ ਵਰਤੀ ਗਈ ਹੈ।

**1035/harpreet singh/Shubham jain**

**ਮੰਤਰੀ**: **(ਜਾਰੀ)** ... ਪਿਛਲੀਆਂ ਸਰਕਾਰਾਂ ਦੇ ਦੌਰਾਨ ਜੋ ਬੱਚੇ ਇਸ ਲਾਭ ਤੋਂ ਵਾਂਝੇ ਰਹੇ ਹਨ, ਉਨ੍ਹਾਂ ਨੂੰ ਵੀ ਇਹ ਲਾਭ ਦੇਣ ਜਾ ਰਹੇ ਹਾਂ। ਇਸ ਤਰ੍ਹਾਂ ਸਾਲ 2017-20 ਦੌਰਾਨ 991 ਕਾਲਜ ਹਨ ਜਿਨ੍ਹਾਂ ਵਿੱਚ ਬੱਚਿਆਂ ਨੂੰ ਸਕਾਲਰਸ਼ਿਪ ਨਹੀਂ ਦਿੱਤੀ ਗਈ ਸੀ, ਉਨ੍ਹਾਂ ਨੂੰ ਅਸੀਂ ਇਸ ਸਾਲ ਦੌਰਾਨ ਦਿੱਤੀ ਹੈ। ਇਸੇ ਤਰ੍ਹਾਂ ਸਾਲ 2024-25 ਦੌਰਾਨ ਵੀ 2 ਲੱਖ 60 ਹਜ਼ਾਰ ਬੱਚਿਆਂ ਦਾ ਟੀਚਾ ਮਿੱਥਿਆ ਹੋਇਆ ਹੈ ਕਿ ਇਨ੍ਹਾਂ ਬੱਚਿਆਂ ਨੂੰ ਅਸੀਂ ਸਕਾਲਰਸ਼ਿਪ ਦੇਵਾਂਗੇ। ਜਿੰਨੇ ਬੱਚੇ ਪੋਰਟਲ ਦੇ ਉਪਰ ਅਪਲਾਈ ਕਰਨਗੇ, ਉਸ ਤੋਂ ਬਾਅਦ ਇਹ ਪੈਸਾ ਉਨ੍ਹਾਂ ਦੇ ਖਾਤਿਆਂ ਵਿੱਚ ਚਲਾ ਜਾਏਗਾ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਇਹ ਸੀ ਕਿ ਬਕਾਇਆ ਰਾਸ਼ੀ ਕਦੋਂ ਤੱਕ ਦਿੱਤੀ ਜਾਵੇਗੀ। ਆਪਾਂ ਦੇ ਕੀ ਰਹੇ ਹਾਂ, ਕਿੰਨਿਆਂ ਨੂੰ ਦੇਣਾ ਹੈ ਅਤੇ ਕਦੋ ਦੇਣਾ ਹੈ, ਇਹ ਸਭ ਅਲੱਗ ਗੱਲਾਂ ਹਨ। ਜਿਹੜੀ ਰਾਸ਼ੀ ਦੇਣ ਵਾਲੀ ਰਹਿੰਦੀ ਹੈ, ਉਹ ਕਦੋਂ ਤੱਕ ਦੇ ਦਿੱਤੀ ਜਾਵੇਗੀ? ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਸਬੰਧੀ ਮੇਰੀ ਤਸੱਲੀ ਕਰਵਾ ਦੇਣ ਕਿ ਇਹ ਰਾਸ਼ੀ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ?

**ਮੰਤਰੀ** : ਸਪੀਕਰ ਸਾਹਿਬ, ਸਾਲ 2017-20 ਦੌਰਾਨ ਸਕਾਲਰਸ਼ਿਪ ਦੀ ਬਕਾਇਆ ਰਾਸ਼ੀ ਜਿਹੜੀ ਬੱਚਿਆਂ ਨੂੰ ਨਹੀਂ ਗਈ, ਉਨ੍ਹਾਂ ਕਾਲਜਾਂ ਦੀ ਹੀ ਬਕਾਇਆ ਰਾਸ਼ੀ ਹੈ। ਉਸ ਦੇ ਵਿੱਚ ਹੋਰ 92 ਕਰੋੜ ਰੁਪਏ ਦੀ ਗਰਾਂਟ ਫਾਇਨਾਂਸ ਡਿਪਾਰਟਮੈਂਟ ਕੋਲ ਕੀਤੀ ਹੋਈ ਹੈ, ਜੋ ਅਸੀਂ ਸਰਕਾਰੀ ਕਾਲਜਾਂ ਨੂੰ ਦੇਣੀ ਹੈ। ਸੋ ਇਹ ਅੰਡਰ ਕੰਸੀਡਰੇਸ਼ਨ ਹੈ। ਜਲਦੀ ਹੀ ਅਸੀਂ ਇਹ ਪੈਸਾ ਵੀ ਦੇ ਦਿਆਂਗੇ।

-----

## ਹਲਕਾ ਦਸੂਹਾ ਤੇ ਬਲਾਕ ਤਲਵਾੜਾ ਅਤੇ ਕਮਾਹੀ ਦੇਵੀ ਦੇ ਪਾਸ ਹੋਏ ਬੱਸ ਸਟੈਂਡ ਬਣਾਉਣਾ

***1241 ਸਰਦਾਰ ਕਰਮਬੀਰ ਸਿੰਘ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ ਹਲਕਾ ਦਸੂਹਾ ਦੇ ਬਲਾਕ ਤਲਵਾੜਾ ਅਤੇ ਕਮਾਹੀ ਦੇਵੀ ਦੇ ਪਾਸ ਹੋਏ ਬੱਸ ਸਟੈਂਡਾਂ ਲਈ ਕਿੰਨੀ ਰਾਸ਼ੀ ਮਨਜ਼ੂਰ ਹੋਈ ਹੈ ਅਤੇ ਇਸ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਲਾਲਜੀਤ ਸਿੰਘ ਭੁੱਲਰ**: ਨਹੀਂ ਜੀ। ਮਾਨਯੋਗ ਸਪੀਕਰ ਸਾਹਿਬ, ਕਮਾਹੀ ਦੇਵੀ ਅਤੇ ਤਲਵਾੜਾ ਬੱਸ ਸਟੈਂਡ ਜਿਹੜੇ ਹਨ, ਇਹ ਹਾਲੇ ਤਜਵੀਜ਼ ਦੇ ਅਧੀਨ ਨਹੀਂ ਹਨ। ਪਿਛਲੀ ਗੌਰਮਿੰਟ ਵੇਲੇ 400 ਕਰੋੜ ਰੁਪਏ ਦਾ ਲੋਨ ਲਿਆ ਗਿਆ ਸੀ, ਉਸ ਦੇ ਵਿੱਚ 27 ਬੱਸ ਸਟੈਂਡ ਤੇ ਵਰਕਸ਼ਾਪਾਂ ਸਨ ਜਿਸ ਦੇ 47.71 ਕਰੋੜ ਰੁਪਏ 400 ਕਰੋੜ ਰੁਪਏ ਦੀ ਲੋਨ ਰਾਸ਼ੀ ਵਿੱਚੋਂ ਵਰਤੇ ਗਏ ਸੀ। ਜਿਹੜੇ ਜਿਹੜੇ ਕੰਮ ਸ਼ੁਰੂ ਹੋਏ ਸੀ ਜਿਵੇਂ 27 ਬੱਸ ਸਟੈਂਡ ਤੇ ਵਰਕਸ਼ਾਪਾਂ ਸਾਰੇ ਕੰਪਲੀਟ ਕਰ ਦਿੱਤੇ ਹਨ ਜਾਂ ਕਈਆਂ ਦਾ ਕੰਮ ਚਲਦਾ ਪਿਆ ਹੈ। ਸਾਨੂੰ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਫਾਇਨਾਂਸ ਤੋਂ ਪੈਸੇ ਦਿਵਾਏ ਜਾਣਗੇ ਤੇ ਲੋਨ ਦੀ ਰਕਮ ਨਹੀਂ ਵਰਤਾਂਗੇ। ਇੱਥੇ ਸਾਡੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਬੈਠੇ ਹਨ, ਇਨ੍ਹਾਂ ਨੂੰ ਬੇਨਤੀ ਕਰਾਂਗੇ ਕਿ ਸਾਨੂੰ ਬੱਸ ਸਟੈਂਡਾਂ ਲਈ, ਵਰਕਸ਼ਾਪਾਂ ਲਈ ਜਿਨ੍ਹਾਂ ਦੀ ਹਾਲਤ ਖਰਾਬ ਹੈ, ਉਨ੍ਹਾਂ ਵਾਸਤੇ ਰਾਸ਼ੀ ਦੇਣ। ਇੱਕ ਮਾਣਯੋਗ ਮੈਂਬਰ ਸਾਹਿਬ ਦਾ ਬੱਸ ਸਟੈਂਡ ਵੀ ਉਸ ਦੇ ਵਿੱਚ ਪਾ ਲਿਆ ਜਾਵੇਗਾ।

**ਮਾਣਯੋਗ ਸਪੀਕਰ** : ਚੀਮਾ ਜੀ ਨੂੰ ਮਨਾਉਣਾ ਔਖਾ ਹੈ। ਤੁਸੀਂ ਮਨਾ ਲਓਗੇ। (ਹਾਸਾ)

**ਮੰਤਰੀ**: ਚੀਮਾ ਸਾਹਿਬ ਤੋਂ ਪੈਸੇ ਲੈਣੇ ਹਨ ਜੀ।(ਹਾਸਾ)

**ਸਰਦਾਰ ਕਰਮਬੀਰ ਸਿੰਘ** : ਸਪੀਕਰ ਸਾਹਿਬ, ਮੈਂ ਪਿਛਲੇ ਸੈਸ਼ਨ ਦੌਰਾਨ ਵੀ ਇਹ ਸਵਾਲ ਕੀਤਾ ਸੀ । ਉਸ ਸਮੇਂ ਵੀ ਇਸ ਸਬੰਧੀ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਜਲਦੀ ਇਸ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਪਰ ਅੱਜ ਤੱਕ ਉਸ ਦਾ ਕੰਮ ਸ਼ੁਰੂ ਨਹੀਂ ਹੋਇਆ। ਕਾਂਗਰਸ ਵਾਲਿਆਂ ਦੇ ਲਗਾਏ ਗਏ ਨੀਂਹ ਪੱਥਰ ਉਦਾਂ ਦੇ ਉਦਾਂ ਹੀ ਪਏ ਹਨ। ਇੱਕ ਤਾਂ ਭੰਗ ਦੇ ਵਿੱਚ ਲਗਾਇਆ ਹੋਇਆ ਹੈ, ਚੌਅ ਦੇ ਵਿੱਚ ਅਤੇ ਦੂਸਰਾ ਬੱਸ ਸਟੈਂਡ, ਤਲਵਾੜਾ ਦੇ ਉੱਪਰ ਲਗਾਇਆ ਗਿਆ ਹੈ ਅਤੇ ਉਹ ਬਿਲਡਿੰਗ ਡਿੱਗਣ ਵਾਲੀ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਕਦੋਂ ਤੱਕ ਐਸ਼ਿਓਰ ਕਰਦੇ ਹੋ ਕਿ ਇਹ ਕੰਮ ਸ਼ੁਰੂ ਕੀਤਾ ਜਾਵੇਗਾ?

**ਮੰਤਰੀ**: ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੂੰ ਮੈਂ ਕਹਿੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਵਾਲੇ ਕੰਮ ਜਿਹੜੇ ਵਿਗੜੇ ਹੋਏ ਹਨ, ਉਹ ਠੀਕ ਕਰਾਂਗੇ। ਚੀਮਾ ਸਾਹਿਬ ਨੂੰ ਵੀ ਬੇਨਤੀ ਕਰਦੇ ਹਾਂ ਕਿ ਚੀਮਾ ਸਾਹਿਬ "ਦਿਓ ਪੈਸੇ ਤੇ ਕਰੀਏ ਠੀਕ"।

------

**ਆਭਾ ਪਾਰਕ ਦਾ ਕੰਮ ਮੁੜ ਸ਼ੁਰੂ ਕਰਨਾ**

*** 1286 ਸ੍ਰੀ ਸੰਦੀਪ ਜਾਖੜ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਆਭਾ ਪਾਰਕ (ਨੇੜੇ ਜਨਰਲ ਬੱਸ ਸਟੈਂਡ, ਅਬੋਹਰ) ਦਾ ਕੰਮ ਪਿਛਲੇ 2 ਸਾਲਾਂ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੋਂ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਦੇਰੀ ਦੇ ਕਾਰਨ ਕੀ ਹਨ?

**ਸਰਦਾਰ ਬਲਕਾਰ ਸਿੰਘ:** ਨਹੀਂ ਜੀ, ਆਭਾ ਪਾਰਕ ਦਾ ਕੰਮ ਬੰਦ ਨਹੀਂ ਕੀਤਾ ਗਿਆ। ਆਭਾ ਪਾਰਕ ਨੂੰ ਨਵੇ ਸਿਰੇ ਤੋਂ ਬਣਾਉਣ ਲਈ ਪਹਿਲਾਂ ਇੱਕ ਤਜਵੀਜ਼ 155.90 ਲੱਖ ਰੁਪਏ ਦੀ ਪੰਜਾਬ ਨਿਰਮਾਣ ਫੰਡਾਂ ਅਧੀਨ ਤਿਆਰ ਕੀਤੀ ਗਈ ਸੀ, ਜਿਸ ਵਿੱਚ ਮਿੱਟੀ ਦੀ ਭਰਤ, ਇੱਟਾਂ ਨਾਲ ਪਬਲਿਕ ਦੇ ਬੈਠਣ ਲਈ ਪੈਵੇਲੀਅਨ ਅਤੇ ਟੁਆਇਲਟ ਬਲਾਕਾਂ ਦੇ ਸਟਰੱਕਚਰ ਦੀ ਉਸਾਰੀ, ਘਾਹ-ਬੂਟੇ ਲਗਾਉਣ, ਸਕੇਟਿੰਗ ਰਿੰਗ ਦੀ ਉਸਾਰੀ ਦਾ ਕੰਮ ਕੀਤਾ ਗਿਆ ਹੈ, ਜੋ ਕਿ ਮਿਤੀ 20.07.2022 ਨੂੰ ਮੁਕੰਮਲ ਹੋ ਚੁੱਕਾ ਹੈ।

ਇਸ ਤੋਂ ਇਲਾਵਾ ਆਭਾ ਪਾਰਕ ਵਿਖੇ ਕੁਝ ਹੋਰ ਕੰਮ ਕਰਵਾਉਣ ਲਈ ਇੱਕ ਨਵੀਂ ਤਜਵੀਜ਼ ਰੁਪਏ 133.94 ਲੱਖ ਦੀ ਤਿਆਰ ਕੀਤੀ ਗਈ ਸੀ। ਜਿਸ ਅਧੀਨ ਬਾਊਂਡਰੀ ਵਾਲ, ਟੁਆਇਲਟਾਂ ਬਲੌਕਾਂ ਦਾ ਰਹਿੰਦਾ ਕੰਮ, ਫੁੱਟਪਾਥ, ਮਾਰਬਲ ਫਲੋਰਿੰਗ, ਹੋਰ ਘਾਹ-ਬੂਟੇ ਲਗਾਉਣ, ਮਿੱਟੀ ਦੇ ਮਾਊਂਡ ਅਤੇ ਪੱਕੇ ਸਟਰਕਚਰਜ਼ ਦੀ ਉਸਾਰੀ ਆਦਿ ਦੇ ਕੰਮ ਸ਼ਾਮਿਲ ਹਨ।

ਇਸ ਕੰਮ ਦਾ ਟੈਂਡਰ ਲਗਾ ਦਿੱਤਾ ਗਿਆ ਹੈ ਜੋ ਮਿਤੀ 22.09.2024 ਨੂੰ ਖੋਲ੍ਹਿਆ ਜਾਣਾ ਹੈ। ਟੈਂਡਰ ਪ੍ਰੀਕਿਰਿਆ ਪੂਰੀ ਹੋਣ ਤੇ ਕੰਮ ਅਲਾਟ ਕਰਕੇ ਅਪ੍ਰੈਲ, 2025 ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ।

**ਸ੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਪਹਿਲਾਂ ਤਾਂ ਮੈਂ ਮੰਤਰੀ ਸਾਹਿਬ ਨੂੰ ਇਨਵਾਈਟ ਕਰਾਂਗਾ ਕਿ ਅਬੋਹਰ ਜ਼ਰੂਰ ਆਇਆ ਜੇ। ਸਾਡਾ ਆਭਾ ਪਾਰਕ ਦੇ ਇਲਾਵਾ ਬੱਸ ਅੱਡਾ, ਆਭਾ ਸਿਕੁਏਅਰ, ਸਾਡੀ ਮੰਡੀ ਨੰ. 1 ਐਂਡ 2, ਸਾਰੇ ਹੀ ਲੋਕਲ ਬਾਡੀਜ਼ ਮਹਿਕਮੇ ਦੇ ਕੰਮ ਢਾਈ ਸਾਲਾਂ ਤੋਂ ਬੰਦ ਪਏ ਹਨ। ਮੰਤਰੀ ਸਾਹਿਬ ਜਿਹੜਾ ਜਵਾਬ ਆਇਆ ਹੈ ਉਸ ਦੇ ਵਿੱਚ ਇੱਕ ਪਾਸੇ ਤਾਂ ਆਪਾਂ ਲਿਖ ਰਹੇ ਹਾਂ ਕਿ ਕੰਮ ਬੰਦ ਨਹੀਂ ਪਿਆ। ਦੂਜੇ ਪਾਸੇ ਜਵਾਬ ਦਿੱਤਾ ਗਿਆ, ਜਿਵੇਂ ਕੋਟਲੀ ਸਾਹਿਬ ਵੀ ਕਹਿ ਰਹੇ ਸੀ ਕਿ 1 ਕਰੋੜ 55 ਲੱਖ ਰੁਪਏ ਦਾ ਕੰਮ ਤਾਂ ਹੋ ਚੁੱਕਿਆ ਹੈ। ਮੰਤਰੀ ਸਾਹਿਬ ਇਹ ਫੋਟੋ ਦੇਖ ਲਓ ਜੀ। (ਆਪਣੇ ਹੱਥ ਵਿੱਚ ਕਾਗਜ਼ ਲਹਿਰਾਉਂਦੇ ਹੋਏ ) ਅੱਜਕੱਲ ਸ਼ਹਿਰਾਂ ਦੇ ਵਿੱਚ ਆਬਾਦੀ ਬਹੁਤ ਵੱਧ ਚੁੱਕੀ ਹੈ। ਇਹ ਜਿਹੜਾ ਨਵਾਂ ਪਾਰਕ ਅਸੀਂ ਬਣਾਉਣਾ ਸੀ ਇਹ ਢਾਈ ਸਾਲ ਤੋਂ ਖੰਡਰ ਬਣ ਚੁੱਕਿਆ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਸੀਂ ਟੈਂਡਰ ਲਗਾ ਦਿੱਤਾ ਹੈ ਤੇ 22.9.24 ਨੂੰ ਟੈਂਡਰ ਓਪਨ ਹੋਣ ਜਾ ਰਿਹਾ ਹੈ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ ।

**1040/amandeep kaur/Abhishek gautam**

**ਸ੍ਰੀ ਸੰਦੀਪ ਜਾਖੜ** : ਮੰਤਰੀ ਸਾਹਿਬ, ਸੀ.ਐਮ. ਸਾਹਿਬ ਹਮੇਸ਼ਾ ਕਹਿੰਦੇ ਹਨ ਕਿ ਖਜ਼ਾਨਾ ਭਰਿਆ ਹੋਇਆ ਹੈ। ਐਫ.ਐਮ. ਸਾਹਿਬ ਵੀ ਬੈਠੇ ਹਨ। ਪਲੀਜ਼ ਇੱਕ ਤਾਂ 22.09.24 ਨੂੰ ਟੈਂਡਰ ਕਰਵਾ ਦਿਉ। ਜੇਕਰ ਟੈਂਡਰ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਸ ਨੂੰ ਵੀ ਹੱਲ ਕੀਤਾ ਜਾਵੇ। 1 ਕਰੋੜ 33 ਲੱਖ ਰੁਪਏ ਦਾ ਕੰਮ ਪੈਂਡਿੰਗ ਪਿਆ ਹੈ, ਕਿਰਪਾ ਕਰਕੇ ਇਹ ਕੰਮ ਕਰਵਾ

ਦਿਉ ਜੀ। ਮੇਰੀ ਇਹ ਵੀ ਬੇਨਤੀ ਹੈ ਕਿ ਅਬੋਹਰ ਜ਼ਰੂਰ ਆਉ ਤੇ ਗੇੜਾ ਮਾਰ ਕੇ ਜਾਉ। ਅਸੀਂ ਸ਼ਹਿਰ ਨੂੰ ਮਸਾਂ ਹੀ ਰਹਿਣ ਲਾਇਕ ਬਣਾਇਆ ਸੀ, ਉਹ ਫਿਰ ਤੋਂ ਖੰਡਰ ਬਣ ਰਿਹਾ ਹੈ।

**ਮਾਣਯੋਗ ਸਪੀਕਰ** : ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੇ ਜਵਾਬ ਵੀ ਖੁਦ ਹੀ ਦੇ ਦਿੱਤਾ ਹੈ। ਫਿਰ ਵੀ ਮੰਤਰੀ ਜੀ ਜੇ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਲਵੋ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਮੌਕੇ ਦੀ ਕੋਈ ਪ੍ਰੈਕਟੀਕਲ ਗੱਲ ਤਾਂ ਨਹੀਂ ਕਰ ਸਕਦਾ ਪਰ ਜੋ ਕੁਝ ਉਥੇ ਹੋਇਆ ਉਸ ਬਾਰੇ ਦੱਸ ਦਿੰਦਾ ਹਾਂ ਕਿ ਉਹ ਅਧੂਰਾ ਸੀ। ਇਹ ਬਹੁਤ ਪੁਰਾਣੇ ਸਮੇਂ ਦੀ ਗੱਲ ਹੈ। ਹੁਣ ਮੈਂ ਇਨ੍ਹਾਂ ਨਾਲ ਵਾਅਦਾ ਕਰਦਾ ਹਾਂ ਕਿ ਅੱਗੇ ਤੋਂ ਉਥੇ ਜੋ ਟੈਂਡਰ ਹੋਵੇਗਾ ਉਸ ਨੂੰ ਸਿਰੇ ਚੜ੍ਹਾਇਆ ਜਾਵੇਗਾ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸ੍ਰੀ ਸੰਦੀਪ ਜਾਖੜ** : ਸਰ, ਸਪਲੀਮੈਂਟੀ ਜੀ।

**ਮਾਣਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਜਵਾਬ ਆ ਗਿਆ ਹੈ।

**ਸ੍ਰੀ ਸੰਦੀਪ ਜਾਖੜ** : ਸਰ, ਇਸੇ ਨਾਲ ਰਿਲੇਟਿਡ ਇੱਕ ਹੋਰ ਸਪਲੀਮੈਂਟਰੀ ਹੈ ਜੀ।

**ਮਾਣਯੋਗ ਸਪੀਕਰ** : ਹਾਂ ਜੀ, ਬੋਲੋ ਜੀ।

**ਸ੍ਰੀ ਸੰਦੀਪ ਜਾਖੜ** : ਸਰ, ਮੇਰੀ ਮੰਤਰੀ ਸਾਹਿਬ ਨੂੰ ਇੱਕ ਹੋਰ ਰਿਕੁਐਸਟ ਹੈ ਕਿ ਜਿਹੜੀਆਂ ਪੰਜਾਬ ਦੀਆਂ ਛੋਟੀਆਂ ਕਾਰਪੋਰੇਸ਼ਨਾਂ ਹਨ, ਉਥੇ ਪ੍ਰਾਬਲਮ ਇਹ ਹੈ ਕਿ ਉਨ੍ਹਾਂ ਕੋਲ ਰਿਸੋਰਸਿਜ਼ ਨਹੀਂ ਹਨ, ਰੈਵੇਨਿਊ ਨਹੀਂ ਹੁੰਦਾ। ਜੇ ਮੈਂ ਅਬੋਹਰ ਦੀ ਗੱਲ ਕਰਾਂ ਤਾਂ ਪਹਿਲਾਂ ਉਥੇ ਨਰਮੇ ਦੀਆਂ ਫੈਕਟਰੀਆਂ ਹੁੰਦੀਆਂ ਸਨ, ਉਸ ਨਾਲ ਰੈਵੇਨਿਊ ਆਉਂਦਾ ਸੀ।

**ਮਾਣਯੋਗ ਸਪੀਕਰ** : ਤੁਸੀਂ ਸਵਾਲ ਪੁੱਛ ਲਵੋ।

**ਸ੍ਰੀ ਸੰਦੀਪ ਜਾਖੜ** : ਮੇਰੀ ਤੁਹਾਨੂੰ ਰਿਕੁਐਸਟ ਹੈ ਕਿ ਜਿਹੜੀਆਂ ਛੋਟੀਆਂ ਕਾਰਪੋਰੇਸ਼ਨਾਂ ਹਨ, ਉਨ੍ਹਾਂ ਸਬੰਧੀ ਪਾਲਿਸੀ ਬਣਾਈ ਜਾਵੇ। ਜਿਹੜਾ ਕਾਰਪੋਰੇਸ਼ਨਜ਼ ਨੂੰ ਜੀ.ਐਸ.ਟੀ. ਰਾਹੀਂ ਫੰਡ ਆਉਂਦਾ ਹੈ ਉਸ ਫਾਰਮੂਲੇ ਨੂੰ ਬਦਲਿਆ ਜਾਵੇ। ਇਹ ਫਾਰਮੂਲਾ ਉਸ ਸਮੇਂ ਦਾ ਹੈ ਜਦੋਂ ਚੁੰਗੀ ਸਿਸਟਮ ਲਾਗੂ ਹੁੰਦਾ ਸੀ। ਹੁਣ ਆਬਾਦੀ ਵੱਧ ਚੁੱਕੀ ਹੈ ਅਤੇ ਇਸ ਹਿਸਾਬ ਨਾਲ ਇਹ ਪਾਲਿਸੀ ਬਦਲਣੀ ਚਾਹੀਦੀ ਹੈ। ਇਸ ਲਈ ਛੋਟੀਆਂ ਕਾਰਪੋਰੇਸ਼ਨਾਂ ਨੂੰ ਵੀ ਅਪ-ਟੂ-ਡੇਟ ਕੀਤਾ ਜਾਵੇ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਇਹ ਵੱਖਰਾ ਸਵਾਲ ਬਣਦਾ ਹੈ ਜੀ।

-------

**ਹਲਕਾ ਜਗਰਾਉਂ ਨੂੰ ਨਹਿਰੀ ਪਾਣੀ ਦਿਵਾਉਣਾ**

***1247. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਗਰਾਉਂ ਦਾ ਕੁੱਲ ਕਿੰਨਾ ਰਕਬਾ ਨਹਿਰੀ ਪਾਣੀ ਤੋਂ ਵਾਂਝਾ ਹੈ ਅਤੇ ਕਿੰਨੇ ਥਾਵਾਂ ਤੇ ਅਜੇ ਤੱਕ ਖਾਲ ਵੀ ਨਹੀਂ ਛੁਡਵਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ :** ਹਲਕਾ ਜਗਰਾਉਂ ਦਾ ਕੁੱਲ 83389 ਏਕੜ ਰਕਬਾ ਨਹਿਰੀ ਚੱਕ ਅਧੀਨ ਪੈਂਦਾ ਹੈ। ਸਾਲ 2023-2024 ਦੌਰਾਨ ਸਾਉਣੀ ਦੀ ਗਿਰਦਾਵਰੀ ਅਨੁਸਾਰ ਜਗਰਾਉਂ ਹਲਕੇ ਦੇ ਕੁੱਲ 30512 ਏਕੜ ਰਕਬੇ ਦੀ ਸਿੰਚਾਈ ਨਹਿਰੀ ਪਾਣੀ ਨਾਲ ਕੀਤੀ ਗਈ। ਸਾਲ 2023-24 ਅਤੇ ਸਾਲ 2024-25 ਦੌਰਾਨ ਖਾਲ ਬਹਾਲੀ ਦੀਆਂ ਮੁਹਿੰਮਾਂ ਚਲਾਈਆਂ ਗਈਆਂ ਅਤੇ ਮੁਰੱਬਾ-ਬੰਦੀ ਦੇ ਸਾਰੇ ਖਾਲ ਬਹਾਲ ਕੀਤੇ ਗਏ। ਭਾਈਚਾਰਕ ਖਾਲਾਂ ਦੀ ਬਹਾਲੀ ਦਾ ਕੰਮ ਕਿਸਾਨਾਂ ਨੂੰ ਪ੍ਰੇਰਿਤ ਕਰਕੇ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਸਾਲ 2025-26 ਤੱਕ ਹੋਣ ਦੀ ਸੰਭਾਵਨਾ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਇਨ੍ਹਾਂ ਨੇ ਕਿਹਾ ਹੈ ਕਿ ਕੁਝ ਖਾਲ ਬਹਾਲ ਕਰਵਾ ਦਿੱਤੇ ਗਏ ਹਨ। ਜਿਹੜੇ ਖਾਲ ਬਹਾਲ ਕੀਤੇ ਗਏ ਹਨ, ਉਨ੍ਹਾਂ ਨੂੰ ਨਵਾਂ ਬਣਾਉਣ ਲਈ ਜਾਂ ਅੰਡਰ ਗਰਾਊਂਡ ਪਾਈਪ ਪਾਉਣ ਲਈ ਕੁਝ ਫੰਡਜ਼ ਰੱਖੇ ਹੋਣੇ ਹਨ, ਉਨ੍ਹਾਂ ਬਾਰੇ ਦੱਸ ਦੇਣ ਤਾਂ ਕਿ ਨਵੀਆਂ ਖਾਲਾਂ ਡਿਵੈਲਪ ਕੀਤੀਆਂ ਜਾ ਸਕਣ ਅਤੇ ਨਾਜਾਇਜ਼ ਕਬਜ਼ੇ ਨਾ ਹੋ ਸਕਣ। ਸਰ, ਪਹਿਲਾਂ ਇਸ ਦਾ ਜਵਾਬ ਦੇ ਦੇਣ, ਫਿਰ ਦੂਜੀ ਸਪਲੀਮੈਂਟਰੀ ਮੈਂ ਬਾਅਦ ਵਿੱਚ ਕਰਾਂਗੀ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੈਂ ਸਤਿਕਾਰਯੋਗ ਭੈਣ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਰੀ ਪਾਈਪਾਂ ਵਾਸਤੇ ਜਿੰਨਾ ਵੀ ਬਜਟ ਅਲਾਟ ਹੋਇਆ ਸੀ, ਉਹ ਲੱਗ ਚੁੱਕਾ ਹੈ। ਹੁਣ ਜਦੋਂ ਵੀ ਅਗਲਾ ਫੰਡ ਆਵੇਗਾ, ਇਹ ਕੰਮ ਵੀ ਕਰ ਦਿਆਂਗੇ। ਸਾਡੀ ਕੋਸ਼ਿਸ਼ ਇਹ ਹੈ ਕਿ ਪੰਜਾਬ ਦਾ ਪਾਣੀ ਅਜਿਹੇ ਤਰੀਕੇ ਨਾਲ ਵਰਤਿਆ ਜਾਵੇ ਕਿ ਇਸ ਨੂੰ ਵੱਧ ਤੋਂ ਵੱਧ ਵਰਤੋਂ ਵਿੱਚ ਲਿਆਂਦਾ ਜਾ ਸਕੇ। ਸੋ, ਪਾਈਪਾਂ ਪਾਉਣ ਲਈ ਸਾਡੀ ਪਰਪੋਜ਼ਲ ਆਲਰੇਡੀ ਚੱਲ ਰਹੀ ਹੈ। ਜਿਹੜੇ ਪਹਿਲਾਂ ਕੱਚੇ ਖਾਲੇ ਜਾਂਦੇ ਸਨ, ਅਸੀਂ ਉਥੇ ਪਾਈਪਾਂ ਪਾਵਾਂਗੇ। ਸਤਿਕਾਰਯੋਗ ਭੈਣ ਜੀ, ਤੁਹਾਡੇ ਏਰੀਏ ਵਿੱਚ ਵੀ ਪਹਿਲਾਂ ਬਹੁਤ ਘੱਟ ਪਾਣੀ ਲੱਗਦਾ ਸੀ। ਸਿਰਫ 30,000 ਏਕੜ ਦੇ ਕਰੀਬ ਜ਼ਮੀਨ ਨੂੰ ਪਾਣੀ ਲੱਗਦਾ ਸੀ। ਅਸੀਂ 2024-25 ਦੀ ਗਿਰਦਾਵਰੀ ਤੱਕ ਇਸ ਨੂੰ ਵਧਾ ਕੇ ਲਗਭਗ 50,000 ਏਕੜ ਦੇ ਕਰੀਬ ਲੈ ਕੇ ਜਾਵਾਂਗੇ।

ਇਸ ਤੋਂ ਇਲਾਵਾ ਬਾਕੀ ਜਿੰਨੇ ਵੀ ਸਤਿਕਾਰਯੋਗ ਮੈਂਬਰ ਇੱਥੇ ਬੈਠੇ ਹਨ, ਜਿਹੜੇ ਆਪਣੇ-ਆਪਣੇ ਹਲਕੇ ਦੀ ਸੇਵਾ ਕਰਦੇ ਹਨ, ਉਨ੍ਹਾਂ ਸਾਰਿਆਂ ਦੇ ਹਲਕਿਆਂ ਵਿੱਚ ਇਹ ਕੰਮ ਕਰਾਂਗੇ। ਸਾਡਾ ਨਜ਼ਰੀਆ ਪੱਖ-ਪਾਤ ਵਾਲਾ ਨਹੀਂ ਹੈ। ਸਾਡੇ ਮੁੱਖ ਮੰਤਰੀ ਸਾਹਿਬ ਪਾਣੀ ਦੇ ਮਸਲੇ ਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਕਰਦੇ। ਅਸੀਂ ਪੰਜਾਬ ਦੇ ਹਰ ਇੱਕ ਖੇਤ ਨੂੰ ਪਾਣੀ ਦੇਣ ਵਾਸਤੇ ਵਚਨਬੱਧ ਹਾਂ। (ਥੰਪਿੰਗ) ਅਸੀਂ ਇਸ ਕੰਮ ਵਾਸਤੇ ਦ੍ਰਿੜ੍ਹਤਾ ਨਾਲ ਖੜ੍ਹੇ ਹਾਂ ਅਤੇ ਅਸੀਂ ਹਰ ਕਦਮ ਪੰਜਾਬ ਦੇ ਹਿੱਤ ਲਈ, ਪੰਜਾਬ ਦੇ ਭਲੇ ਲਈ ਕਰਾਂਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਬਹੁਤ ਅੱਛਾ ਲੱਗਾ ਪਰ ਮੈਂ ਜਗਰਾਉਂ ਦੀ ਗੱਲ ਕਰਦੀ ਹਾਂ ਕਿਉਂਕਿ ਮੈਨੂੰ ਜਗਰਾਉਂ ਨੇ ਚੁਣ ਕੇ ਭੇਜਿਆ ਹੈ। ਪੰਜਾਬ ਵਿੱਚ ਇਹ ਪ੍ਰਾਬਲਮ ਆਉਂਦੀ ਹੈ ਕਿ ਜਿਨ੍ਹਾਂ 11-11 ਫੁੱਟ ਦੀਆਂ ਪਹੀਆਂ ਤੋਂ ਪਾਈਪ ਲੰਘਣੀ ਹੁੰਦੀ ਹੈ, ਲੋਕ ਉਨ੍ਹਾਂ ਨੂੰ ਦੋਨੇ ਪਾਸਿਉਂ ਕੱਟ ਕੇ ਪਹੀ ਦਾ ਏਰੀਆ ਘਟਾ ਲੈਂਦੇ ਹਨ ਅਤੇ ਕਬਜ਼ਾ ਕਰ ਲੈਂਦੇ

ਹਨ। ਫਿਰ ਸਾਨੂੰ ਉਸ ਦਾ ਕਬਜ਼ਾ ਛੁਡਾਉਣਾ ਜਾਂ ਕਬਜ਼ਾ ਲੈਣਾ ਪੈਂਦਾ ਹੈ। ਜਿਹੜੀ ਸਾਡੀ ਸਰਕਾਰ ਦੀ ਜਗ੍ਹਾ ਹੈ, ਉਸ ਨੂੰ ਕਦੋਂ ਤੱਕ ਕਵਰ ਕਰ ਲਿਆ ਜਾਵੇਗਾ? ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਏਰੀਏ ਵਿੱਚ ਕਿਸਾਨਾਂ ਨਾਲ ਗੱਲ ਕਰਕੇ ਭਾਈਚਾਰਕ ਖਾਲਾਂ ਬਣਾਈਆਂ ਜਾਣਗੀਆਂ, ਇਸ ਸਬੰਧੀ ਕਿਸੇ ਕਿਸਮ ਦਾ ਕੋਈ ਰੌਲਾ ਨਹੀਂ ਹੈ। ਸਾਡੇ ਪਿੰਡਾਂ ਵਾਲੇ ਤਾਂ ਆਪ ਆ ਕੇ ਕਹਿੰਦੇ ਹਨ ਕਿ ਤੁਸੀਂ ਵਿਭਾਗ ਵਾਲੇ ਭੇਜ ਦਿਉ, ਅਸੀਂ ਇਹ ਕੰਮ ਕਰਨ ਲਈ ਤਿਆਰ ਹਾਂ। ਮੰਤਰੀ ਸਾਹਿਬ ਆਪਣੇ ਵਿਭਾਗ ਦੇ ਕਿਸੇ ਵੀ ਬੰਦੇ ਨੂੰ ਭੇਜ ਦੇਣ, ਅਸੀਂ ਸਾਥ ਦੇਣ ਨੂੰ ਤਿਆਰ ਹਾਂ। ਮੇਰੇ ਹਲਕੇ ਦਾ ਕੰਮ ਟਾਈਮ ਬਾਊਂਡ ਕਰ ਦਿੱਤਾ ਜਾਵੇ ਕਿਉਂਕਿ ਅਸੀਂ ਹਮੇਸ਼ਾ ਅਖੀਰ ਵਿੱਚ ਰਹਿ ਜਾਂਦੇ ਹਾਂ।

**1045/Tarlochan Singh/Abhishek gautam**

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮੇਰੀ ਭੈਣ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਨੂੰ ਸੈਸ਼ਨ ਖਤਮ ਹੋ ਜਾਣਾ ਹੈ ਤੇ ਪਰਸੋਂ ਜਦੋਂ ਸਾਡੀ ਭੈਣ ਆਪਣੇ ਹਲਕੇ ਵਿੱਚ ਜਾਵੇਗੀ ਤਾਂ ਸਬੰਧਿਤ ਅਧਿਕਾਰੀ ਜਗਰਾਉਂ ਵਿੱਚ ਖੜ੍ਹੇ ਹੋਣਗੇ ਤੇ ਜੋ ਵੀ ਇਨ੍ਹਾਂ ਨੇ ਦਿਖਾਉਣਾ ਹੈ, ਉਹ ਦਿਖਾ ਕੇ ਕਾਰਵਾਈ ਸ਼ੁਰੂ ਕਰਵਾ ਦਿੱਤੀ ਜਾਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੰਤਰੀ ਜੀ ਨੇ ਸਰਕਾਰ ਦੀ ਆਉਣ ਵਾਲੀ ਪਲਾਨਿੰਗ ਦੱਸੀ ਹੈ, ਬਹੁਤ ਅੱਛੀ ਗੱਲ ਹੈ। ਜੌੜਾਮਾਜਰਾ ਜੀ, ਥੋੜ੍ਹਾ ਇੱਧਰ ਧਿਆਨ ਕਰੋ। ਮੇਰੇ ਹਲਕੇ ਵਿੱਚ ਵੀ ਇੱਕ ਪਿੰਡ ਹੈ, ਧਾਰੀਵਾਲ ਕਲਾਂ ਬਲਾਕ ਧਾਰੀਵਾਲ, ਜਿਸ ਵਿੱਚ ਇੱਕ ਕੱਸੀ ਤੇ ਲੋਕਾਂ ਨੇ ਬੜੀ ਦੇਰ ਤੋਂ ਕਬਜ਼ਾ ਕੀਤਾ ਹੈ। ਅੱਠ-ਦਸ ਪਿੰਡਾਂ ਵਾਲੇ ਚਾਹੁੰਦੇ ਹਨ ਕਿ ਉਹ ਕੱਸੀ ਨਿਕਲਣੀ ਚਾਹੀਦੀ ਹੈ ਤੇ ਉਹ ਤੁਹਾਡੀ ਹੀ ਪਾਰਟੀ ਦੇ ਬੰਦਿਆਂ ਨੇ ਰੋਕੀ ਹੈ। ਅੱਜ ਤੋਂ ਚਾਰ ਦਿਨ ਪਹਿਲਾਂ ਉੱਥੇ ਡਿਪਟੀ ਕਮਿਸ਼ਨਰ ਨੇ ਜਾਣਾ ਸੀ but he was stopped by your own party people. ਕੀ ਤੁਸੀਂ ਐਸ਼ਿਉਰ ਕਰੋਗੇ ਕਿ ਡਿਪਟੀ ਕਮਿਸ਼ਨਰ ਉੱਥੇ ਜਾਏਗਾ ਤੇ ਉਹ ਕੱਸੀ ਕੱਢੀ ਜਾਵੇਗੀ। ਪਾਣੀ ਦੀ ਗੱਲ ਆਪਾਂ ਕੀਤੀ ਹੈ।

**ਮਾਣਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਤੁਸੀਂ ਦੇ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਵਾਲ ਤਾਂ ਵੱਖਰਾ ਹੀ ਹੈ। ਮੰਤਰੀ ਜੀ ਦੀ ਐਸ਼ਿਉਰੈਂਸ ਚਾਹੀਦੀ ਹੈ।

**ਮਾਣਯੋਗ ਸਪੀਕਰ**: ਸਵਾਲ ਵੱਖਰਾ ਹੈ ਜੀ। You are well aware with the conventions of the House.

**Sardar Partap Singh Bajwa**: I am very much aware ਲੇਕਿਨ ਇਨ੍ਹਾਂ ਦੀ ਐਸ਼ਿਉਰੈਂਸ ਚਾਹੀਦੀ ਹੈ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ। ਤੁਸੀਂ ਸਵਾਲ ਦੇ ਦਿਓ। He will go into detail. Please sit down.

--------------

**ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ ਭਰਨਾ**

***1192. ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਸੀ.ਐਚ.ਸੀ. ਮਜੀਠਾ, ਪੀ.ਐਚ.ਸੀ. ਥਰੀਏਵਾਲ ਅਤੇ ਮਿੰਨੀ ਪੀ.ਐਚ.ਸੀ. ਚਵਿੰਡਾ ਦੇਵੀ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਇਸ ਵੇਲੇ ਡਾਕਟਰਾਂ ਅਤੇ ਪੈਰ੍ਹਾ ਮੈਡੀਕਲ ਸਟਾਫ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਕਿੰਨੇ ਚਿਰ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ;

ਅ) ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ।

**ਡਾਕਟਰ ਬਲਬੀਰ ਸਿੰਘ**: ਸ਼੍ਰੀਮਾਨ ਜੀ,

ੳ) ਸੀ.ਐਚ.ਸੀ. ਮਜੀਠਾ, ਪੀ.ਐਚ.ਸੀ. ਥਰੀਏਵਾਲ ਅਤੇ ਮਿੰਨੀ ਪੀ.ਐਚ.ਸੀ. ਚਵਿੰਡਾ ਦੇਵੀ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਮੈਡੀਕਲ ਅਤੇ ਪੈਰ੍ਹਾ ਮੈਡੀਕਲ ਸਟਾਫ ਦੀਆਂ ਕੁੱਲ 50 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 47 ਅਸਾਮੀਆਂ ਭਰੀਆਂ ਅਤੇ 03 ਅਸਾਮੀਆਂ ਖਾਲੀ ਹਨ। ਇਨ੍ਹਾਂ ਸੰਸਥਾਵਾਂ ਵਿੱਚ ਮੈਡੀਕਲ ਅਫਸਰਾਂ ਦੀਆਂ ਕੇਵਲ 02 ਅਤੇ ਪੈਰ੍ਹਾ ਮੈਡੀਕਲ ਸਟਾਫ ਦੀ 01 ਅਸਾਮੀ ਲਗਭਗ 1 ਤੋਂ ਦੋ ਸਾਲ ਦੇ ਸਮੇਂ ਤੋਂ ਖਾਲੀ ਹਨ।

ਅ) ਰਾਜ ਵਿੱਚ ਉਕਤ ਅਸਾਮੀਆਂ ਨੂੰ ਭਰਨ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਮੈਡੀਕਲ ਅਫਸਰਾਂ (ਜਨਰਲ) ਦੀਆਂ 1940 ਅਸਾਮੀਆਂ ਨੂੰ ਵੱਖ ਵੱਖ ਫੇਜ਼ ਵਿੱਚ ਭਰਨ ਦੀ ਪ੍ਰਵਾਨਗੀ ਸਰਕਾਰ ਦੇ ਮੈਮੋਰੰਡਮ 01/45/2024-1ਕੈਬਨਿਟ/1062 ਮਿਤੀ 09.03.2024 ਰਾਹੀਂ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ ਅਸਾਮੀਆਂ ਵਿੱਚੋਂ ਪਹਿਲੇ ਫੇਜ਼ ਵਿੱਚ 400 ਅਸਾਮੀਆਂ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ ਅਸਾਮੀਆਂ ਨੂੰ ਵਿਭਾਗੀ ਚੋਣ ਕਮੇਟੀ ਰਾਹੀਂ ਭਰਨ ਸਬੰਧੀ ਪ੍ਰਕ੍ਰਿਆ ਵੀ ਜਾਰੀ ਹੈ। ਮੈਡੀਕਲ ਅਤੇ ਪੈਰ੍ਹਾ ਮੈਡੀਕਲ ਸਟਾਫ ਦੀਆਂ 1866 ਅਸਾਮੀਆਂ ਨੂੰ ਭਰਨ ਸਬੰਧੀ ਪ੍ਰਕ੍ਰਿਆ ਜਾਰੀ ਹੈ। ਜਲਦ ਹੀ ਮੈਡੀਕਲ ਅਤੇ ਪੈਰ੍ਹਾ ਮੈਡੀਕਲ ਸਟਾਫ ਨੂੰ ਨਿਯੁਕਤੀ ਪੱਤਰ ਜਾਰੀ ਕਰਦੇ ਹੋਏ ਭਰਤੀ ਪ੍ਰਕ੍ਰਿਆ ਮੁਕੰਮਲ ਕਰ ਲਈ ਜਾਵੇਗੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਕੱਲ੍ਹ ਸ਼ਾਮ ਨੂੰ ਥਰੀਏਵਾਲ ਵਿੱਚ ਐਸ.ਐਮ.ਓ. ਦਾ ਅਪੁਆਇੰਟਮੈਂਟ ਹੋ ਗਿਆ ਹੈ ਪਰ ਮੇਰਾ ਮੇਨ ਮੁੱਦਾ ਹੈ ਕਿ ਮਜੀਠੇ ਸੀ.ਐਚ.ਸੀ. ਵਿੱਚ ਗਾਇਨੋਕੋਲੋਜਿਸਟ ਨਹੀਂ ਹੈ ਤੇ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਸਾਡੇ ਹਾਊਸ ਵਿੱਚ ਮੇਨਲੀ ਲੇਡੀਜ਼ ਹਨ ਤੇ ਮੰਤਰੀ ਸਾਹਿਬ ਆਪ ਵੀ ਡਾਕਟਰ ਹਨ। ਸਾਡੇ ਹਲਕੇ ਦਾ ਮੇਨ ਹਸਪਤਾਲ ਸੀ.ਐਚ.ਸੀ. ਹੈ ਤੇ ਮੇਰੇ ਹਲਕੇ ਵਿੱਚ ਹੋਰ ਕਿਤੇ ਵੀ ਗਾਇਨੋਕੋਲੋਜਿਸਟ ਨਹੀਂ ਹੈ। ਦੋ ਸਾਲ ਹੋ ਗਏ ਹਨ, ਉੱਥੇ ਕੋਈ ਲੇਡੀ ਡਾਕਟਰ ਨਹੀਂ ਹੈ। ਜੇ ਕੋਈ ਐਮਰਜੈਂਸੀ ਆਉਂਦੀ ਹੈ ਤਾਂ ਉਨ੍ਹਾਂ ਨੂੰ ਅੰਮ੍ਰਿਤਸਰ ਜਾਂ ਬਟਾਲੇ ਰੈਫਰ ਕੀਤਾ ਜਾਂਦਾ ਹੈ ਜਿਸ ਕਰਕੇ ਲੇਡੀਜ਼ ਨੂੰ ਬਹੁਤ ਜ਼ਿਆਦਾ ਦਿੱਕਤ ਆ ਰਹੀ ਹੈ। ਮੇਰੀ ਤੁਹਾਨੂੰ ਇਹੀ ਬੇਨਤੀ ਹੈ ਕਿ ਉੱਥੇ ਜਲਦ ਤੋਂ ਜਲਦ ਗਾਇਨੋਕੋਲੋਜਿਸਟ ਅਪੁਆਇੰਟ ਕੀਤਾ ਜਾਵੇ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ਉੱਥੇ ਗਾਇਨੋਕੋਲੋਜਿਸਟ ਕਦੋਂ ਤੱਕ ਅਪੁਆਇੰਟ ਕੀਤਾ ਜਾਵੇਗਾ ਕਿਉਂਕਿ ਲੇਡੀਜ਼ ਨੂੰ ਬਹੁਤ ਦਿੱਕਤ ਆ ਰਹੀ ਹੈ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਦਾ ਇਹ ਬੜਾ ਪਰਟੀਨੈਂਟ ਪ੍ਰਸ਼ਨ ਹੈ ਐਂਰ ਇਹ ਬਹੁਤ ਸਾਰੇ ਹਲਕਿਆਂ ਦੀ ਦਿੱਕਤ ਹੈ। ਇਸ ਬਾਰੇ ਮੈਂ ਸਾਰੇ ਮੈਂਬਰ ਸਾਹਿਬਾਨ ਦਾ ਧਿਆਨ ਖਿੱਚਣਾ ਚਾਹੁੰਦਾ ਹਾਂ ਕਿਉਂਕਿ ਜਿਹੜੀ ਮੈਂ ਜਾਣਕਾਰੀ ਦੇਣ ਜਾ ਰਿਹਾ ਹਾਂ ਇਹ ਬਹੁਤ ਜ਼ਰੂਰੀ ਹੈ। ਸਾਡੇ ਕੋਲ ਤਰਨਤਾਰਨ ਵਿੱਚ ਬੜੇ ਲੰਮੇ ਸਮੇਂ ਤੋਂ ਗਾਇਨੋਕੋਲੋਜਿਸਟ ਨਹੀਂ ਸੀ ਤੇ ਮੈਂ ਉੱਥੇ ਦੇ ਹਲਕੇ ਦੇ ਮੈਂਬਰ ਡਾਕਟਰ ਕਸ਼ਮੀਰ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਕੋਈ ਗਾਇਨੋਕੋਲੋਜਿਸਟ ਲੱਭ ਲਓ ਜਿਹੜਾ ਤਰਨਤਾਰਨ ਵਿੱਚ ਕੰਮ ਕਰਨ ਲਈ ਤਿਆਰ ਹੋਵੇ ਕਿਉਂਕਿ ਸਾਨੂੰ ਦਿੱਕਤ ਹੈ ਤੇ ਸਾਡੇ ਕੋਲ ਗਾਇਨੋਕੋਲੋਜਿਸਟ ਨਹੀਂ ਹੈ। ਸਾਡੇ ਕੋਲ ਗਾਇਨੀ ਦੇ, ਐਨੇਸਥੀਸੀਆ ਦੇ ਬੇਹੋਸ਼ੀ ਵਾਲੇ ਮੈਡੀਕਲ ਸਪੈਸ਼ਲਿਸਟਸ ਦੀ ਬੜੇ ਲੰਮੇ ਸਮੇਂ ਤੋਂ acute shortage ਹੈ। ਅਸੀਂ ਲਗਾਤਾਰ ਉਨ੍ਹਾਂ ਦੀ ਰਿਕਰੂਟਮੈਂਟ ਕਰ ਰਹੇ ਹਾਂ। ਪਹਿਲੇ ਵੀ ਅਸੀਂ 101 ਰਿਕਰੂਟ ਕੀਤੇ ਹਨ ਪਰ ਉਨ੍ਹਾਂ ਵਿੱਚੋਂ ਸਿਰਫ 25 ਬੰਦਿਆਂ ਨੇ ਜੁਆਇਨ ਕੀਤਾ ਹੈ। ਗਾਇਨੋਕੋਲੋਜਿਸਟ ਦੀ ਬੜੀ ਸੀਰੀਅਸ ਸ਼ਾਰਟੇਜ਼ ਹੈ ਤੇ ਅਸੀਂ ਇਸ ਨੂੰ ਓਵਰਕਮ ਕਰਨ ਲਈ ਤਰਨਤਾਰਨ ਵਿੱਚ ਇੱਕ ਲੋਕਲ ਡਾਕਟਰ ਨੂੰ ਐਮਪੈਨਲ ਕੀਤਾ ਹੈ ਤੇ ਉਸ ਨੂੰ ਅਸੀਂ 3500/- ਰੁਪਏ ਪ੍ਰਤੀ ਸੀਜ਼ੇਰੀਅਨ ਲਈ ਦਿੰਦੇ ਹਾਂ ਅਤੇ ਦੂਜੇ ਵਾਸਤੇ 2000/- ਰੁਪਏ ਦਿੰਦੇ ਹਾਂ। ਚਾਰ ਤੋਂ ਬਾਅਦ ਫਿਰ 3500/- ਰੁਪਏ ਰੇਟ ਹੋ ਜਾਂਦਾ ਹੈ ਤੇ ਰਾਤ ਨੂੰ ਡੇਢਾ ਰੇਟ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਮਲੇਰਕੋਟਲਾ ਵਿੱਚ ਵੀ ਇਸ ਈਸ਼ੂ ਨੂੰ ਓਵਰਕਮ ਕੀਤਾ ਹੈ ਅਤੇ ਇਸੇ ਤਰ੍ਹਾਂ ਗੁਰਦਾਸਪੁਰ ਵਿੱਚ ਫਤਹਿਗੜ੍ਹ ਚੂੜੀਆਂ ਵਿੱਚ ਵੀ ਇਸ ਨੂੰ ਓਵਰਕਮ ਕੀਤਾ ਹੈ ਐਂਰ ਉਹ ਡਾਕਟਰ ਤਕਰੀਬਨ ਡੇਢ ਤੋਂ ਦੋ ਲੱਖ ਰੁਪਏ ਕਮਾ ਰਹੇ ਹਨ। ਡਾਕਟਰ ਵੀ ਖੁਸ਼ ਹਨ। ਸੋ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਤੁਹਾਡੇ ਕੋਲ ਸਪੈਸ਼ਲਿਸਟ ਨਹੀਂ ਹੈ you have to find a doctor. ਅਗਲੀ ਗੱਲ ਇਨ੍ਹਾਂ ਦੇ ਯਾਦ ਰੱਖਣ ਵਾਲੀ ਹੈ ਕਿ ਕੋਈ ਐਸ.ਐਮ.ਓ. ਰਿਟਾਇਰ ਹੋ ਗਿਆ ਜਿਹੜੀ ਕਿ ਗਾਇਨੋਕੋਲੋਜਿਸਟ ਹੈ, ਉਹ 58 ਦੀ ਉਮਰ ਵਿੱਚ ਰਿਟਾਇਰ ਹੋ ਗਏ ਹਨ ਤਾਂ 65 ਸਾਲ ਦੀ ਉਮਰ ਤੱਕ ਅਸੀਂ ਉਨ੍ਹਾਂ ਨੂੰ ਰੀ-ਇੰਪਲਾਇ ਕਰ ਲਵਾਂਗੇ, ਉਸ ਨੂੰ ਤਨਖਾਹ ਦੇਵਾਂਗੇ। ਉਹ ਐਮਪੈਨਮੈਂਟ ਵੋਟ ਤੇ ਆ ਸਕਦੇ ਹਨ they can earn money.

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ਸਰ, ਇੱਕ ਤਾਂ ਗਾਇਨੋਕੋਲੋਜਿਸਟ ਨਹੀਂ ਹੈ ਤੇ ਦੂਜਾ, ਚਵਿੰਡਾ ਦੇਵੀ ਹਸਪਤਾਲ ਵਿੱਚ ਮੈਡੀਕਲ ਅਫਸਰ ਵੀ ਨਹੀਂ ਹੈ, ਉੱਥੇ ਕੋਈ ਨਹੀਂ ਹੈ ਜਿਹੜਾ ਓ.ਪੀ.ਡੀ. ਸੰਭਾਲ ਸਕੇ।

**1050/mehak/BS khokhar**

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ**: ਤੁਸੀਂ ਕਦੋਂ ਤੱਕ ਇਹ ਸਾਰੇ ਅਪੁਆਇੰਟ ਕਰ ਦੇਵੋਗੇ? ਗਾਇਨਾਕੋਲੋਜਿਸਟ ਲਈ ਟਾਈਮ ਫਰੇਮ ਦੇ ਦਿਉ ਕਿਉਂਕਿ ਦੋ ਸਾਲ ਹੋ ਚੁੱਕੇ ਹਨ ਅਤੇ ਉੱਥੇ ਕੋਈ ਅਪੁਆਇੰਟਮੈਂਟ ਨਹੀਂ ਹੋਈ ਹੈ। ਇਹ ਦੋਵੇਂ ਚੀਜ਼ਾਂ ਬਹੁਤ ਜ਼ਰੂਰੀ ਹਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਨੈਸ਼ਨਲ ਹੈਲਥ ਮਿਸ਼ਨ ਅਨੁਸਾਰ ਜਦੋਂ ਵੀ ਸਾਨੂੰ ਗਾਇਨਾਕੋਲੋਜਿਸਟ ਮਿਲਦਾ ਹੈ ਤਾਂ ਅਸੀਂ ਨਾਲ ਦੀ ਨਾਲ ਅਪੁਆਇੰਟ ਕਰ ਦਿੰਦੇ ਹਾਂ। ਹੁਣ ਵੀ ਸਾਡੀ ਰੈਗੂਲਰਲੀ ਰਿਕਰੂਟਮੈਂਟ ਚਲਦੀ ਹੈ। ਮੈਂ ਦੱਸਿਆ ਵੀ ਹੈ ਕਿ ਅਸੀਂ 101 ਅਪੁਆਇੰਟ ਕੀਤੇ ਹਨ ਅਤੇ ਜਿੱਥੇ ਉਹ ਲੱਗਣਾ ਚਾਹੁੰਦੇ ਸੀ, ਉਨ੍ਹਾਂ ਨੂੰ ਉੱਥੇ ਲਗਾ ਲਿਆ ਗਿਆ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ, ਧੰਨਵਾਦ।

**ਮੰਤਰੀ**: ਜਿਹੜਾ ਤੁਹਾਡਾ ਚਵਿੰਡਾ ਦੇਵੀ ਦਾ ਹਸਪਤਾਲ ਹੈ, ਉੱਥੇ ਦੋ ਪੋਸਟਾਂ ਹਨ ਅਤੇ ਉੱਥੇ ਇੱਕ ਡਾਕਟਰ ਹੈ। ਉੱਥੇ ਆਮ ਆਦਮੀ ਕਲੀਨਿਕ ਬਣਿਆ ਹੋਇਆ ਹੈ, ਤੁਹਾਡੇ ਹਲਕੇ ਵਿੱਚ 7 ਆਮ ਆਦਮੀ ਕਲੀਨਿਕ ਬਣੇ ਹਨ ਅਤੇ ਇੰਪੈਨਲਮੈਂਟ ਵਾਲਾ ਸਟਾਫ ਹੈ। ਰੈਗੂਲਰ ਡਾਕਟਰ ਦੀ ਕਮੀ ਹੈ। ਇਸ ਸਬੰਧੀ ਮੈਂ ਸਾਰੇ ਮੈਂਬਰਜ਼ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਜੀ ਨੇ ਸਾਨੂੰ 1940 ਅਸਾਮੀਆਂ ਲਈ ਕੈਬਨਿਟ ਅਪਰੂਵਲ ਦੇ ਦਿੱਤੀ ਹੈ, 400 ਅਸਾਮੀਆਂ ਭਰਨ ਲਈ ਯੂਨੀਵਰਸਿਟੀ ਨੂੰ ਕਿਹਾ ਗਿਆ ਹੈ ਅਤੇ ਇਹ ਅਕਤੂਬਰ ਵਿੱਚ ਹੋ ਜਾਵੇਗਾ। ਇਨ੍ਹਾਂ ਵਿੱਚੋਂ ਲੇਡੀ ਡਾਕਟਰ ਤੁਹਾਨੂੰ ਦੇ ਦਿੱਤੀ ਜਾਵੇਗੀ। ਸਾਡੀਆਂ 1866 ਪੈਰਾ ਮੈਡੀਕਲ ਦੀਆਂ ਅਸਾਮੀਆਂ ਹਨ ਜਿਸ ਬਾਰੇ ਬਾਜਵਾ ਸਾਹਿਬ ਵੀ ਕਹਿ ਰਹੇ ਸੀ, ਉਹ ਸਾਡੇ ਕੋਲ ਆ ਗਏ ਹਨ ਅਤੇ ਰਿਕਰੂਟਮੈਂਟ ਹੋ ਗਈ ਹੈ। ਹੁਣ ਡਾਕੂਮੈਂਟ ਵੈਰੀਫਿਕੇਸ਼ਨ ਚਲਦੀ ਹੈ। ਇਹ ਮਲਟੀਪਰਪਜ਼ ਹੈਲਥ ਵਰਕਰ, ਫੀਮੇਲ ਡਾਕਟਰ ਅਤੇ ਹੋਰ ਲੋੜੀਂਦਾ ਸਟਾਫ ਬਹੁਤ ਜਲਦੀ ਸਾਰਿਆਂ ਨੂੰ ਭੇਜ ਦੇਵਾਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ, ਧੰਨਵਾਦ।

----------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1197**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

**ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣਾ**

***1196. ਸ੍ਰੀਮਤੀ ਰਾਜਿੰਦਰ ਪਾਲ ਕੌਰ:** ਕੀ ਮਾਲ ਮੰਤਰੀ ਕਿਰਪਾ ਕਰਦੇ ਦੱਸਣਗੇ ਕਿ ਕਿ ਹਲਕਾ ਲੁਧਿਆਣਾ ਦੱਖਣੀ ਵਿਖੇ ਸੰਘਣੀ ਆਬਾਦੀ ਨੂੰ ਵੇਖਦੇ ਹੋਏ ਉੱਥੇ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਬ੍ਰਮ ਸ਼ੰਕਰ**: ਨਹੀਂ ਜੀ। ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਨਵੀਂ ਸਬ-ਤਹਿਸੀਲ ਬਣਾਉਣ ਦੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਸਾਡੇ ਮਾਲ ਮਹਿਕਮੇ ਕੋਲ ਹਾਲੇ ਤੱਕ ਨਹੀਂ ਆਈ ਹੈ।

**ਸ਼੍ਰੀਮਤੀ ਰਾਜਿੰਦਰ ਪਾਲ ਕੌਰ**: ਸਪੀਕਰ ਸਾਹਿਬ, ਲੁਧਿਆਣਾ ਇੱਕ ਵੱਡਾ ਸ਼ਹਿਰ ਹੈ, ਸਾਡਾ ਹਲਕਾ ਸੰਘਣੀ ਆਬਾਦੀ ਵਾਲਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦਾ ਧਿਆਨ ਆਪਣੇ ਹਲਕੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਇਹ ਮੇਰੇ ਨਾਲ ਗਰਾਊਂਡ ਤੇ ਵਿਜ਼ਿਟ ਕਰਨ ਕਿਉਂਕਿ ਹਲਕਾ ਤਹਿਸੀਲ ਦੀ ਜਿਹੜੀ ਸੈਂਟਰ ਹੈ, ਉਹ ਤਿੰਨ ਹਲਕਿਆਂ ਨੂੰ ਲਗਦੀ ਹੈ ਜਿਸ ਵਿੱਚੋਂ ਦੋ ਸ਼ਹਿਰੀ ਅਤੇ ਇੱਕ ਦਿਹਾਤੀ ਏਰੀਆ ਹੈ। ਉੱਥੇ ਮੌਕੇ ਤੇ ਇਹ ਮੇਰੇ ਨਾਲ ਵਿਜ਼ਿਟ ਕਰਕੇ ਲੋਕਾਂ ਦੀਆਂ ਰੋਜ਼ਾਨਾ ਦੀਆਂ ਪ੍ਰੇਸ਼ਾਨੀਆਂ ਨੂੰ ਹੱਲ ਕੀਤਾ ਜਾਵੇ ਅਤੇ ਹਲਕੇ ਨੂੰ ਇੱਕ ਸਬ-ਤਹਿਸੀਲ ਦਿੱਤੀ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਤੁਸੀਂ ਇਨ੍ਹਾਂ ਨਾਲ ਵਿਜ਼ਿਟ ਕਰੋਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਲੈਵਲ ਤੋਂ ਰਿਪੋਰਟ ਆਉਂਦੀ ਹੈ ਅਤੇ ਇਸ ਲਈ ਇੱਕ ਕਮੇਟੀ ਵੀ ਬਣੀ ਹੋਈ ਹੈ ਲੇਕਿਨ ਪੁਨਰਗਠਨ ਕਮੇਟੀ ਦੀ ਰਿਪੋਰਟ ਮੁਤਾਬਿਕ 15-20 ਕਿਲੋਮੀਟਰ ਦਾ ਫਰਕ ਸੀ ਅਤੇ ਸਾਰੀਆਂ ਸ਼ਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਕਿਉਂਕਿ ਐਮ.ਐਲ.ਏ. ਸਾਹਿਬ ਨੇ ਹੁਣ ਇਸ ਵਿਸ਼ੇ ਤੇ ਕਿਹਾ ਹੈ ਤਾਂ ਅਸੀਂ ਜ਼ਰੂਰ ਕੋਸ਼ਿਸ਼ ਕਰਕੇ ਦੁਬਾਰਾ ਰੀ-ਅਸੈਸ ਕਰਵਾਵਾਂਗੇ।

----------

## ਸੂਬੇ ਦੇ ਪਿੰਡਾਂ ਵਿੱਚ ਹੱਡਾਂ ਰੋੜੀਆਂ ਦੇ ਠੇਕੇ ਸ਼ੁਰੂ ਕਰਨਾ

***1203. ਸ਼੍ਰੀ ਬਲਕਾਰ ਸਿੰਘ ਸਿੱਧੂ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਹੱਡਾ ਰੋੜੀਆਂ ਘੱਟ ਗਈਆਂ ਹਨ ਅਤੇ ਜੋ ਮੁਰਦਾ ਪਸ਼ੂਆਂ ਨੂੰ ਚੁੱਕਣ ਵਾਲੇ ਪੈਸੇ ਲੈ ਕੇ ਪਸ਼ੂ ਚੁੱਕਦੇ ਹਨ, ਉਹ ਕਈ-ਕਈ ਦਿਨ ਪਸ਼ੂ ਚੁੱਕਣ ਨਹੀਂ ਆਉਂਦੇ ਜਿਸ ਕਾਰਨ ਮੁਰਦਾ ਪਸ਼ੂ ਘਰਾਂ ਵਿੱਚ ਹੀ ਪਏ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਸੂਬੇ ਦੇ ਪਿੰਡਾਂ ਵਿੱਚ ਹੱਡਾ ਰੋੜੀਆਂ ਦੇ ਠੇਕੇ ਸ਼ੁਰੂ ਕਰਕੇ ਲੋਕਾਂ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**ਸਰਦਾਰ ਲਾਲਜੀਤ ਸਿੰਘ ਭੁੱਲਰ**: ਨਹੀਂ ਜੀ, ਸੂਬੇ ਵਿੱਚ ਹੱਡਾ ਰੋੜੀਆਂ ਨਹੀਂ ਘਟੀਆਂ ਪਰ ਹੱਡਾ ਰੋੜੀਆਂ ਦੀ ਵਰਤੋਂ ਘੱਟ ਕੀਤੀ ਜਾ ਰਹੀ ਹੈ ਕਿਉਂਕਿ ਕਈ ਪਿੰਡਾਂ ਵਿੱਚ ਹੱਡਾ ਰੋੜੀਆਂ ਲਈ ਛੱਡੇ ਗਏ ਸਥਾਨ ਪਿੰਡ ਦੀ ਆਬਾਦੀ ਵੱਧਣ ਕਾਰਨ ਵਸੋਂ ਦੇ ਨਜਦੀਕ ਆ ਗਈਆਂ ਹਨ ਜਿਸ ਕਾਰਨ ਅਜਿਹੀ ਸਮੱਸਿਆ ਆ ਰਹੀ ਹੈ। ਇਸ ਸਮੱਸਿਆ ਦੇ ਹੱਲ ਲਈ ਖੇਤਰੀ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਨ੍ਹਾਂ ਹੱਡਾ ਰੋੜੀਆਂ ਨੂੰ ਪਿੰਡ ਤੋਂ ਬਾਹਰ ਸ਼ਿਫਟ ਕਰਨ ਲਈ ਗਰਾਮ ਪੰਚਾਇਤਾਂ ਨੂੰ ਲੋੜੀਂਦਾ ਸਹਿਯੋਗ ਦਿੱਤਾ ਜਾਵੇ ਅਤੇ ਇਸ ਦੇ ਨਾਲ-ਨਾਲ ਹੱਡਾ ਰੋੜੀਆਂ ਨੂੰ ਵਰਤੋਂ ਵਿੱਚ ਲਿਆਉਣ ਲਈ ਨਿਯਮਾਂ ਅਨੁਸਾਰ ਠੇਕੇ ਤੇ ਵੀ ਚੜਾਈਆਂ ਜਾਣ।

**ਸ਼੍ਰੀ ਬਲਕਾਰ ਸਿੰਘ ਸਿੱਧੂ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਮਹਿਰਾਜ ਪੰਜਾਬ ਦਾ ਸਭ ਤੋਂ ਵੱਡਾ ਪਿੰਡ ਹੈ, ਉੱਥੇ ਜਦੋਂ ਪਸ਼ੂ ਮਰ ਜਾਂਦੇ ਹਨ ਤਾਂ 1500/- ਰੁਪਏ ਤੋਂ 2000/- ਰੁਪਏ ਦੇ ਕੇ ਭੁੱਚੋ ਮੰਡੀ ਹਲਕੇ ਵਿੱਚ ਲੈ ਕੇ ਜਾਂਦੇ ਹਨ, ਉੱਥੇ ਕੋਈ ਜਗ੍ਹਾ ਨਹੀਂ ਹੈ। ਰਾਮਪੁਰਾ ਬਹੁਤ ਪੁਰਾਣਾ ਸ਼ਹਿਰ ਹੈ, ਉੱਥੇ ਵੀ ਸਾਡੇ ਕੋਲ ਜਗ੍ਹਾ

ਨਹੀਂ ਹੈ। ਪਿਛਲੇ ਸਾਲ ਕਾਫ਼ੀ ਪਸ਼ੂਧਨ ਦਾ ਨੁਕਸਾਨ ਹੋਇਆ ਸੀ ਅਤੇ ਉਸ ਸਮੇਂ ਵੀ ਕਈ ਪਸ਼ੂ ਦੱਬਣੇ ਪਏ ਸੀ। ਉਸ ਵਾਸਤੇ ਸਾਨੂੰ ਜਗ੍ਹਾ ਦਿੱਤੀ ਜਾਵੇ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਸ੍ਰੀ ਬਲਕਾਰ ਸਿੰਘ ਸਿੱਧੂ**: ਜਗ੍ਹਾ ਕਦੋਂ ਤੱਕ ਦੇਵੋਗੇ ਜੀ?

**ਮਾਣਯੋਗ ਸਪੀਕਰ**: ਮੰਤਰੀ ਜੀ, ਜਗ੍ਹਾ ਕਦੋਂ ਤੱਕ ਦੇ ਦੇਵੋਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਪਿਛਲੇ ਸਾਲ ਦੀ ਗੱਲ ਕਰਦੇ ਹਨ ਜਦੋਂ ਲੰਪੀ ਸਕਿਨ ਬਿਮਾਰੀ ਆਈ ਸੀ, ਉਹ ਹੱਡਾਰੋੜੀਆਂ ਵਿੱਚ ਜਾਣ ਯੋਗ ਡੰਗਰ ਨਹੀਂ ਸਨ ਕਿਉਂਕਿ ਉਹ ਬਿਮਾਰੀ ਛੂਤ ਦੀ ਸੀ। ਉਹ ਦਫਨਾਉਣੇ ਹੀ ਸਨ ਅਤੇ ਬਾਕੀ ਸੰਘਣੀ ਆਬਾਦੀ ਹੋਣ ਕਾਰਨ ਜਿਹੜੀਆਂ ਹੱਡਾਰੋੜੀਆਂ ਪਿੰਡਾਂ ਵਿੱਚ ਹਨ, ਉਸ ਬਾਰੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਕਰ ਦਿੱਤੇ ਹਨ। ਇਹ ਦੱਸ ਦੇਣ ਕਿ ਜਿਹੜੇ ਪਿੰਡਾਂ ਵਿੱਚ ਹੱਡਾਰੋੜੀਆਂ ਨਹੀਂ ਹਨ, ਜਿੱਥੇ ਪੰਚਾਇਤ ਦੀ ਜ਼ਮੀਨ ਹੋਵੇਗੀ, ਉੱਥੇ ਅਸੀਂ ਹੱਡਾਰੋੜੀ ਬਾਹਰ ਸ਼ਿਫਟ ਕਰ ਦੇਵਾਂਗੇ।

**ਮਾਣਯੋਗ ਸਪੀਕਰ**: ਸਿੱਧੂ ਸਾਹਿਬ, ਕੀ ਤੁਹਾਡਾ ਜਵਾਬ ਆ ਗਿਆ ਹੈ?

**ਸ੍ਰੀ ਬਲਕਾਰ ਸਿੰਘ ਸਿੱਧੂ**: ਸਰ, ਰਾਮਪੁਰਾ ਵਿੱਚ ਬਹੁਤ ਪਹਿਲਾਂ ਤੋਂ ਨਹੀਂ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਉਹ ਕਹਿੰਦੇ ਹਨ ਕਿ ਦੇ ਦੇਵਾਂਗੇ। ਹਾਂ ਜੀ, ਦਹੀਯਾ ਸਾਹਿਬ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਸਪੀਕਰ ਸਾਹਿਬ, ਧੰਨਵਾਦ ਜੀ। ਹੱਡਾਰੋੜੀ ਦੀ ਦਿੱਕਤ ਤਾਂ ਸਾਰੇ ਪਾਸੇ ਹੈ। ਮੇਰੇ ਹਲਕੇ ਵਿੱਚ ਤਲਵੰਡੀ-ਭਾਈ ਨਗਰ ਕੌਂਸਲ ਹੈ, ਅਕਸਰ ਮੀਟਿੰਗਾਂ ਵਿੱਚ ਇੱਕ ਗੱਲ ਆਉਂਦੀ ਹੈ ਕਿ ਹੱਡਾਰੋੜੀ ਵਾਸਤੇ ਮੁਰਦਾ ਪਸ਼ੂ ਚੁੱਕਣ ਵਾਸਤੇ ਜਦੋਂ ਟੈਂਡਰ ਲਗਾਉਂਦੇ ਹਨ ਤਾਂ ਕੋਈ ਠੇਕਾ ਹੀ ਨਹੀਂ ਦਿੰਦਾ ਕਿਉਂਕਿ ਉਸ ਦੇ ਰੇਟ ਬਹੁਤ ਹਾਈ ਹਨ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਵੀ ਕਰਾਂਗਾ ਕਿ ਰੇਟ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇ।

**1055/Sukhpiar Singh/BS khokhar**

Manika/Rajneesh /03.09.2024/11.00

**ਮਾਣਯੋਗ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਹਲਕਾ ਦੀਨਾਨਗਰ ਅਧੀਨ ਆਉਂਦੇ ਸੜਕਾਂ ਅਤੇ ਪੁਲਾਂ ਦੇ ਪ੍ਰੋਜੈਕਟਾਂ ਦੀ ਸਥਿਤੀ।

***1227. ਸ਼੍ਰੀਮਤੀ ਅਰੁਨਾ ਚੌਧਰੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦੀਨਾਨਗਰ ਅਧੀਨ ਜਿਨ੍ਹਾਂ ਸੜਕਾਂ, ਪੁਲਾਂ ਅਤੇ ਹੋਰ ਪ੍ਰੋਜੈਕਟਾਂ ਦੀ ਤਕਨੀਕੀ ਅਤੇ ਪ੍ਰਬੰਧਕੀ ਪ੍ਰਵਾਨਗੀਆਂ ਮਿਤੀ 31-3-2022 ਤੱਕ ਦੇ ਦਿੱਤੀਆਂ ਗਈਆਂ ਸਨ, ਉਹ ਕੰਮ ਪੂਰੇ ਹੋ ਚੁੱਕੇ ਹਨ; ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** 10 ਕੰਮਾਂ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਮਿਤੀ 31-03-2022 ਤੱਕ ਜ਼ਾਰੀ ਕਰ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 6 ਕੰਮ ਮੁਕੰਮਲ ਹੋ ਚੁੱਕੇ ਹਨ। ਬਾਕੀ ਚੱਲਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: -

ਸਰਕਾਰੀ ਕਾਲਜ ਸਿੱਧਪੁਰ ਦਾ ਕੰਮ ਲਗਭਗ 95% ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਕੰਮ ਵੀ ਛੇਤੀ ਹੀ ਮੁਕੰਮਲ ਕਰ ਲਿਆ ਜਾਵੇਗਾ।

ਮੀਟਿੰਗ ਹਾਲ ਦੀਨਾਨਗਰ ਦੇ ਕੰਮ ਦੀ ਪਹਿਲੀ ਟੈਂਡਰਿੰਗ ਵਿੱਚ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ ਸੀ, ਜਿਸ ਕਾਰਨ ਇਸ ਕੰਮ ਦਾ ਦੋਬਾਰਾ ਟੈਂਡਰ ਲਗਾਇਆ ਗਿਆ ਅਤੇ ਮਿਤੀ 10-08-2023 ਨੂੰ ਅਲਾਟ ਕੀਤਾ ਗਿਆ। ਇਹ ਕੰਮ ਵੀ ਪ੍ਰਗਤੀ ਅਧੀਨ ਹੈ ਅਤੇ ਛੇਤੀ ਹੀ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਦੀਨਾਨਗਰ ਤੋਂ ਮੀਰਥਲ ਸੜਕ ਦੀ 13.68 ਕਿਲੋਮੀਟਰ ਲੰਬਾਈ ਦੇ ਨਾਲ-ਨਾਲ 2 ਪੁੱਲਾਂ ਦਾ ਨਿਰਮਾਣ ਪ੍ਰਗਤੀ ਅਧੀਨ ਹੈ ਅਤੇ 91% ਕੰਮ ਮੁਕੰਮਲ ਹੋ ਚੁੱਕਾ ਹੈ, ਬਾਕੀ ਰਹਿੰਦੇ ਕੰਮ ਲਈ ਭਾਰਤ ਸਰਕਾਰ ਦੇ ਵਣ ਵਿਭਾਗ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਇਹ ਕੰਮ ਛੇਤੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ।

ਕੰਸ਼ਟ੍ਰਕਸ਼ਨ ਆਫ ਹਾਈ ਲੈਵਲ ਬ੍ਰਿਜ ਓਵਰ ਯੂ.ਬੀ.ਡੀ.ਸੀ ਕਰਾਸਿੰਗ ਦੀਨਾਨਗਰ ਨਾਨੋ ਨੱਗਲ ਭਗਵਾਨਪੁਰ, ਕਲੀਚਪੁਰ ਰੋਡ ਲਈ ਲੋੜੀਂਦੀ ਭੋਂ ਪ੍ਰਾਪਤੀ ਕੀਤੀ ਜਾ ਰਹੀ ਹੈ। ਭੋਂ ਪ੍ਰਾਪਤੀ ਉਪਰੰਤ ਲਗਭਗ ਇੱਕ ਸਾਲ ਵਿਚ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ। ਵਣ ਵਿਭਾਗ ਵਲੋਂ ਦਰਖਤਾਂ ਦੀ ਕਟਾਈ ਦਾ ਕੰਮ ਕਰਵਾ ਲਿਆ ਗਿਆ ਹੈ।

--------------------------

**ਸਿਹਤ ਵਿਭਾਗ ਵਲੋਂ ਵਿਤੀ ਸਾਲ 2022-23, 2023-24 ਅਤੇ 2024-25 ਵਿੱਚ ਖਰਚ ਕੀਤੇ ਗਏ ਬਜਟ ਸਬੰਧੀ**

***1179. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :-

ੳ) ਰਾਜ ਸਰਕਾਰ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਲਈ ਵਿੱਤੀ ਸਾਲ 2022-23, 2023-24 ਅਤੇ 2024-25 ਵਾਸਤੇ ਕਿਸ-ਕਿਸ ਪਰਪਜ ਲਈ ਕੁੱਲ ਕਿੰਨਾ-ਕਿੰਨਾ ਬਜਟ ਰੱਖਿਆ ਸੀ;

ਅ) ਕੀ ਵਿੱਤੀ ਸਾਲ 2022-23 ਅਤੇ 2023-24 ਲਈ ਸਰਕਾਰ ਵੱਲੋ ਰੱਖੇ ਗਏ ਬਜਟ ਵਿੱਚੋ ਸਿਹਤ ਵਿਭਾਗ ਨੂੰ ਜਿਸ ਮੰਤਵ ਲਈ ਬਜਟ ਮਿਲਿਆ ਸੀ, ਉਸੇ ਮੰਤਵ ਲਈ ਪੂਰਾ ਖਰਚ ਕਰਕੇ, ਖਰਚੇ ਦੇ ਸਾਰੇ ਵਰਤੋ ਸਰਟੀਫਿਕੇਟ ਸਮੇਂ ਸਿਰ ਸਰਕਾਰ ਨੂੰ ਭੇਜ ਦਿੱਤੇ ਸਨ, ਜੇਕਰ ਹਾਂ ਤਾਂ ਇਸ ਦੇ ਵਿਤੀ ਸਾਲਵਾਰ ਵੇਰਵੇ ਕੀ ਹਨ ਅਤੇ ਜੇਕਰ ਨਹੀ ਤਾਂ ਇਸ ਦੇ ਕੀ ਕਾਰਨ ਹਨ ਅਤੇ ਬਾਕੀ ਬਜਟ ਬਚਣ ਕਾਰਨ ਕਿਹੜੇ-ਕਿਹੜੇ ਕੰਮ ਨਹੀ ਹੋ ਸਕੇ ਅਤੇ ਬਚੀ ਹੋਈ ਰਕਮ ਦਾ ਕੀ ਕੀਤਾ ਗਿਆ;

ੲ) ਚਾਲੂ ਵਿੱਤੀ ਸਾਲ ਦੇ ਕੁੱਲ ਬਜਟ ਵਿੱਚੋ ਹੁਣ ਤੱਕ ਕਿਹੜੇ-ਕਿਹੜੇ ਕੰਮਾਂ ਤੇ ਕਿੰਨਾ ਬਜਟ ਖਰਚ ਕੀਤਾ ਜਾ ਚੁੱਕਾ ਹੈ ਤੇ ਬਾਕੀ ਬਚੇ ਬਜਟ ਨੂੰ ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋ ਪਹਿਲਾਂ ਪੂਰਾ ਖਰਚ ਕਰਨ ਨੂੰ ਯਕੀਨੀ ਬਣਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ;

ਸ) ਕੀ ਵਿੱਤੀ ਸਾਲ 2022-23, 2023-24 ਅਤੇ 2024-25 ਦੌਰਾਨ ਵੱਖ-ਵੱਖ ਸੈਂਟਰਲ ਸਪੌਂਸ਼ਰਡ ਸਕੀਮਾਂ ਦੇ ਅਪਰੂਵਡ ਆਊਟ-ਲੇ ਫੰਡ ਦੇ ਕੇਂਦਰ ਤੇ ਰਾਜ ਸਰਕਾਰ ਨੇ ਆਪਣੇ-ਆਪਣੇ ਹਿੱਸੇ ਦੇ ਪੂਰੇ ਫੰਡ ਸਮੇਂ ਸਿਰ ਰਲੀਜ਼ ਕਰ ਦਿੱਤੇ ਸਨ, ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀ ਤਾਂ ਕਿੰਨੇ-ਕਿੰਨੇ ਫੰਡ ਘੱਟ ਜਾਂ ਬਿਲਕੁੱਲ ਹੀ ਰਲੀਜ਼ ਨਹੀ ਕੀਤੇ ਗਏ ਅਤੇ ਅਜਿਹਾ ਕਰਨ ਦੇ ਕੀ ਕਾਰਨ ਹਨ, ਵਿਸਥਾਰ ਪੂਰਵਕ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ**: ਸ੍ਰੀਮਾਨ ਜੀ,

ੳ) ਰਾਜ ਸਰਕਾਰ ਵੱਲੋ ਸਿਹਤ ਵਿਭਾਗ ਲਈ ਵਿੱਤੀ ਸਾਲ 2022-23, 2023-24 ਅਤੇ 2024-25 ਲਈ ਹੇਠ ਦਰਸਾਏ ਅਨੁਸਾਰ ਬਜਟ ਰੱਖਿਆ ਗਿਆ ਸੀ:-

**(ਰਕਮ ਕਰੋੜਾਂ ਵਿੱਚ)**

| ਲੜੀ ਨੰ: | ਰੈਵੀਨਿਊ/ ਕੈਪੀਟਲ | ਬਜਟ 2022-23 | ਬਜਟ 2023-24 | ਬਜਟ 2024-25 |
|---|---|---|---|---|
| 1 | ਰੈਵੀਨਿਊ | 3790.78 | 4274.51 | 4824.13 |
| 2 | ਕੈਪੀਟਲ | 312.25 | 144.16 | 214.19 |
| | **ਕੁੱਲ ਜੋੜ :-** | **4103.03** | **4418.67** | **5038.32** |

ਅ) ਸਾਲ 2022-23 ਅਤੇ 2023-24 ਵਿੱਚ ਪ੍ਰਾਪਤ ਹੋਇਆ ਬਜਟ ਉਸੇ ਮੰਤਵ ਲਈ ਖਰਚ ਕੀਤਾ ਗਿਆ ਹੈ ਜਿਸ ਮੰਤਵ ਲਈ ਪ੍ਰਾਪਤ ਹੋਇਆ ਸੀ। ਡਰਾਅ ਕੀਤੀ ਗਈ ਰਾਸੀ ਵਿੱਚੋ ਸਾਲ 2022-23 ਦੇ ਰਕਮ 1221.02 ਕਰੋੜ ਰੁਪਏ ਅਤੇ ਸਾਲ 2023-24 ਦੇ ਰਕਮ 1245.37 ਕਰੋੜ ਰੁਪਏ ਦੇ ਵਰਤੋਂ ਸਰਟੀਫਿਕੇਟ ਮਹਾਂਲੇਖਾਕਾਰ, ਪੰਜਾਬ ਨੂੰ ਭੇਜ ਦਿੱਤੇ ਗਏ ਹਨ ਅਤੇ ਪੈਡਿੰਗ ਵਰਤੋ ਸਰਟੀਫਿਕੇਟ ਪ੍ਰਕਿਰਿਆ ਅਧੀਨ ਹਨ ਅਤੇ ਜਲਦੀ ਹੀ ਭੇਜ ਦਿੱਤੇ ਜਾਣਗੇ। ਸਾਲ 2022-

23 ਅਤੇ ਸਾਲ 2023-24 ਦੌਰਾਨ ਜੋ ਕੰਮ ਚਲ ਰਹੇ ਸਨ, ਬਕਾਇਆ ਰਕਮ ਉਨਾਂ ਕੰਮਾਂ ਤੇ ਹੀ ਖਰਚ ਕੀਤੀ ਜਾ ਰਹੀ ਹੈ ।

ੲ) ਚਾਲੂ ਵਿੱਤੀ ਸਾਲ ਦੇ ਕੁੱਲ ਬਜਟ 5038.32 ਕਰੋੜ ਰੁਪਏ ਵਿੱਚੋ ਤਨਖਾਹਾਂ, ਦਫਤਰੀ ਖਰਚੇ, ਦਵਾਈਆਂ ਅਤੇ ਹਸਪਤਾਲਾ ਦੀ ਮੁਰੰਮਤ ਆਦਿ ਤੇ ਹੁਣ ਤੱਕ ਰਕਮ 1808.17 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਬਕਾਇਆ ਰਾਸੀ ਮਿਤੀ 31-3-2025 ਤੱਕ ਖਰਚ ਕਰ ਲਈ ਜਾਵੇਗੀ।

ਸ) ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋ ਵੱਖ-ਵੱਖ ਸੈਟਰਲ ਸਪੋਸ਼ਰਡ ਸਕੀਮਾਂ ਅਧੀਨ ਸਾਲ 2022-23, 2023-24 ਅਤੇ 2024-25 ਦੌਰਾਨ ਬਜਟ ਆਊਟਲੇ ਅਤੇ ਜਾਰੀ ਕੀਤੀ ਗਈ ਰਾਸ਼ੀ ਦੇ ਵੇਰਵੇ ਹੇਠ ਅਨੁਸਾਰ ਹਨ :-

**(ਰਕਮ ਕਰੋੜਾਂ ਵਿੱਚ)**

| **ਬਜਟ ਆਊਟਲੇ / ਜਾਰੀ ਕੀਤੀ ਰਾਸੀ** | **ਸਾਲ 2022-23** | | **ਸਾਲ 2023-24** | | **ਸਾਲ 2024-25** | |
|---|---|---|---|---|---|---|
| | **ਕੇਂਦਰ ਦਾ ਹਿੱਸਾ** | **ਰਾਜ ਦਾ ਹਿੱਸਾ** | **ਕੇਂਦਰ ਦਾ ਹਿੱਸਾ** | **ਰਾਜ ਦਾ ਹਿੱਸਾ** | **ਕੇਂਦਰ ਦਾ ਹਿੱਸਾ** | **ਰਾਜ ਦਾ ਹਿੱਸਾ** |
| **ਕੁੱਲ ਬਜਟ ਆਉਟਲੇਅ** | 640.74 | 428.80 | 635.27 | 496.42 | 503.97 | 335.50 |
| **ਕੁੱਲ ਜਾਰੀ ਕੀਤੀ ਰਾਸ਼ੀ** | 374.36 | 212.94 | 2.30 | * 839.12 | 0.00 | 250.00 |

* ਕੇਂਦਰ ਸਰਕਾਰ ਪਾਸੋ ਨੈਸ਼ਨਲ ਹੈਲਥ ਮਿਸ਼ਨ ਸਕੀਮ ਅਧੀਨ ਆਪਣੇ ਹਿੱਸੇ ਦੀ ਰਾਸ਼ੀ ਜਾਰੀ ਨਾ ਹੋਣ ਕਰਕੇ ਰਾਜ ਸਰਕਾਰ ਵੱਲੋ ਸਟੇਟ ਬਜਟ ਵਿੱਚੋ ਸਾਰੀ ਰਕਮ ਜਾਰੀ ਕੀਤੀ ਜਾ ਰਹੀ ਹੈ।

ਨੈਸ਼ਨਲ ਹੈਲਥ ਮਿਸ਼ਨ ਸਕੀਮ ਅਧੀਨ ਆਉਦੇ ਹੈਲਥ ਐਡ ਵੈਲਨੈਸ਼ ਸੈਟਰ ਸਬੰਧੀ ਜਾਰੀ ਬ੍ਰਾਂਡਿੰਗ ਗਾਈਡਲਾਇਨਜ਼ ਦੇ ਸਬੰਧ ਵਿੱਚ ਕੇਂਦਰ ਸਰਕਾਰ ਵੱਲੋ ਉਠਾਏ ਗਏ ਮੁੱਦੇ ਕਰਕੇ ਆਪਣੇ ਹਿੱਸੇ ਦੀ ਰਾਸੀ ਜਾਰੀ ਨਹੀ ਕੀਤੀ ਜਾ ਰਹੀ ਜਿਸ ਨੂੰ ਰਲੀਜ਼ ਕਰਵਾਉਣ ਲਈ ਰਾਜ ਸਰਕਾਰ ਵੱਲੋ ਪੁਰਜੋਰ ਉਪਰਾਲੇ ਕੀਤੇ ਜਾ ਰਹੇ ਹਨ।

---------

## ਸ਼ਿਕਲੀਗਲ ਸਿੱਖ ਭਾਈਚਾਰੇ ਦੇ ਪਰਿਵਾਰਾਂ ਨੂੰ ਮੁੜ ਵਸਾਉਣਾ

***1221. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੁਲਾਈ 2010 ਵਿੱਚ ਪਾਇਲ ਸਥਿਤ ਪੁਰਾਤਨ ਕਿਲੇ ਵਿੱਚੋਂ ਸ਼ਿਕਲੀਗਰ ਸਿੱਖ ਭਾਈਚਾਰੇ ਦੇ ਪਰਿਵਾਰਾਂ ਨੂੰ ਉਜਾੜਿਆ

ਗਿਆ ਸੀ; ਜੇਕਰ ਅਜਿਹਾ ਹੈ ਤਾਂ ਕੀ ਇੰਨ੍ਹਾਂ ਪਰਿਵਾਰਾਂ ਦੇ ਮੁੜ ਵਸੇਬੇ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਮ ਸ਼ੰਕਰ:** ਸ਼੍ਰੀਮਾਨ ਜੀ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਡਬਲ ਬੈਂਚ ਨੇ ਹੁਕਮ ਮਿਤੀ 04.10.2008 ਇੰਨ ਸਿਵਲ ਰਿਟ ਪਟੀਸ਼ਨ ਨੰ.17704 ਆਫ 1997 (ਮੁਨਸ਼ੀ ਰਾਮ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ) ਰਾਹੀਂ ਰਾਜ ਦੇ ਅਧਿਕਾਰੀਆਂ ਨੂੰ ਸੁਰੱਖਿਅਤ ਸਮਾਰਕਾਂ ਤੋਂ ਕਬਜੇ ਹਟਾਉਣ ਦੇ ਨਿਰਦੇਸ਼ ਦਿੱਤੇ ਸਨ। ਪਾਇਲ ਦਾ ਕਿਲਾ ਅਧਿਸੂਚਿਤ ਇਤਿਹਾਸਕ ਸਮਾਰਕਾਂ ਵਿੱਚੋਂ ਇੱਕ ਹੈ। ਮਾਨਯੋਗ ਹਾਈਕੋਰਟ ਦੇ ਇੰਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਿਪਟੀ ਕਮਿਸ਼ਨਰ, ਲੁਧਿਆਣਾ ਵੱਲੋਂ ਹੁਕਮ ਮਿਤੀ 21.08.2009 ਰਾਹੀਂ ਕਿਲੇ ਤੇ ਕੀਤੇ ਗਏ ਨਜਾਇਜ ਕਬਜੇ/ਮਕਾਨਾਂ ਆਦਿ, ਨੂੰ ਹਟਾਉਣ ਦੇ ਹੁਕਮ ਕੀਤੇ। ਇੰਨ੍ਹਾਂ ਪਰਿਵਾਰਾਂ ਦੇ ਮੁੜ ਵਸੇਬੇ ਦੀ ਕੋਈ ਤਜਵੀਜ ਮਾਲ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।"

---------

## MATTERS RAISED DURING ZERO HOUR AND REPLY BY THE MINISTER THEREON

**ਮਾਣਯੋਗ ਸਪੀਕਰ**: ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਜ਼ੀਰੋ ਆਵਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਪੀਕਰ ਸਾਹਿਬ, ਜਿਹੜਾ ਮੈਂ ਇਸ ਸਮੇਂ ਜ਼ੀਰੋ ਆਵਰ ਵਿੱਚ ਮੁੱਦਾ ਉਠਾ ਰਿਹਾ ਹਾਂ, ਇਹ ਉਹ ਮੁੱਦਾ ਹੈ ਜਿਹੜਾ ਸਮੁੱਚੇ ਪੰਜਾਬ ਨੂੰ ਬਹੁਤ ਹੱਦ ਤੱਕ ਇਫੈਕਟ ਕਰ ਰਿਹਾ ਹੈ। ਇਹ ਮੁੱਦਾ ਲਾਰੈਂਸ ਬਿਸ਼ਨੋਈ ਨਾਲ ਜੁੜਿਆ ਹੋਇਆ ਹੈ, ਤੁਹਾਨੂੰ ਇਸ ਗੈਂਗਸਟਰ ਦਾ ਪਤਾ ਹੀ ਹੋਵੇਗਾ। ਜਿਹੜਾ ਇਹ ਗੈਂਗਸਟਰ ਹੈ, ਇਸ ਦਾ ਬਹੁਤ ਵੱਡੇ ਕਰਾਈਮ ਵਿੱਚ ਨਾਮ ਹੈ। ਪੰਜਾਬ ਵਿੱਚ ਇੱਕ ਸਾਡਾ ਬਹੁਤ ਹੀ ਨੌਨ ਸਿੰਗਰ ਸਿੱਧੂ ਮੂਸੇਵਾਲੇ ਦੇ ਕਤਲ ਵਿੱਚ ਇਸ ਦੀ ਗੈਂਗ ਦਾ ਪੂਰਾ ਹੱਥ ਸੀ। ਉਨ੍ਹਾਂ ਨੇ ਸਿੱਧੂ ਮੂਸੇਵਾਲੇ ਨੂੰ ਮਾਰਿਆ ਸੀ। ਉਸ ਤੋਂ ਬਾਅਦ ਬਾਲੀਵੁੱਡ ਦੇ ਐਕਟਰ ਔਰ ਹੁਣ ਤੁਸੀਂ ਬਾਹਰ ਵੀ ਦੇਖ ਰਹੇ ਹੋ ਕਿ ਰੋਜ਼ ਗੋਲੀਆਂ ਚੱਲ ਰਹੀਆਂ ਹਨ। ਰੋਜ਼ ਫਿਰੌਤੀਆਂ ਲਈਆਂ ਜਾ ਰਹੀਆਂ ਹਨ। ਸਾਰੇ ਪੰਜਾਬ ਵਿੱਚ ਇਹ ਇੱਕ ਨਵਾਂ ਟਰੈਂਡ ਚੱਲ ਰਿਹਾ ਹੈ। ਪਿਛਲੇ ਢਾਈ ਸਾਲ ਪਹਿਲਾਂ ਗੈਂਗਸਟਰ ਬਹੁਤ ਘੱਟ ਜਾਣੇ ਜਾਂਦੇ ਸਨ। ਹੁਣ ਬੇਨਤੀ ਇਹ ਹੈ ਕਿ ਇੱਕ ਨੈਸ਼ਨਲ ਚੈਨਲ ਨੇ ਦੋ ਦਫਾ ਇੱਕ-ਇੱਕ ਘੰਟੇ ਦੀ ਇੰਟਰਵਿਊ ਇਸ ਗੈਂਗਸਟਰ ਨਾਲ ਕੀਤੀ। ਜਦੋਂ ਇਹ ਰੌਲਾ-ਰੱਪਾ ਪਿਆ ਕਿ ਪੰਜਾਬ ਦੀ ਜੇਲ੍ਹਜ਼ ਵਿੱਚ ਇਹ ਇੰਟਵਿਊਜ਼ ਹੋਈਆਂ ਹਨ, ਸਾਡੇ ਮਾਣਯੋਗ ਚੀਫ ਮਨਿਸਟਰ ਸਾਹਿਬ, ਜਿਨ੍ਹਾਂ ਕੋਲ ਹੋਮ ਤੇ ਜੇਲ੍ਹਾਂ ਮਹਿਕਮਾ ਹੈ, ਇਹ ਵੀ ਮੁਨਕਰ ਹੋਏ। ਸਾਡੇ ਡਾਇਰੈਕਟਰ ਜਨਰਲ ਆਫ ਪੁਲਿਸ ਵੀ ਮੁਨਕਰ ਹੋਏ ਕਿ ਜਿਹੜੀਆਂ ਇਹ ਇੰਟਰਵਿਊਜ਼ ਹਨ, ਇਹ ਪੰਜਾਬ ਵਿੱਚ ਨਹੀਂ ਹੋਈਆਂ ਹਨ, ਇਹ ਬਾਹਰਲੀ ਸਟੇਟ ਵਿੱਚ ਹੋਈਆਂ ਹਨ। ਫਿਰ ਮਾਣਯੋਗ ਹਾਈਕੋਰਟ ਦੀ ਡਾਇਰੈਕਸ਼ਨਜ਼ ਤੇ ਇਨ੍ਹਾਂ ਦੇ ਸਪੈਸ਼ਲ ਡੀ.ਜੀ.ਪੀ. ਮਿਸਟਰ ਪ੍ਰਬੋਧ ਕੁਮਾਰ, ਉਨ੍ਹਾਂ ਨੂੰ ਇਹ ਇਨਕੁਆਰੀ ਦਿੱਤੀ ਗਈ। ਉਨ੍ਹਾਂ ਨੇ ਇੱਕ ਲਿਫਾਫੇ ਵਿੱਚ ਜਿਹੜੀ ਰਿਪੋਰਟ ਪਾਈ, ਉਹ ਬੜੀ ਸਨਸਨੀਖੇਜ਼ ਸੀ। ਜਿਹੜੀ ਗੱਲ ਉਨ੍ਹਾਂ ਨੇ ਵਾਇਆ ਮਾਣਯੋਗ ਹਾਈਕੋਰਟ ਸਾਹਮਣੇ ਲੈ ਕੇ ਆਉਂਦੀ ਉਹ ਇਹ ਸੀ ਕਿ ਗੈਂਗਸਟਰ ਦੀ ਇੱਕ ਇੰਟਰਵਿਊ ਖਰੜ ਦੀ ਸੀ.ਆਈ.ਓ. ਦੇ ਵਿੱਚ ਕਰਵਾਈ ਗਈ ਸੀ, ਉਸ ਇੰਟਰਵਿਊ ਦੇ ਵਿੱਚ ਇੱਕ ਐਸ.ਪੀ. ਲੈਵਲ ਦੇ ਆਫੀਸਰ ਨੇ ਆਪਣਾ ਫੋਨ ਇਸਤੇਮਾਲ ਕਰਨ ਵਾਸਤੇ ਦਿੱਤਾ। ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ

ਕੱਲ੍ਹ ਇੱਕ ਏ.ਐਸ.ਆਈ. ਦੀ ਬਕਾਇਦਾ ਤੌਰ ਤੇ ਗੱਲ ਰੱਖੀ ਅਤੇ ਜਿਸ ਵਿੱਚ ਸਾਰੇ ਹਾਊਸ ਦੇ ਤੁਹਾਡੀ ਸਪੋਰਟ ਕਰਕੇ ਗੱਲ ਕਹੀ ਕਿ ਡਾਇਰੈਕਟਰ ਜਨਰਲ ਆਫ ਪੁਲਿਸ ਇੱਥੇ ਆਪਣੀ ਰਿਪੋਰਟ ਰੱਖਣ। ਮੇਰਾ ਖਿਆਲ ਹੈ ਕਿ ਇਹ ਗੱਲ ਉਸ ਤੋਂ ਵੀ ਵੱਡੀ ਹੈ। ਮੈਂ ਮੰਗ ਕਰਾਂਗਾ ਕਿ ਜਿਸ ਤਰ੍ਹਾਂ ਪਾਰਲੀਮੈਂਟ ਵਿੱਚ ਜੇ.ਪੀ.ਸੀ. (ਜੁਆਇੰਟ ਪਾਰਲੀਮੈਂਟਰੀ ਕਮੇਟੀਜ਼) ਦੋਨੋਂ ਹਾਊਸਿਜ਼ ਦੀਆਂ ਬਣਦੀਆਂ ਹਨ। ਇਹ ਬਹੁਤ ਗੰਭੀਰ ਮੁੱਦਾ ਹੈ। ਕੱਲ੍ਹ ਅਮਨ ਅਰੋੜਾ ਜੀ ਨੇ ਵੀ ਜ਼ਿਕਰ ਕੀਤਾ ਸੀ ਕਿ ਸਾਨੂੰ ਕੋਈ ਨਾ ਕੋਈ ਸਿਸਟਮ ਇਸ ਤਰ੍ਹਾਂ ਦਾ ਅਡਾਪਟ ਕਰਨਾ ਪਵੇਗਾ, ਜਿਸ ਨਾਲ ਅਜਿਹੇ ਸੰਗੀਨ ਅਪਰਾਧਾਂ ਨੂੰ ਠੱਲ੍ਹ ਪੈ ਸਕੇ। ਮੈਂ ਮੰਗ ਕਰਾਂਗਾ ਕਿ ਇੱਕ ਬਕਾਇਦਾ ਤੌਰ ਤੇ ਅਸੈਂਬਲੀ ਦੀ ਕਮੇਟੀ ਬਣਾਈ ਜਾਵੇ, ਜਿੱਥੇ ਇਸ ਕਿਸਮ ਦੇ ਸੰਗੀਨ ਇਲਜ਼ਾਮ ਪੁਲਿਸ ਉੱਤੇ ਲੱਗ ਰਹੇ ਹਨ। ਮੈਂ ਇੱਥੇ ਪੁੱਛਣਾ ਚਾਹਾਂਗਾ ਕਿ ਜਿਹੜੀ ਏ.ਜੀ.ਟੀ.ਐਫ. (ਐਂਟੀ ਗੈਂਗਸਟਰ ਟਾਸਕ ਫੋਰਸ) ਬਣੀ ਹੈ, ਉਸ ਦੀ ਹਿਰਾਸਤ ਵਿੱਚ ਇਹ ਆਦਮੀ ਸੀ। ਇਸ ਵਿੱਚ ਸਭ ਤੋਂ ਵੱਡਾ ਸਵਾਲ ਪੰਜਾਬ ਇੰਟੈਲੀਜੈਂਸ ਦੇ ਚੀਫ ਉੱਤੇ ਲੱਗ ਰਿਹਾ ਹੈ ਕਿ ਕੀ ਪੰਜਾਬ ਇੰਟੈਲੀਜੈਂਸ ਪੁਲਿਸ ਨੂੰ ਇਹ ਪਤਾ ਨਹੀਂ ਸੀ ਕਿ ਉਹ ਸਿੱਧੂ ਮੂਸੇਵਾਲੇ ਨੂੰ ਜੇਲ੍ਹ ਵਿੱਚੋਂ ਮਾਰਨ ਦਾ ਪ੍ਰੋਗਰਾਮ ਬਣਾ ਰਿਹਾ ਹੈ? ਉਸ ਤੋਂ ਬਾਅਦ ਜਦੋਂ ਇਸ ਨੂੰ ਸ਼ਿਫਟ ਕੀਤਾ ਗਿਆ ਤਾਂ ਕੀ ਪੰਜਾਬ ਇੰਟੈਲੀਜੈਂਸ ਨੇ ਪੰਜਾਬ ਗੌਰਮਿੰਟ ਨੂੰ ਇਸ ਦੀ ਇਤਲਾਹ ਨਹੀਂ ਦਿੱਤੀ ਸੀ ਕਿ ਕਿਸ ਤਰ੍ਹਾਂ ਇੱਕ ਸਿਵਲ ਪੁਲਿਸ ਦੇ ਏ.ਜੀ.ਟੀ.ਐਫ. ਵਿੱਚੋਂ ਕਿਵੇਂ ਸੀ.ਆਈ.ਏ. ਵਿੱਚ ਪਹੁੰਚਿਆ।

**ਮਾਣਯੋਗ ਸਪੀਕਰ**: ਕਨਕਲੂਡ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਮੈਂ ਇਸ ਵਿੱਚ ਇਹੀ ਗੱਲ ਕਹਿਣੀ ਹੈ ਕਿ ਤੁਸੀਂ ਕਾਈਂਡਲੀ ਇੱਕ ਕ੍ਰਿਪਾ ਕਰੋ ਕਿ ਇੱਕ ਕਮੇਟੀ ਬਣਾਓ। ਮਿਸਟਰ ਪ੍ਰਬੋਧ ਪਵਾਰ ਜੀ, ਜਿਨ੍ਹਾਂ ਨੇ ਇਸ ਦੀ ਇਨਕੁਆਰੀ ਕੀਤੀ ਹੈ ਅਤੇ ਉਹ ਹੁਣ ਇਸ ਦੀ ਇਨਵੈਸਟੀਗੇਸ਼ਨ ਕਰਨ ਕਿ ਇਸ ਵਿੱਚ ਕਿਹੜੇ-ਕਿਹੜੇ ਆਫੀਸਰਜ਼ ਇਨਵਾਲਵ ਹਨ, ਕਿਉਂਕਿ ਸਮੁੱਚਾ ਪੰਜਾਬ ਚਾਹੁੰਦਾ ਹੈ ਕਿ ਇਹ ਰਿਪੋਰਟ ਇਸ ਹਾਊਸ ਵਿੱਚ ਰੱਖੀ ਜਾਵੇ ਕਿ ਇਸ ਵਿੱਚ ਕਿਹੜੇ-ਕਿਹੜੇ ਆਫੀਸਰ ਇਨਵਾਲਵ ਹਨ, ਕਿਹੜੀ ਏਜੰਸੀ ਇਨਵਾਲਵ ਹੈ ਅਤੇ ਇਨ੍ਹਾਂ ਦੀ ਬੈਕਗਰਾਊਂਡ ਕੀ ਹੈ? ਇਸ ਤੋਂ ਇਲਾਵਾ ਅਜਿਹੇ ਸੰਗੀਨ ਜੁਰਮਾਂ ਵਿੱਚ ਇਨ੍ਹਾਂ ਗੈਂਗਸਟਰਾਂ ਨੂੰ ਕੌਣ-ਕੌਣ ਸਪੋਰਟ ਕਰ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਤੁਸੀਂ ਕੱਲ੍ਹ ਐਕਸ਼ਨ ਲਿਆ ਹੈ, ਇਸ ਨੂੰ ਵੀ ਉਨੀ ਹੀ ਗੰਭੀਰਤਾ ਨਾਲ ਲਓ। ਹਰ ਰੋਜ਼ ਫਿਰੌਤੀਆਂ ਦੇ ਟੈਲੀਫੋਨਜ਼ ਆ ਰਹੇ ਹਨ। ਗੋਲੀਆਂ-ਬਾਰੀਆਂ ਚੱਲ ਰਹੀਆਂ ਹਨ। ਦੂਰ-ਦੂਰ ਤੱਕ ਪੰਜਾਬ ਬਦਨਾਮ ਹੋ ਰਿਹਾ ਹੈ। ਜੇਕਰ ਤੁਸੀਂ ਇਸ ਵਿੱਚ ਨੁਮਾਇਆ ਰੋਲ ਅਦਾ ਕਰੋਗੇ ਤਾਂ ਹੀ ਤੁਸੀਂ ਇਸ ਚੀਜ਼ ਨੂੰ ਨੇਪਰੇ ਚਾੜ੍ਹ ਸਕੋਗੇ। ਮੈਂ ਇੰਨੀ ਹੀ ਤੁਹਾਨੂੰ ਬੇਨਤੀ ਕਰਨੀ ਸੀ।

**ਮਾਣਯੋਗ ਸਪੀਕਰ**: ਥੈਂਕਿਯੂ ਜੀ। ਇਹ ਵਿਚਾਰ ਲਿਆ ਜਾਵੇਗਾ।

**1100/Manika Rani/Rajneesh kumar**

## ANNOUNCEMENT BY THE SPEAKER

**ਮਾਣਯੋਗ ਸਪੀਕਰ**: ਆਪਾਂ ਪਿਛਲੀ ਵਾਰ ਇੱਕ ਕੁਐਸਚਨ ਦੀ ਰਵਾਇਤ ਸ਼ੁਰੂ ਕੀਤੀ ਸੀ ਕਿ ਉਸ ਨੂੰ ਅਸੀਂ ਪੰਜ ਮਿੰਟ ਐਕਸਟਰਾ ਦੇਵਾਂਗੇ। ਮੇਰਾ ਇੱਕ ਕੁਐਸਚਨ ਹੈ ਕਿ ਦੁਨੀਆਂ ਦੀ ਪਹਿਲੀ ਕਿਹੜੀ ਕਾਵਿ ਪੁਸਤਕ ਹੈ ਅਤੇ ਉਹ ਕਿੱਥੇ ਲਿਖੀ

ਗਈ। ਪੋਇਟਰੀ ਦੇ ਰੂਪ ਵਿੱਚ ਲਿਖੀ ਹੋਈ ਪੁਸਤਕ ਹੈ। ਉਸ ਦੇ ਲਈ ਪੰਜ ਮਿੰਟ ਮਿਲਣਗੇ। ਜੇਕਰ ਕੋਈ ਮਾਣਯੋਗ ਮੈਂਬਰ ਜਵਾਬ ਦਿੰਦਾ ਹੈ। ਹਾਂ ਜੀ, ਰੁਪਿੰਦਰ ਸਿੰਘ ਹੈਪੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ ਬੈਠੇ):** ਸਪੀਕਰ ਸਾਹਿਬ, ਸਵਾਲ ਸਮਝ ਨਹੀਂ ਆਇਆ ਜੀ।

**ਮਾਣਯੋਗ ਸਪੀਕਰ:** ਦੁਨੀਆਂ ਦੀ ਪਹਿਲੀ ਕਿਹੜੀ ਪੁਸਤਕ ਹੈ ਜਿਹੜੀ ਕਾਵਿ ਰੂਪ ਵਿੱਚ ਲਿਖੀ ਗਈ ਅਤੇ ਉਸ ਦੀ ਰਚਨਾ ਕਿੱਥੇ ਹੋਈ।

## MATTERS RAISED DURING ZERO HOUR AND REPLY BY THE MINISTER THEREON *(Resumption)*

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਧੰਨਵਾਦ ਜੀ। ਸਪੀਕਰ ਸਾਹਿਬ, ਚੁੰਨੀ ਕਲਾਂ ਵਿੱਚ ਇੱਕ ਸਰਕਾਰੀ ਕਾਲਜ ਹੈ। ਪਹਿਲਾਂ ਤਾਂ ਇਹ ਤ੍ਰਾਸਦੀ ਰਹੀ ਕਿ ਉਹ ਬਹੁਤ ਪਿੱਛੇ ਹਟਵਾਂ ਬਣ ਗਿਆ। ਉਸ ਤੇ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਉੱਥੇ 800 ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ। ਹਾਲੇ ਉਹ ਕਾਲਜ ਨੂੰ 15 ਸਾਲ ਦਾ ਸਮਾਂ ਵੀ ਨਹੀਂ ਹੋਇਆ ਅਤੇ ਉਸ ਦੀ ਬਿਲਡਿੰਗ ਟੁੱਟਣੀ ਸ਼ੁਰੂ ਹੋ ਗਈ ਹੈ। ਮੈਂ ਵੀ ਉੱਥੇ ਵਿਜ਼ਿਟ ਕੀਤਾ ਸੀ। ਮੇਰੀ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਉਸ ਤੇ ਧਿਆਨ ਦੇ ਕੇ ਉਸ ਕਾਲਜ ਨੂੰ ਹੋਰ ਵਧੀਆ ਬਣਾਇਆ ਜਾਵੇ। ਉਸ ਦੇ ਲਈ ਸਾਨੂੰ ਫੰਡਜ਼ ਵੀ ਮੁਹੱਈਆ ਕਰਵਾਏ ਜਾਣ ਤਾਂ ਕਿ ਜਿਹੜੇ ਸਰਕਾਰੀ ਕਾਲਜ ਵਿੱਚ ਗਰੀਬ ਬੱਚੇ ਪੜ੍ਹਦੇ ਹਨ ਉਹ ਮਿਆਰੀ ਸਿੱਖਿਆ ਹਾਸਿਲ ਕਰ ਸਕਣ ਕਿਉਂਕਿ ਕੰਪੀਟੀਸ਼ਨ ਦਾ ਦੌਰ ਹੈ। ਪ੍ਰਾਈਵੇਟ ਕਾਲਜ ਬਹੁਤ ਵਧੀਆ ਬਣੇ ਹੋਏ ਹਨ। ਗੌਰਮਿੰਟ ਕਾਲਜ ਤਕਰੀਬਨ 14 ਏਕੜ ਵਿੱਚ ਫੈਲਿਆ ਹੋਇਆ ਹੈ। ਉਸ ਦੀ ਹਾਲਤ ਖਸਤਾ ਹੁੰਦੀ ਜਾ ਰਹੀ ਹੈ। ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਇਸ ਮਾਮਲੇ ਵਿੱਚ ਦਖਲ ਦੇ ਕੇ ਉਸ ਕਾਲਜ ਲਈ ਫੰਡਜ਼ ਰਿਲੀਜ਼ ਕੀਤੇ ਜਾਣ।

**ਡਾਕਟਰ ਵਿਜੈ ਸਿੰਗਲਾ (ਮਾਨਸਾ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਜ਼ਰੀਏ ਮਾਣਯੋਗ ਲੋਕਲ ਬਾਡੀਜ਼ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੀ.ਡੀ.ਸੀ.ਐਲ. ਕੰਪਨੀ ਨੂੰ ਸਾਡੇ ਮਾਨਸਾ ਜ਼ਿਲ੍ਹੇ ਦਾ ਸੀਵਰੇਜ, ਸਫਾਈ ਦਾ ਅਤੇ ਉਸ ਦੀ ਮੇਨਟੇਨੈਂਸ ਦਾ ਠੇਕਾ ਦਿੱਤਾ ਹੋਇਆ ਹੈ ਜਿਸ ਨੂੰ ਲਗਭਗ 20 ਲੱਖ ਰੁਪਿਆ ਮਹੀਨਾ ਮਾਨਸਾ, ਬੁਢਲਾਡਾ ਅਤੇ ਭਿੱਖੀ ਨਗਰ ਕੌਂਸਿਲਜ਼ ਪੇਅ ਕਰਦੀਆਂ ਹਨ ਲੇਕਿਨ ਉਨ੍ਹਾਂ ਦੇ ਇੰਪਲਾਈਜ਼ 15 ਦਿਨ ਤਾਂ ਸਟਰਾਈਕ ਤੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਸੈਲਰੀ ਵੀ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕੋਲ ਇੱਕ ਬਕਟ ਮਸ਼ੀਨ ਹੈ ਉਹ ਬਿਲਕੁਲ ਮੇਨਟੇਨ ਨਹੀਂ ਕਰ ਰਹੇ। ਸਾਰੇ ਸ਼ਹਿਰਾਂ ਦਾ ਬਹੁਤ ਮਾੜਾ ਹਾਲ ਹੈ। ਮੈਂ ਤੁਹਾਡੇ ਮਾਧਿਅਮ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਠੇਕੇ ਨੂੰ ਖਤਮ ਕੀਤਾ ਜਾਵੇ ਤਾਂ ਕਿ ਮਿਉਂਸਿਪਲਟੀ ਜਾਂ ਸੀਵਰੇਜ ਡਿਪਾਰਟਮੈਂਟ ਉਸ ਪੈਸੇ ਨਾਲ ਸੀਵਰੇਜ ਸਿਸਟਮ ਨੂੰ ਮੇਨਟੇਨ ਕਰ ਸਕੇ। ਸਫਾਈ ਨਾ ਹੋਣ ਕਰਕੇ ਡੇਂਗੂ ਅਤੇ ਹੋਰ ਸਾਰੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਸਫਾਈ ਸਿਸਟਮ ਸਹੀਂ ਕਰਕੇ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਰਮਨ ਅਰੋੜਾ ਜੀ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ)** : ਸਪੀਕਰ ਸਾਹਿਬ, ਧੰਨਵਾਦ ਜੀ। ਮੇਰੇ ਹਲਕੇ ਵਿੱਚ ਸੂਰਿਆ ਇਨਕਲੇਵ ਨਾਮ ਦੀ ਇੱਕ ਸੁਸਾਇਟੀ ਬਣਾਈ ਗਈ ਸੀ। ਇਹ ਸੁਸਾਇਟੀ ਸਾਲ 2000 ਵਿੱਚ ਇੰਮਪਰੂਵਮੈਂਟ ਟਰੱਸਟ ਵਾਲਿਆਂ ਵੱਲੋਂ ਕੱਟੀ ਗਈ ਸੀ। ਜਿਸ ਬਾਰੇ ਬਰੋਸ਼ਰ ਵਿੱਚ ਦੱਸਿਆ ਗਿਆ ਸੀ ਕਿ ਉਸ ਵਿੱਚ ਕਮਿਊਨਿਟੀ ਸੈਂਟਰ ਬਣੇਗਾ, ਅੰਡਰ ਰੋਡ ਪਾਈਪਾਂ ਪੈਣਗੀਆਂ, ਵਧੀਆ ਸੀਵਰੇਜ ਸਿਸਟਮ ਹੋਵੇਗਾ, ਗ੍ਰੀਨ ਪਾਰਕ ਅਤੇ ਅੰਡਰਗਰਾਊਂਡ ਗੈਸ ਸਿਸਟਮ ਵੀ ਹੋਵੇਗਾ ਪਰ ਸਾਲ 2000 ਤੋਂ ਬਾਅਦ ਕੋਈ ਵੀ ਚੀਜ਼ ਉੱਥੇ ਮੁਹੱਈਆ ਨਹੀਂ ਕਰਵਾਈ ਗਈ। ਸਾਡੀ ਸਰਕਾਰ ਵਿੱਚ ਜਦੋਂ ਨਿੱਜਰ ਸਾਹਿਬ ਮੰਤਰੀ ਸੀ, ਉਨ੍ਹਾਂ ਵੱਲੋਂ ਸੀਵਰੇਜ ਸਿਸਟਮ ਸ਼ੁਰੂ ਕਰਵਾਇਆ ਗਿਆ ਪਰ ਇੱਥੇ ਐਨਹਾਸਮੈਂਟ ਸਾਲ 2000 ਤੋਂ ਲਗਾਈ ਜਾ ਰਹੀ ਹੈ ਜੋ ਕਿ ਸਾਲ 2004 ਵਿੱਚ ਇਹ ਅਲਾਟਮੈਂਟ ਕੀਤੀ ਗਈ ਸੀ। ਸਰ, ਉਸ ਉੱਤੇ ਜੋ ਵਿਆਜ ਪਾਇਆ ਜਾ ਰਿਹਾ ਹੈ, ਜਦੋਂ ਉਸ ਵੇਲੇ ਪਲਾਟ ਦੀ ਕੀਮਤ 10 ਲੱਖ ਰੁਪਏ ਸੀ ਪਰ ਅੱਜ ਐਨਹਾਸਮੈਂਟ ਤੇ ਵਿਆਜ ਪਾ ਕੇ 10 ਲੱਖ ਰੁਪਿਆ ਹੋਰ ਲਿਆ ਜਾ ਰਿਹਾ ਹੈ। ਸਰ, ਉਸ ਨੂੰ ਓ.ਟੀ.ਐਸ. ਕਰਕੇ ਕਲੀਅਰ ਕਰਵਾਇਆ ਜਾਵੇ ਤਾਂ ਕਿ ਲੋਕਾਂ ਨੂੰ ਨਿਜਾਤ ਮਿਲ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਗਿਆਸਪੁਰਾ ਸਾਹਿਬ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਬਹੁਤ ਹੀ ਅਹਿਮ ਮੁੱਦੇ ਤੇ ਦਿਵਾਉਣਾ ਚਾਹੁੰਦਾ ਹਾਂ। ਬਿਜਲੀ ਦੇ ਜੋ ਠੇਕੇ ਤੇ ਕੱਚੇ ਮੁਲਾਜ਼ਮ ਹਨ, ਤਕਰੀਬਨ ਤੀਜੇ ਦਿਨ ਕੱਚੇ ਮੁਲਾਜ਼ਮ ਦੀ ਡੈੱਥ ਹੋ ਜਾਂਦੀ ਹੈ ਕਿ ਤਾਰਾਂ ਤੇ ਚੜ੍ਹਿਆ ਸੀ ਅਤੇ ਪਤਾ ਨਹੀਂ ਕਿਵੇਂ ਬਿਜਲੀ ਆ ਗਈ ਅਤੇ ਉਹ ਲਟਕ ਗਿਆ।

*11.09 ਵਜੇ ਪੂਰਵ ਦੁਪਹਿਰ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਜਿਹੜੇ ਠੇਕੇਦਾਰ ਹਨ ਉਹ ਉਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਕੋਈ ਸੇਫਟੀ ਕਿੱਟਾਂ ਨਹੀਂ ਦੇ ਰਹੇ। ਪਿਛਲੇ ਤਿੰਨ ਸਾਲਾਂ ਤੋਂ ਤਕਰੀਬਨ 700 ਤੋਂ ਉੱਪਰ ਕੱਚੇ ਮੁਲਾਜ਼ਮ, ਗਰੀਬ ਘਰਾਂ ਦੇ ਜਵਾਕ ਮਾਰੇ ਜਾ ਚੁੱਕੇ ਹਨ ਮੇਰੇ ਹਲਕੇ ਦੇ ਦੋ-ਤਿੰਨ ਨੌਜਵਾਨ ਮਾਰੇ ਗਏ ਹਨ। ਮੇਰੇ ਪਿੰਡ ਇੱਕ ਕੁੜੀ, ਇੱਕ ਧੀ ਜਿਸ ਦਾ ਚਾਰ ਸਾਲ ਦਾ ਜਵਾਕ ਹੈ ਪਰਸੋਂ ਉਸ ਦੀ ਵੀ ਡੈੱਥ ਹੋਈ ਹੈ।

**1105/Gurpreet kaur/Rajneesh kumar**

ਉਨ੍ਹਾਂ ਲਈ ਜਿਹੜੀ ਸਹਾਇਤਾ ਰਾਸ਼ੀ ਰੱਖੀ ਹੋਈ ਹੈ, ਉਹ ਵੀ ਨਿਗੂਣੀ ਜਿਹੀ ਅਮਾਊਂਟ ਹੈ। ਇਸ ਤੋਂ ਇਲਾਵਾ ਜਿਹੜੇ ਠੇਕੇਦਾਰ ਹੁੰਦੇ ਹਨ, ਉਨ੍ਹਾਂ ਨੂੰ ਸੇਫਟੀ ਕਿੱਟਾਂ ਵੀ ਪ੍ਰੋਵਾਈਡ ਨਹੀਂ ਕਰਵਾਉਂਦੇ। ਮੈਂ ਤੁਹਾਡੇ ਰਾਹੀਂ ਪੂਰੇ ਸਦਨ ਦਾ ਅਤੇ ਪੂਰੇ ਅਫਸਰ ਸਾਹਿਬਾਨ ਦਾ ਧਿਆਨ ਇਸ ਪਾਸੇ ਲਿਆਉਣਾ ਚਾਹੁੰਦਾ ਹਾਂ। ਮੈਨੂੰ ਲਗਦਾ ਹੈ ਕਿ ਅਫਸਰ ਸਾਹਿਬਾਨ ਵੀ ਪੂਰੇ ਨਹੀਂ ਬੈਠੇ ਹਨ, ਜਦਕਿ ਸਾਰੇ ਅਫਸਰ ਸਾਹਿਬਾਨ ਨੂੰ ਇੱਥੇ ਬੈਠੇ ਹੋਣਾ ਚਾਹੀਦਾ ਹੈ। ਅਸੀਂ ਸਦਨ ਵਿੱਚ ਜੋ ਵੀ ਗੱਲ ਕਰਦੇ ਹਾਂ, ਉਹ ਨੋਟ ਕਰਦੇ ਹੋਣੇ ਚਾਹੀਦੇ ਹਨ। ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਕੱਚੇ ਮੁਲਾਜ਼ਮ ਹਨ, ਉਹ ਬੜੇ ਹੀ ਗਰੀਬ ਘਰਾਂ ਵਿੱਚੋਂ ਆਉਂਦੇ ਹਨ। ਜਿਹੜੇ ਠੇਕੇਦਾਰ ਉਨ੍ਹਾਂ ਮੁਲਾਜ਼ਮਾਂ ਨੂੰ ਸੇਫਟੀ ਕਿੱਟਾਂ ਪ੍ਰੋਵਾਈਡ ਨਹੀਂ

ਕਰਵਾ ਰਹੇ, ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇ। ਇਨ੍ਹਾਂ ਗਰੀਬ ਪਰਿਵਾਰਾਂ ਦੀ ਇੱਕ ਇੱਕ ਕਰੋੜ ਰੁਪਏ ਦੀ ਇੰਸ਼ੋਰੈਂਸ ਹੋਣੀ ਚਾਹੀਦੀ ਹੈ ਤਾਂ ਕਿ ਜਿਹੜੇ ਪਰਿਵਾਰਾਂ ਦਾ ਜੀਅ ਘਰ ਵਿੱਚੋਂ ਚਲਾ ਜਾਂਦਾ ਹੈ ਤਾਂ ਉਹ ਆਪਣਾ ਨਿਰਬਾਹ ਚੰਗੀ ਤਰ੍ਹਾਂ ਕਰ ਸਕਣ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ) :** ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਧੂਰੀ ਲੈਂਡ ਨੇੜੇ ਇੱਕ ਰੇਲਵੇ ਫਾਟਕ ਬਣ ਰਿਹਾ ਹੈ। ਜਿਸ ਨਾਲ ਕਿ ਦੋਨੋਂ ਪਾਸੇ ਦੇ ਲੋਕ ਇਸ ਤਰ੍ਹਾਂ ਮਹਿਸੂਸ ਕਰਨ ਲੱਗ ਗਏ ਹਨ ਜਿਵੇਂ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਹੋਈ ਹੋਵੇ। ਉਨ੍ਹਾਂ ਨੇ ਮੇਰੇ ਰਾਹੀਂ ਆਪ ਜੀ ਨੂੰ ਇੱਕ ਚਿੱਠੀ ਪੱਤਰ ਵੀ ਭੇਜਿਆ ਹੈ ਅਤੇ ਮਦਦ ਦੀ ਗੁਹਾਰ ਵੀ ਲਗਾਈ ਹੈ ਕਿ ਜਿਹੜਾ ਉੱਥੇ ਪਹਿਲਾਂ ਰੇਲਵੇ ਫਾਟਕ ਸੀ, ਜਿਸਨੂੰ ਨਾਜਾਇਜ਼ ਤੌਰ ਤੇ ਗਲਤ ਰਿਪੋਰਟਾਂ ਦੇ ਆਧਾਰ ਤੇ ਡੀ.ਸੀ. ਦੇ ਹੁਕਮਾਂ ਨਾਲ ਬੰਦ ਕਰ ਦਿੱਤਾ ਗਿਆ ਹੈ। ਜੇਕਰ ਬੱਚਿਆਂ ਨੇ ਸਕੂਲ ਵੀ ਜਾਣਾ ਹੈ ਕਿਉਂਕਿ ਦੋਨੋਂ ਪਾਸੇ ਸਕੂਲ ਹਨ, ਦੋਨੋਂ ਪਾਸੇ ਹੀ ਹਸਪਤਾਲ ਹਨ, ਕਾਰਖਾਨੇਦਾਰ ਜਾਂ ਛੋਟੇ ਲੋਕ ਹਨ। ਉਨ੍ਹਾਂ ਨੇ ਇੱਕ ਦੂਜੇ ਦੇ ਖੁਸ਼ੀਆਂ ਗਮੀਆਂ ਵਿੱਚ ਵੀ ਜਾਣਾ ਹੈ ਤਾਂ ਉਨ੍ਹਾਂ ਨੂੰ ਕਈ ਕਿਲੋਮੀਟਰ ਉੱਪਰ ਦੀ ਘੁੰਮ ਕੇ ਜਾਣਾ ਪੈਂਦਾ ਹੈ। ਮੈਂ ਆਪ ਜੀ ਦੇ ਮਾਧਿਆਮ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਬੰਧ ਵਿੱਚ ਰੇਲਵੇ ਮਨਿਸਟਰ ਨਾਲ ਗੱਲ ਕਰਕੇ ਉਸ ਫਾਟਕ ਨੂੰ ਖੁਲ੍ਹਾਇਆ ਜਾਵੇ। ਮੈਨੂੰ ਇੱਕ ਚਿੱਠੀ ਆਪ ਜੀ ਦੇ ਸਨਮੁੱਖ ਕਰਨ ਲਈ ਸਾਰੇ ਇਲਾਕਾ ਨਿਵਾਸੀਆਂ ਨੇ ਭੇਜੀ ਹੈ। ਮੈਂ ਬੇਨਤੀ ਵੀ ਕਰਾਂਗਾ ਕਿ ਇਸ ਚਿੱਠੀ ਨੂੰ ਤੁਸੀਂ ਆਪਣੇ ਕੋਲ ਰੱਖ ਕੇ ਅਗਲੀ ਕਾਰਵਾਈ ਦੇ ਲਈ ਭੇਜੋ ਤਾਂ ਕਿ ਲੋਕਾਂ ਦੇ ਨਾਲ ਅਸੀਂ ਜਿਹੜਾ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਣ ਤੇ ਰਹਿਣ ਸਹਿਣ ਲਈ ਸੁਖਾਵਾਂ ਮਾਹੌਲ ਦੇਵਾਂਗੇ, ਅਸੀਂ ਉਸ ਵਾਅਦੇ ਤੇ ਖਰੇ ਉਤਰ ਸਕੀਏ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀਮਤੀ ਨੀਨਾ ਮਿੱਤਲ (ਰਾਜਪੁਰਾ) :** ਬਹੁਤ ਬਹੁਤ ਧੰਨਵਾਦ। ਮੈਂ ਸਦਨ ਦਾ ਧਿਆਨ ਇੱਕ ਮੇਨ ਮੁੱਦੇ ਵੱਲ ਲਿਆਉਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਰਾਜਪੁਰੇ ਦੇ ਵਿੱਚ ਪਿੰਡ ਬਸੰਤਪੁਰ ਤੋਂ ਲੈ ਕੇ ਪਿੰਡ ਬਲਸੂਹਾਂ ਤੋਂ ਇੱਕ ਮੇਨ ਸੜਕ ਫਤਹਿਗੜ੍ਹ ਸਾਹਿਬ ਨੂੰ ਜਾਂਦੀ ਹੈ ਜਿਸ ਦੀ ਬਹੁਤ ਹੀ ਬੁਰੀ ਹਾਲਤ ਹੈ। ਇਸ ਸੜਕ ਵੱਲ ਬਹੁਤ ਸਮੇਂ ਤੋਂ ਧਿਆਨ ਹੀ ਨਹੀਂ ਦਿੱਤਾ ਗਿਆ। ਇਸ ਸੜਕ ਤੇ ਪਟਿਆਲਾ ਹਲਕੇ ਦੇ ਵੀ ਬਹੁਤ ਪਿੰਡ ਲੱਗਦੇ ਹਨ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਸੜਕ ਦਾ ਇੰਨਾ ਬੁਰਾ ਹਾਲ ਹੈ ਕਿ ਉੱਥੋਂ ਟੂ ਵੀਲ੍ਹਰ ਵਾਲਾ ਤਾਂ ਵਿਚਾਰਾ ਲੰਘ ਹੀ ਨਹੀਂ ਸਕਦਾ ਅਤੇ ਗੱਡੀਆਂ ਵਾਲਿਆਂ ਦੀਆਂ ਵੀ ਪਤਾ ਨਹੀਂ ਕਿੰਨੀਆਂ ਕੁ ਗੱਡੀਆਂ ਫੁੱਟ ਚੁੱਕੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ ਅਤੇ ਇਸ ਸੜਕ ਦੀ ਮੁਰੰਮਤ ਕਰਵਾਈ ਜਾਵੇ।

**ਮਾਣਯੋਗ ਡਿਪਟੀ ਸਪੀਕਰ :** ਮੇਰੀ ਕੋਸ਼ਿਸ਼ ਹੋਵੇਗੀ ਕਿ ਮੈਂਬਰਾਂ ਨੂੰ ਵੱਧ ਤੋਂ ਵੱਧ ਟਾਈਮ ਦਿੱਤਾ ਜਾਵੇ। ਕਿਰਪਾ ਕਰਕੇ ਚੋਣਵੇਂ ਸ਼ਬਦਾਂ ਵਿੱਚ ਹੀ ਆਪਣੀ ਗੱਲ ਰੱਖੀਏ। ਹਾਂ ਜੀ, ਨਰੇਸ਼ ਪੁਰੀ ਜੀ।

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ) :** ਸਰ, ਜਿਵੇਂ ਬਾਕੀ ਸਾਥੀਆਂ ਨੇ ਸਫਾਈ ਦੀ ਵਿਵਸਥਾ ਬਾਰੇ ਦੱਸਿਆ ਹੈ। ਜਦੋਂ ਸਰਕਾਰਾਂ ਕੋਈ ਕੰਮ ਕਰਦੀਆਂ ਹਨ, ਉਸ ਦੀ ਪ੍ਰਸ਼ੰਸਾ ਵੀ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਸੁਜਾਨਪੁਰ ਦੇ ਵਿੱਚ ਸਾਡੇ ਮੰਤਰੀ ਜੀ, ਸ਼੍ਰੀ ਲਾਲ ਚੰਦ ਕਟਾਰੂਚੱਕ ਜੀ ਨੇ ਇੱਕ ਐਸ.ਟੀ.ਪੀ. ਦਾ ਉਦਘਾਟਨ ਕੀਤਾ ਹੈ ਪਰ ਕੰਮ ਲੋਕਾਂ ਦੀ ਭਲਾਈ ਵਾਸਤੇ ਹੋਣਾ ਚਾਹੀਦਾ ਹੈ। ਉਸ ਐਸ.ਟੀ.ਪੀ. ਦੀ ਸਾਈਟ ਗਲਤ ਚੁਣੀ ਗਈ ਹੈ ਕਿਉਂਕਿ ਜਦੋਂ ਮੰਤਰੀ ਸਾਹਿਬ ਨੇ ਉਦਘਾਟਨ ਕੀਤਾ ਹੈ

ਤਾਂ ਕਮੇਟੀ ਦੇ ਪ੍ਰਧਾਨ ਵੱਲੋਂ ਉਨ੍ਹਾਂ ਨੂੰ ਜ਼ਮੀਨੀ ਸੱਚਾਈ ਨਹੀਂ ਦੱਸੀ ਗਈ ਹੈ। ਇਹ ਐਸ.ਟੀ.ਪੀ. ਸ਼ਹਿਰ ਦੀ ਜਗ੍ਹਾ ਵਿੱਚ ਲੱਗ ਰਿਹਾ ਹੈ। ਇਸ ਨਾਲ ਫੈਸੀਲਿਟੀ ਮਿਲਣ ਦੀ ਬਜਾਏ ਗੰਦਗੀ ਫੈਲੇਗੀ ਕਿਉਂਕਿ ਮੰਦਰ ਵੀ ਉੱਥੇ ਹੀ ਹੈ, ਰਾਮ ਲੀਲਾ ਗਰਾਊਂਡ ਵੀ ਉੱਥੇ ਹੀ ਹੈ। ਲੋਕਾਂ ਨੇ ਉੱਥੇ ਸਟੇਜ ਦੀ ਵੀ ਤਿਆਰੀ ਕੀਤੀ ਹੋਈ ਹੈ। ਮੈਂ ਮਾਣਯੋਗ ਲੋਕਲ ਬਾਡੀਜ਼ ਮਨਿਸਟਰ ਨੂੰ ਇਹੋ ਕਹਾਂਗਾ ਕਿ ਉਸ ਸਾਈਟ ਨੂੰ ਚੇਂਜ ਕਰਕੇ ਲਗਾਇਆ ਜਾਵੇ ਤਾਂ ਜੋ ਲੋਕਾਂ ਨੂੰ ਮਿਲਣ ਵਾਲੀ ਰਾਹਤ ਬਦਹਾਲੀ ਵਿੱਚ ਨਾ ਬਦਲ ਜਾਵੇ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.) :** ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਮਾਧਿਆਮ ਰਾਹੀਂ ਸਦਨ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲਗਭਗ 7 ਹਜ਼ਾਰ ਕੰਪਿਊਟਰ ਅਧਿਆਪਕ ਜਿਹੜੇ ਕਿ 19 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾਅ ਰਹੇ ਹਨ। ਸਾਲ 2011 ਵਿੱਚ ਇੱਕ ਸੁਸਾਇਟੀ ਰਾਹੀਂ ਉਨ੍ਹਾਂ ਨੂੰ ਰੈਗੂਲਰ ਕੀਤਾ ਗਿਆ। ਉਨ੍ਹਾਂ ਨੂੰ ਰੈਗੂਲਰ ਹੋਣ ਦੇ ਬਾਵਜੂਦ ਵੀ ਲਾਭ ਪੂਰੇ ਨਹੀਂ ਦਿੱਤੇ ਜਾ ਰਹੇ। ਸਰ, ਉਨ੍ਹਾਂ ਦੀ ਟੀਮ ਇੱਕ ਮੈਮੋਰੰਡਮ ਲੈ ਕੇ ਮੇਰੇ ਕੋਲ ਆਈ ਸੀ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਅਧਿਆਪਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ-ਹਕੂਕ ਅਤੇ ਅਧਿਕਾਰ ਦਿੱਤੇ ਜਾਣ ਤਾਂ ਜੋ ਉਹ ਬੱਚਿਆਂ ਦੇ ਭਵਿੱਖ ਨੂੰ ਸਹੀ ਤਰੀਕੇ ਦੇ ਨਾਲ ਸਿਰਜ ਸਕਣ। ਧੰਨਵਾਦ।

**1110/Rajneet Kaur/Monika sharma**

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਡਿਪਟੀ ਸਪੀਕਰ ਸਾਹਿਬ, ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਪੰਜਾਬ ਦੇ ਲੋਕਾਂ ਨਾਲ ਨਹਿਰੀ ਪਾਣੀ ਦੇਣ ਦਾ ਵਾਅਦਾ ਕੀਤਾ ਸੀ। ਸੋ, ਸਾਡੇ ਮੁੱਖ ਮੰਤਰੀ ਸਾਹਿਬ ਨੇ ਉਸ ਵਾਅਦੇ ਨੂੰ ਬੜੀ ਸ਼ਿੱਦਤ ਦੇ ਨਾਲ ਨਿਭਾਇਆ ਹੈ। ਨਹਿਰਾਂ ਦਾ ਪਾਣੀ ਖੇਤਾਂ ਨੂੰ ਦੇਣ ਵਾਸਤੇ ਸੂਏ ਪੱਕੇ ਕੀਤੇ ਗਏ, ਕੱਸੀਆਂ ਪੱਕੀਆਂ ਕੀਤੀਆਂ ਗਈਆਂ ਅਤੇ ਟੇਲਾਂ ਤੱਕ ਪਾਣੀ ਪਹੁੰਚਾਇਆ ਹੈ। ਟੇਲਾਂ ਦੇ ਪਾਣੀ ਬਾਰੇ ਸੁਣਦੇ ਸੀ ਪਰ ਮੇਰੇ ਹਲਕੇ ਵਿੱਚ ਅਤੇ ਪੂਰੇ ਪੰਜਾਬ ਵਿੱਚ ਵੀ ਟੇਲਾਂ ਤੇ ਇੰਨਾ ਪਾਣੀ ਆ ਰਿਹਾ ਹੈ ਕਿ ਸੰਭਾਲਣਾ ਔਖਾ ਹੈ ਪਰ ਫਿਰ ਵੀ ਕੁਝ ਖਿੱਤੇ ਨਹਿਰੀ ਪਾਣੀ ਤੋਂ ਵਾਂਝੇ ਰਹਿ ਰਹੇ ਹਨ। ਉਸ ਦੇ ਲਈ ਮੋਘਿਆਂ ਦੀ ਜ਼ਰੂਰਤ ਹੈ। ਜਿਹੜਾ ਮੋਘਿਆਂ ਦਾ ਪ੍ਰਾਸੈਸ ਹੈ, ਮੰਤਰੀ ਜੀ ਬੈਠੇ ਹਨ, ਮੇਰਾ ਖਿਆਲ ਹੈ ਕਿ ਚਲੇ ਗਏ ਹਨ। ਇਹ ਪ੍ਰਾਸੈਸ ਬੜਾ slow ਚਲਦਾ ਹੈ। ਮੈਂ ਸਬੰਧਿਤ ਮੰਤਰੀ ਸਾਹਿਬ ਨੂੰ ਅਤੇ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਮੋਘਿਆਂ ਦਾ ਪ੍ਰਾਸੈੱਸ ਹੈ, ਇਸ ਨੂੰ ਥੋੜ੍ਹਾ ਜਿਹਾ easy ਕੀਤਾ ਜਾਵੇ ਔਰ ਇਸ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਕਿ ਜਿਹੜੇ ਖੇਤ ਨਹਿਰੀ ਪਾਣੀ ਤੋਂ ਵਾਂਝੇ ਰਹਿ ਜਾਂਦੇ ਹਨ ਉਨ੍ਹਾਂ ਨੂੰ ਵੀ ਦੂਸਰੇ ਖੇਤਾਂ ਦੀ ਤਰ੍ਹਾਂ ਨਹਿਰੀ ਪਾਣੀ ਮਿਲ ਸਕੇ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):** ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ। ਸਾਡੇ ਸਿੱਖਿਆ ਮੰਤਰੀ ਬੈਂਸ ਸਾਹਿਬ ਬੈਠੇ ਹਨ ਜੀ। ਮੈਂ ਇਨ੍ਹਾਂ ਦੇ ਦਫਤਰ ਵਿੱਚ ਵੀ ਬੇਨਤੀ ਕੀਤੀ ਸੀ ਕਿ ਮੇਰੇ ਰਾਮਪੁਰੇ ਇੱਕ ਐਲੀਮੈਂਟਰੀ ਸਕੂਲ ਹੈ ਜੀ। ਉਹ ਬੜਾ ਖਸਤਾ ਹਾਲਤ ਵਿੱਚ ਹੈ ਅਤੇ ਡਿੱਗਣ ਵਾਲਾ ਹੈ। ਹੁਣ ਵੀ ਬਾਰਿਸ਼ਾਂ ਪੈ ਰਹੀਆਂ ਹਨ। ਇਨ੍ਹਾਂ ਨੇ ਉੱਥੇ ਪ੍ਰਸ਼ਾਸਨ ਨੂੰ ਆਖਿਆ ਪਰ ਉਸ ਸਕੂਲ ਦੇ ਬੱਚਿਆਂ ਨੂੰ ਹੋਰ ਥਾਂ ਸ਼ਿਫਟ ਨਹੀਂ ਕੀਤਾ ਗਿਆ। ਕਾਗਜ਼ੀ ਪੱਤਰੀ ਹੀ ਕੰਮ ਚੱਲ ਰਿਹਾ

ਹੈ। ਹੁਣ ਫਿਰ ਬਾਰਿਸ਼ ਹੋ ਰਹੀ ਹੈ। ਤਕਰੀਬਨ ਡੇਢ ਮਹੀਨਾ ਹੋ ਗਿਆ ਹੈ। ਸੋ, ਇਸ ਗੱਲ ਤੇ ਖਿਆਲ ਕੀਤਾ ਜਾਵੇ ਅਤੇ ਵਿਦਿਆਰਥੀਆਂ ਦਾ ਵੀ ਖਿਆਲ ਕੀਤਾ ਜਾਵੇ।ਧੰਨਵਾਦ ਜੀ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ (ਸਨੌਰ)**: ਸਰ, ਇੱਕ ਜਿਹੜੀਆਂ ਸੋਲਰ ਪੈਨਲ ਲਾਈਟਾਂ ਅਤੇ ਦੂਜੀਆਂ ਲਾਈਟਾਂ ਜਿਹੜੀਆਂ ਪਿੰਡਾਂ ਵਿੱਚ ਲਗਦੀਆਂ ਹਨ, ਇਨ੍ਹਾਂ ਦੇ ਜਿੰਨੇ ਵੀ ਪੈਸੇ ਪੰਚਾਇਤ ਨੂੰ ਦਿੱਤੇ ਜਾਂਦੇ ਹਨ, ਇੱਕ ਸਰਕਾਰ ਨੇ ਕਾਨੂੰਨ ਬਣਾਇਆ ਹੈ ਕਿ ਪੰਚਾਇਤਾਂ ਇਹ ਪੈਸੇ ਪੇਡਾ ਨੂੰ ਜਮ੍ਹਾਂ ਕਰਵਾਉਣ ਅਤੇ ਪੇਡਾ ਵੱਲੋਂ ਇਹ ਲਾਈਟਾਂ ਲਗਵਾ ਕੇ ਦਿੱਤੀਆਂ ਜਾਣ। ਪੇਡਾ ਕੋਲ ਜਦੋਂ ਪੈਸਾ ਜਮ੍ਹਾਂ ਕਰਵਾਇਆ ਜਾਂਦਾ ਹੈ ਤਾਂ ਉਹ ਸਾਲ-ਦੋ ਸਾਲ ਟਾਈਮ ਹੀ ਨਹੀਂ ਦਿੰਦੇ। ਜਿੱਥੇ ਨਗਰ ਪੰਚਾਇਤਾਂ ਹਨ, ਉੱਥੇ ਪੰਚਾਇਤਾਂ ਨੂੰ ਇਹ ਅਧਿਕਾਰ ਦਿੱਤਾ ਜਾਵੇ ਅਤੇ ਪੇਡਾ ਤੋਂ ਇਹ ਅਧਿਕਾਰ ਵਾਪਿਸ ਲਿਆ ਜਾਵੇ ਤਾਂ ਕਿ ਜਦੋਂ ਵੀ ਅਸੀਂ ਪੰਚਾਇਤਾਂ ਨੂੰ ਲਾਈਟਾਂ ਲਗਵਾਉਣ ਲਈ ਪੈਸੇ ਦੇਈਏ ਤਾਂ ਤੁਰੰਤ ਉਹ ਲਾਈਟਾਂ ਲਗਵਾ ਦਿੱਤੀਆਂ ਜਾਣ। ਅੱਜ ਹਰ ਇੱਕ ਪਿੰਡ ਅਤੇ ਸ਼ਹਿਰ ਵਿੱਚ ਇਸ ਦੀ ਲੋੜ ਹੈ। ਜਦੋਂ ਵੀ ਪੇਡਾ ਨੂੰ ਪੈਸੇ ਦਿੱਤੇ ਜਾਂਦੇ ਹਨ ਤਾਂ ਪੇਡਾ ਸਾਲ-ਡੇਢ ਸਾਲ ਤੱਕ ਸੁੱਤੀ ਰਹਿੰਦੀ ਹੈ। ਇਹ ਕਾਨੂੰਨ ਜ਼ਰੂਰ ਚੇਂਜ ਕਰਵਾਇਆ ਜਾਵੇ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)**: ਸਰ, ਮੈਂ ਕਲੀਅਰ ਕਰ ਦੇਵਾਂ ਜੀ।

**ਮਾਣਯੋਗ ਡਿਪਟੀ ਸਪੀਕਰ**: ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਸਰ, ਇਸ ਵਿੱਚ ਇਸ ਤਰ੍ਹਾਂ ਹੈ ਕਿ ਐਮ.ਐਲ.ਏ. ਸਾਹਿਬ ਨੇ ਜੋ ਇਸ਼ੂ ਰੇਜ਼ ਕੀਤਾ ਹੈ, ਇਸ ਵਿੱਚ ਕੋਈ ਕੰਪਲਸ਼ਨ ਨਹੀਂ ਹੈ, ਕੋਈ bar ਨਹੀਂ ਹੈ ਕਿ ਪੰਚਾਇਤਾਂ ਨੇ ਜਾਂ ਮਿਊਂਸਿਪਲ ਕਮੇਟੀਆਂ ਨੇ ਪੇਡਾ ਤੋਂ ਹੀ ਕੰਮ ਕਰਵਾਉਣਾ ਹੈ। ਇਹ ਉਨ੍ਹਾਂ ਦੀ ਆਪਣੀ discretion ਹੈ, ਉਹ ਆਪਣੇ ਲੈਵਲ ਤੇ ਵੀ ਕੰਮ ਕਰਵਾ ਸਕਦੇ ਹਨ। ਪੇਡਾ ਤਾਂ ਇੱਕ ਐਗਜ਼ੀਕਿਊਟਿਕ ਏਜੰਸੀ ਹੈ। ਜੇ ਸਾਨੂੰ ਕੋਈ ਡਿਪਾਰਟਮੈਂਟ ਪੈਸੇ ਦਿੰਦਾ ਹੈ ਕਿ ਸਾਡੇ ਪੈਸੇ ਲਗਾ ਦੇਵੋ ਤਾਂ ਅਸੀਂ ਉਹ ਲਗਾ ਦਿੰਦੇ ਹਾਂ। ਐਮ.ਐਲ.ਏ. ਸਾਹਿਬ ਨੇ ਜੋ ਡਿਲੇਅ ਦੀ ਗੱਲ ਕੀਤੀ ਹੈ, ਪਿਛਲੇ ਸਮੇਂ ਵਿੱਚ ਥੋੜ੍ਹਾ ਜਿਹਾ ਡਿਲੇਅ ਇਸ ਕਰਕੇ ਹੁੰਦਾ ਰਿਹਾ ਕਿਉਂਕਿ ਪਹਿਲਾਂ ਜਿਹੜਾ ਕੰਟਰੈਕਟਰ ਸੀ, ਉਸ ਦੀ contract tenure ਪੂਰੀ ਹੋ ਚੁੱਕੀ ਸੀ। ਉਹ contract finalize ਕਰਨ ਵਿੱਚ ਥੋੜ੍ਹਾ ਜਿਹਾ ਟਾਈਮ ਲੱਗਿਆ ਸੀ ਪਰ ਮੈਂ ਦੁਬਾਰਾ ਫਿਰ ਰਿਪੀਟ ਕਰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਜਾਂ ਮਿਊਂਸਿਪਲ ਕਮੇਟੀਆਂ ਨੇ ਆਪਣੇ ਪੱਧਰ ਤੇ ਸਟ੍ਰੀਟ ਲਾਈਟਾਂ ਲਗਵਾਉਣੀਆਂ ਹਨ, ਉਹ ਆਪਣੇ ਪੱਧਰ ਤੇ ਵੀ ਲਗਵਾਉਣ ਅਤੇ ਜੇ ਕੋਈ ਸਾਨੂੰ (ਪੇਡਾ) ਇਸ ਕੰਮ ਦੇ ਪੈਸੇ ਦੇਵੇਗਾ ਤਾਂ ਅਸੀਂ ਉਸ ਨੂੰ ਐਗਜ਼ੀਕਿਊਟ ਕਰਕੇ ਦੇਵਾਂਗੇ ਅਤੇ ਨਾਲ ਪੰਜ ਸਾਲ ਦਾ AMC (Annual Maintenance Contract) ਵੀ ਕਰਕੇ ਦੇਵਾਂਗੇ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਆਪ ਜੀ ਦੇ ਮਾਰਫਤ ਮੈਂ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਫਗਵਾੜਾ ਸਿਟੀ ਤੋਂ ਚੰਡੀਗੜ੍ਹ ਬਾਈਪਾਸ ਜਾਣ ਤੱਕ ਦੋ ਸੜਕਾਂ ਹਨ, ਇਨ੍ਹਾਂ ਦੋਵਾਂ ਸੜਕਾਂ ਦੀ ਬਹੁਤ ਮਾੜੀ ਹਾਲਤ ਹੈ। ਇੱਕ ਸੜਕ ਫਗਵਾੜਾ ਸਿਟੀ ਤੋਂ ਪਲਾ ਹੀ ਪਿੰਡ ਤੱਕ ਜਾਂਦੀ ਹੈ ਜੋ ਕਿ ਲਗਭਗ ਢਾਈ ਕਿਲੋਮੀਟਰ ਹੈ। ਦੂਸਰੀ ਸੜਕ ਫਗਵਾੜਾ ਸਿਟੀ ਤੋਂ ਮਹਿਲੀ ਚੌਕ ਬਾਈਪਾਸ ਤੱਕ ਜਾਂਦੀ ਹੈ, ਇਹ ਲਗਭਗ 5 ਕਿਲੋਮੀਟਰ ਹੈ। ਸਰ, ਇਨ੍ਹਾਂ ਦੋਵਾਂ ਸੜਕਾਂ ਦੀ ਕੰਡੀਸ਼ਨ ਬਹੁਤ ਮਾੜੀ ਹੈ। ਇੱਕ

ਸੜਕ ਤੇ ਸਕੂਲ ਪੈਂਦਾ ਹੈ ਅਤੇ ਦੂਸਰੀ ਤੇ ਮੈਰਿਜ ਪੈਲੇਸ, ਹੋਟਲ ਆਦਿ ਪੈਂਦੇ ਹਨ। ਇਸ ਲਈ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਇਨ੍ਹਾਂ ਦੋਵਾਂ ਸੜਕਾਂ ਨੂੰ ਪ੍ਰਾਇਰਟੀ ਤੇ ਬਣਾ ਦਿੱਤਾ ਜਾਵੇ। ਧੰਨਵਾਦ ਜੀ।

**1115/Kuldeep kaur/Monika sharma**

**ਸਰਦਾਰ ਕਰਮਬੀਰ ਸਿੰਘ (ਦਸੂਹਾ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਦਾ ਧਿਆਨ ਆਪਣੇ ਹਲਕੇ ਦੇ ਇੱਕ ਬਹੁਤ ਹੀ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰੇ ਹਲਕੇ ਤਲਵਾੜਾ ਤੋਂ ਬਲਾਚੌਰ ਤੱਕ ਇੱਕ ਕੰਢੀ ਕੈਨਾਲ ਨਹਿਰ ਜਾ ਰਹੀ ਹੈ, ਨਵੀਂ ਨਹਿਰ ਬਣਨ ਕਰਕੇ ਇੱਕ ਸਾਈਡ ਤੋਂ ਜਿਹੜੀ ਪੀ.ਡਬਲਊ.ਡੀ. ਦੀ ਸੜਕ ਸੀ, ਉਹ ਬਿਲਕੁਲ ਖਰਾਬ ਹੋ ਚੁੱਕੀ ਹੈ। ਇਸ ਦੇ ਨਾਲ ਹੀ ਜਦੋਂ ਨਵੀਂ ਨਹਿਰ ਬਣੀ ਹੈ, ਉਸ ਨੂੰ ਚੌੜੀ ਕੀਤਾ ਗਿਆ ਹੈ, ਨਹਿਰ ਦੇ ਕਿਨਾਰੇ ਤੇ ਜਿਹੜੀਆਂ ਕੰਧਾਂ ਬਣੀਆਂ ਹੋਈਆਂ ਸਨ, ਉਹ ਵੀ ਤੋੜ ਦਿੱਤੀਆਂ ਗਈਆਂ ਹਨ। ਇਸ ਸਬੰਧੀ ਪੀ.ਡਬਲਊ.ਡੀ. ਵੱਲੋਂ ਐਸਟੀਮੇਟ ਵੀ ਭੇਜਿਆ ਗਿਆ ਹੈ ਪਰ ਅਜੇ ਤੱਕ ਫੰਡ ਅਵੇਲੇਬਲ ਨਹੀਂ ਹੋਏ। ਮੈਂ ਸਰਕਾਰ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਲਦ ਤੋਂ ਜਲਦ ਫੰਡ ਉਪਲਬਧ ਕਰਵਾ ਕੇ ਕੰਧ ਬਣਾਈ ਜਾਵੇ ਅਤੇ ਇਸ ਦੇ ਨਾਲ ਹੀ, ਜਿਹੜਾ ਰਸਤਾ ਪੀ.ਡਬਲਊ.ਡੀ. ਦੇ ਅਧੀਨ ਆਉਂਦਾ ਹੈ, ਉਹ ਬਣਾਇਆ ਜਾਵੇ ਤਾਂ ਜੋ ਜਿਹੜੀ ਹਰ ਰੋਜ਼ ਦੁਰਘਟਨਾਵਾਂ ਹੋ ਰਹੀਆਂ ਹਨ, ਉਨ੍ਹਾਂ ਤੋਂ ਬਚਾਅ ਹੋ ਸਕੇ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ**: ਡਾਕਟਰ ਰਵਜੋਤ ਸਿੰਘ ਜੀ।

**ਡਾਕਟਰ ਰਵਜੋਤ ਸਿੰਘ (ਸ਼ਾਮ ਚੁਰਾਸੀ, ਐਸ.ਸੀ.)**: ਧੰਨਵਾਦ ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਸਦਨ ਦਾ ਕੀਮਤੀ ਸਮਾਂ ਦਿੱਤਾ। ਸਰ, ਮੇਰਾ ਹਲਕਾ ਸ਼ਾਮ ਚੁਰਾਸੀ ਹੈ, ਜੋ ਕਿ ਇੱਕ ਦਿਹਾਤੀ ਹਲਕਾ ਹੈ ਅਤੇ ਜਿਹੜਾ ਉਸ ਵਿੱਚ ਤਕਰੀਬਨ 1/3 ਏਰੀਆ ਹੈ, ਉਹ ਕੰਢੀ ਏਰੀਆ ਹੈ, ਜਿਸ ਨੂੰ ਕਿ ਅਸੀਂ ਆਮ ਭਾਸ਼ਾ ਵਿੱਚ ਪਹਾੜੀ ਏਰੀਆ ਕਹਿ ਦਿੰਦੇ ਹਾਂ। ਜਦੋਂ ਇਸ ਸਾਲ ਦੀ ਪਹਿਲੀ ਮੌਨਸੂਨ ਹੋਈ ਤਾਂ ਤਕਰੀਬਨ ਉੱਥੇ ਤਿੰਨ ਘੰਟੇ ਬਰਸਾਤ ਹੋਈ ਅਤੇ ਤਿੰਨ ਘੰਟੇ ਦੀ ਬਾਰਸ਼ ਨੇ ਕਾਫੀ ਨੁਕਸਾਨ ਕਰ ਦਿੱਤਾ, ਜਿਸ ਦੇ ਵਿੱਚ ਜਿਹੜੇ ਸਾਡੇ ਕਾਜ਼ਵੇਜ਼, ਪੁਲੀਆਂ ਅਤੇ ਡੰਗੇ ਆਦਿ ਸਨ, ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਕੋਲੋਂ ਮੰਗ ਕਰਾਂਗਾ, ਈ.ਟੀ.ਓ ਸਾਹਿਬ ਕੋਲ ਮੰਗ ਕਰਾਂਗਾ, ਉਹ ਵੀ ਅੱਜ ਇੱਥੇ ਮੌਜੂਦ ਹਨ, ਮੈਂ ਇੱਕ ਦਿਲ ਦਾ ਡਾਕਟਰ ਵੀ ਹਾਂ ਅਤੇ ਮੈਂ ਈ.ਟੀ.ਓ. ਸਾਹਿਬ ਦਾ ਐਕਸਰੇ ਕਰ ਲਿਆ ਹੈ, ਉਨ੍ਹਾਂ ਦਾ ਦਿਲ ਬਹੁਤ ਵੱਡਾ ਹੈ ਅਤੇ ਮੈਂ ਕਹਾਂਗਾ ਕਿ ਉਹ ਆਪਣੇ ਵੱਡੇ ਦਿਲ ਦਾ ਸਾਨੂੰ ਲਾਭ ਦੇਣ। ਜਿਹੜੀਆਂ ਸਾਡੀਆਂ ਮੰਗਾਂ ਹਨ, ਭਾਵੇਂ ਰੋਡਜ਼ ਦੀ ਹੈ ਜਾਂ ਪੁਲੀਆਂ ਦੀ ਹੈ, ਉਹ ਸਾਡੀਆਂ ਪੂਰੀਆਂ ਕਰਨ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਜਗਰੂਪ ਸਿੰਘ ਗਿੱਲ ਜੀ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)**: ਧੰਨਵਾਦ ਡਿਪਟੀ ਸਪੀਕਰ ਸਾਹਿਬ। ਡਿਪਟੀ ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਸਮੇਂ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ ਜਾਂ ਭਰਤੀ ਵਿੱਚ ਜਿਹੜੀਆਂ irregularities ਹੋਈਆਂ ਸਨ, ਸਾਡੀ ਸਰਕਾਰ ਨੇ ਕਾਫੀ ਹੱਦ ਤੱਕ ਠੀਕ ਕੀਤੀਆਂ ਹਨ ਅਤੇ ਇਸ ਦੇ ਲਈ ਮੁਲਾਜ਼ਮ ਧੰਨਵਾਦੀ ਹਨ। ਮੈਂ ਇੱਕ ਅਜਿਹਾ ਮਸਲਾ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਲ 2015 ਵਿੱਚ ਇੰਟੈਲੀਜੈਂਸ ਵਿਭਾਗ ਵਿੱਚ

ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਰਾਹੀਂ ਤਕਰੀਬਨ 1500 ਮੁਲਾਜ਼ਮਾਂ ਦੀ ਮਰਜਰ ਇੰਟੈਲੀਜੈਂਸ ਵਿੰਗ ਵਿੱਚ ਕੀਤੀ ਜਾਣੀ ਸੀ ਪਰ ਉਸ ਸਮੇਂ ਸਿਰਫ ਇੰਟਰਵਿਊ ਰੱਖ ਕੇ ਪਿਕ ਐਂਡ ਚੂਜ਼ ਕਰਕੇ 800 ਨੂੰ ਉਸ ਵਿੱਚ ਰੈਗੂਲਰ ਕਰ ਦਿੱਤਾ ਗਿਆ। ਸਿਰਫ ਉਹ ਮੁਲਾਜ਼ਮ ਹੀ ਕੀਤੇ ਗਏ ਸਨ, ਜਿਹੜੇ ਕਿ ਪਿਛਲੀ ਸਰਕਾਰਾਂ ਵੱਲੋਂ ਭਰਤੀ ਕੀਤੇ ਗਏ ਸਨ ਅਤੇ ਉਨ੍ਹਾਂ ਦੇ ਚਹੇਤੇ ਸਨ। ਜਿਨ੍ਹਾਂ ਮੁਲਾਜ਼ਮਾਂ ਦਾ ਹੱਕ ਬਣਦਾ ਸੀ, ਉਨ੍ਹਾਂ ਵੱਲੋਂ ਰਿੱਟ CWP No. 1996/2017 ਦਾਇਰ ਕੀਤੀ ਗਈ। ਮੁਲਾਜ਼ਮ ਹਾਈ ਕੋਰਟ ਵਿੱਚ ਲਗਾਤਾਰ 9-10 ਸਾਲ ਤੋਂ ਝਗੜ ਰਹੇ ਹਨ। ਇਸ ਰਿੱਟ ਵਿੱਚ ਮਾਣਯੋਗ ਹਾਈਕੋਰਟ ਨੇ ਵੀ ਕਿਹਾ ਹੈ ਕਿ ਇੰਟਰਵਿਊ ਰਾਹੀਂ ਮਣਮਾਨੇ ਤਰੀਕੇ ਨਾਲ ਆਪਣੇ ਚਹੇਤਿਆਂ ਨੂੰ ਫਾਇਦਾ ਦਿੱਤਾ ਗਿਆ ਹੈ ਤੇ ਸੀਨਿਆਰਿਟੀ ਨੂੰ ਛਿੱਕੇ ਟੰਗਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਹੁਣ ਸਾਡੀ ਸਰਕਾਰ ਹੈ। ਇਸ ਦੇ ਨਾਲ ਜਿਹੜੇ ਮੁਲਾਜ਼ਮ ਅਧਿਕਾਰੀ ਅਨਡੀਊ ਫਾਇਦਾ ਲੈ ਗਏ, ਉਹ ਵੀ ਆਪਣਾ ਸਮਾਂ ਬਰਬਾਦ ਕਰੀ ਜਾ ਰਹੇ ਹਨ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਰਹਿਣ ਦਿੱਤਾ ਜਾਵੇ, ਜੋ ਭਰਤੀ ਹੋ ਗਏ ਹਨ ਪਰ ਉਹ 800-900 ਮੁਲਾਜ਼ਮ ਜਿਹੜੇ ਹਾਈ ਕੋਰਟ ਵਿੱਚ ਆਪਣਾ ਪੈਸਾ ਅਤੇ ਸਮਾਂ ਬਰਬਾਦ ਕਰ ਰਹੇ ਹਨ, ਉਹ ਸਰਕਾਰ ਦੇ ਕੰਮਾਂ ਪ੍ਰਤੀ ਧਿਆਨ ਕਿਵੇਂ ਕੇਂਦਰਿਤ ਕਰਨਗੇ, ਜਦੋਂ ਕਿ ਉਹ ਆਪਣੇ ਅਧਿਕਾਰਾਂ ਲਈ ਲੜ ਰਹੇ ਹਨ। ਹੁਣ ਇਸ ਰਿਟ ਰਾਹੀਂ ਮਾਣਯੋਗ ਹਾਈ ਕੋਰਟ ਨੇ ਉਨ੍ਹਾਂ ਨੂੰ ਕਲੀਅਰ ਕੀਤਾ ਹੈ ਕਿ ਇੱਥੇ ਧੱਕਾ ਹੋਇਆ ਹੈ। ਮੈਂ ਸਰਕਾਰ ਨੂੰ, ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਸ ਤਰ੍ਹਾਂ ਹੋਰ ਮੁਲਾਜ਼ਮਾਂ ਨੂੰ, ਜਿੱਥੇ ਧੱਕੇ ਵੀ ਹੋਏ ਹਨ, ਨਿਯੁਕਤੀਆਂ ਵੀ ਦਿੱਤੀਆਂ ਹਨ, ਪੱਦ ਉੱਨਤੀਆਂ ਵੀ ਦਿੱਤੀਆਂ ਹਨ, ਇੰਟੈਲੀਜੈਂਸ ਵਿੰਗ ਦੇ ਉਨ੍ਹਾਂ ਅਧਿਕਾਰੀਆਂ ਨੂੰ ਵੀ ਉਸ ਸਮੇਂ ਤੋਂ ਫਾਇਦਾ ਦਿੱਤਾ ਜਾਵੇ, ਕਿਉਂਕਿ ਉਹ ਪਹਿਲਾਂ ਹੀ ਇੰਟੈਲੀਜੈਂਸ ਵਿੰਗ ਵਿੱਚ ਕੰਮ ਕਰ ਰਹੇ ਹਨ, ਇਸ ਨਾਲ ਸਰਕਾਰ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ। ਇਸ ਨਾਲ ਨਾ ਹੀ ਉਨ੍ਹਾਂ ਦੀ ਕੋਈ ਤਨਖਾਹ ਵਧਣੀ ਹੈ, ਨਾ ਕੋਈ ਨਵੀਂ ਭਰਤੀ ਹੋਣੀ ਹੈ ਕਿਉਂਕਿ ਉਹ ਉੱਥੋਂ ਹੀ ਤਨਖਾਹ ਲੈ ਰਹੇ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਦੇ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣ।

**ਮਾਣਯੋਗ ਡਿਪਟੀ ਸਪੀਕਰ**: ਧੰਨਵਾਦ। ਹਾਂ ਜੀ ਜਾਖੜ ਜੀ।

**ਸ਼੍ਰੀ ਸੰਦੀਪ ਜਾਖੜ (ਅਬੋਹਰ)**: ਧੰਨਵਾਦ ਡਿਪਟੀ ਸਪੀਕਰ ਸਾਹਿਬ। ਡਿਪਟੀ ਸਪੀਕਰ ਸਾਹਿਬ, ਜਿਵੇਂ ਕਿ ਸਾਰਿਆਂ ਨੂੰ ਪਤਾ ਹੈ ਕਿ ਡੀ.ਏ.ਪੀ. ਦੀ ਬਹੁਤ ਵੱਡੀ ਸ਼ਾਰਟੇਜ ਚਲ ਰਹੀ ਹੈ ਤੇ ਆਉਣ ਵਾਲਾ ਡੇਟਾ ਦੱਸ ਰਿਹਾ ਹੈ ਕਿ ਇਸ ਸਾਲ ਪੂਰੇ ਭਾਰਤ ਵਿੱਚ ਡੀ.ਏ.ਪੀ. ਦੀ ਬਹੁਤ ਕਿੱਲਤ ਆਉਣ ਵਾਲੀ ਹੈ ਪਰ ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਦੂਜੇ ਸੂਬਿਆਂ ਦੇ ਮੁੱਖ ਮੰਤਰੀ ਆਪ ਜਾ ਕੇ ਭਾਰਤ ਸਰਕਾਰ ਕੋਲ lobbying ਕਰ ਰਹੇ ਹਨ ਤਾਂ ਕਿ ਅੱਗੇ ਦਿੱਕਤ ਨਾ ਆਵੇ ਪਰ ਆਪਣੇ ਪੰਜਾਬ ਤੋਂ ਸਿਰਫ ਸਕੱਤਰ ਸਾਹਿਬ ਉੱਥੇ ਜਾ ਕੇ ਗੱਲ ਕਰਕੇ ਆਏ ਹਨ। ਨਾ ਹੀ ਉੱਥੇ ਕੋਈ ਮੰਤਰੀ ਸਾਹਿਬ ਗਏ। ਡੀ.ਏ.ਪੀ. ਦੀ ਬਹੁਤ ਵੱਡੀ ਪ੍ਰਾਬਲਮ ਹੈ, ਜਿਹੜੀ ਨਵੰਬਰ ਮਹੀਨੇ ਦੇ ਵਿੱਚ ਕਣਕਾਂ ਦੀ sowing ਵੇਲੇ ਆਉਣੀ ਹੈ। ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, 290 ਕਰੋੜ ਰੁਪਏ ਭਾਰਤ ਸਰਕਾਰ ਨੇ ਡਾਈਵਰਸੀਫਿਕੇਸ਼ਨ ਵਾਸਤੇ ਦਿੱਤੇ ਹਨ। ਸਾਰਾ ਦਿਨ ਅਸੀਂ ਡਾਈਵਰਸੀਫਿਕੇਸ਼ਨ ਦੀ ਗੱਲਾਂ ਕਰਦੇ ਹਾਂ

**1120/Pawan sharma/Shubham jain**

ਉਹ ਪੈਸਾ ਆਇਆ, ਉਹ ਪੈਸਾ ਲੈਪਸ ਹੋ ਗਿਆ ਹੈ ਲੇਕਿਨ ਪੰਜਾਬ ਸਰਕਾਰ ਨੂੰ ਪਤਾ ਹੀ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਦੋ ਮਹੀਨੇ ਨੂੰ ਝੋਨੇ ਦੀ ਫਸਲ ਆ ਜਾਵੇਗੀ, ਪੁਰਾਣਾ ਝੋਨਾ ਤਾਂ ਆਪਣੇ ਕੋਲ ਪਿਆ ਹੈ, ਨਵੇਂ ਵਾਸਤੇ ਆਪਣੇ ਕੋਲ ਥਾਂ ਹੈ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਕਹਿਣ ਦਾ ਭਾਵ ਹੈ ਕਿ ਖੇਤੀਬਾੜੀ ਨਾਲ ਜੁੜਿਆ ਹੋਇਆ ਆਪਣਾ ਸੂਬਾ ਜਾਣਿਆ ਜਾਂਦਾ ਹੈ, ਕਿਸਾਨ ਚੰਡੀਗੜ੍ਹ ਵਿਖੇ ਧਰਨੇ ਉਤੇ ਬੈਠੇ ਹਨ ਲੇਕਿਨ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਹੀ ਨਹੀਂ ਹੈ।

**ਮਾਣਯੋਗ ਸਪੀਕਰ ਸਾਹਿਬ:** ਧੰਨਵਾਦ ਜੀ। ਹਾਂ ਜੀ, ਰਾਜਾ ਜੀ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਉੜਮੁੜ):** ਧੰਨਵਾਦ ਡਿਪਟੀ ਸਪੀਕਰ ਸਾਹਿਬ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦੇ ਧਿਆਨ ਵਿਚ ਇੱਕ ਬਹੁਤ ਜ਼ਰੂਰੀ ਮੁੱਦਾ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ, ਜ਼ਿਲ੍ਹਾ ਹੁਸ਼ਿਆਰਪੁਰ ਦੇ ਲਾਸਟ ਦੋ ਪਿੰਡ ਗੁਰਦਾਸਪੁਰ ਸਾਈਡ ਉਤੇ ਹਨ, ਜਿਥੇ ਅੱਜ 74-75 ਸਾਲ ਹੋ ਗਏ ਹਨ ਪਰ ਉਨ੍ਹਾਂ ਦੋਨਾਂ ਪਿੰਡਾਂ ਨੂੰ ਅਬਦੁੱਲਾਪੁਰ ਤੇ ਫੱਤਾਪੁਰ ਅੱਜ ਤੱਕ ਜਾਣ ਲਈ ਪੱਕਾ ਰਸਤਾ ਨਹੀਂ ਬਣਿਆ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਇਨ੍ਹਾਂ ਦੋ ਪਿੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਥੇ ਪੱਕੀਆਂ ਰੋਡਜ਼ ਬਣਾਈਆਂ ਜਾਣ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਦੁਆਬੇ ਦੇ ਵਿਚ ਸੜਕਾਂ ਉਤੇ ਬਹੁਤ ਦਰੱਖਤ ਹਨ, ਕਾਫੀ ਦਰੱਖਤ ਇਸ ਤਰ੍ਹਾਂ ਦੇ ਹਨ ਜਿਹੜੇ ਸੁੱਕ ਗਏ ਹਨ। ਮੇਰੀ ਆਪ ਜੀ ਦੇ ਜ਼ਰੀਏ ਮੰਤਰੀ ਸਾਹਿਬ ਨੂੰ ਵੀ ਬੇਨਤੀ ਹੈ ਕਿ ਜਿਹੜੇ ਸੁੱਕੇ ਹੋਏ ਦਰੱਖਤ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਵਢਾਇਆ ਜਾਵੇ ਕਿਉਂਕਿ ਜਦੋਂ ਹਨੇਰੀ ਆਉਂਦੀ ਹੈ ਤਾਂ ਕਾਫੀ ਐਕਸੀਡੈਂਟ ਹੁੰਦੇ ਹਨ, ਉਹ ਪਹਿਲਾਂ ਹੀ ਡਿੱਗ ਜਾਂਦੇ ਹਨ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸਰਦਾਰ ਅਮਰਪਾਲ ਸਿੰਘ ਜੀ।

**ਸਰਦਾਰ ਅਮਰਪਾਲ ਸਿੰਘ (ਸ੍ਰੀ ਹਰਗੋਬਿੰਦਪੁਰ, ਐਸ.ਸੀ) :** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਦੋ ਤਿੰਨ ਜਿਹੜੇ ਮੇਨ ਟਾਪਿਕ ਹਨ।

**ਮਾਣਯੋਗ ਡਿਪਟੀ ਸਪੀਕਰ:** ਸ਼ਾਰਟ ਵਿਚ ਰੱਖ ਦਿਉ। ਤਿੰਨ ਜ਼ਿਆਦਾ ਹੋ ਜਾਣਗੇ।

**ਸਰਦਾਰ ਅਮਰਪਾਲ ਸਿੰਘ:** ਸਰ, ਸਭ ਤੋਂ ਵੱਡਾ ਇਸ਼ੂ ਇਹ ਹੈ ਕਿ ਪੁਰਾਣੀਆਂ ਸਰਕਾਰਾਂ ਨੇ ਇੱਕ ਬਟਾਲਾ ਸਿਟੀ ਨੂੰ ਜ਼ਿਲ੍ਹਾ ਬਣਾਉਣ ਦੀ ਜਿਹੜੀ ਤਜਵੀਜ਼ ਰੱਖੀ ਸੀ ਔਰ ਵਾਰ ਵਾਰ ਲਾਰਾ ਲਾਇਆ ਗਿਆ ਹੈ ਕਿ ਬਟਾਲਾ ਜ਼ਿਲ੍ਹਾ ਬਣ ਜਾਵੇਗਾ, ਹੁਣ ਬਣ ਜਾਵੇਗਾ, ਹੁਣ ਬਣ ਜਾਵੇਗਾ ਪਰ ਕਿਸੇ ਵੀ ਸਰਕਾਰ ਨੇ ਬਟਾਲੇ ਨੂੰ ਜ਼ਿਲ੍ਹਾ ਬਣਾਉਣ ਲਈ ਪਹਿਲ ਨਹੀਂ ਕੀਤੀ। ਸੋ, ਮੈਂ ਆਪਣੀ ਇਸ ਮੰਗ ਦੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਬਟਾਲਾ ਜ਼ਿਲ੍ਹਾ ਬਣੇ ਤਾਂਕਿ ਜਿਹੜੇ ਦੂਰ ਦੁਰਾਡੇ ਸਾਡੇ ਹਲਕੇ ਹਨ, ਜਿਵੇਂ ਡੇਰਾ ਬਾਬਾ ਨਾਨਕ ਹੈ ਜਾਂ ਫਿਰ ਦੂਸਰੇ ਹਲਕੇ ਹਨ, ਜਿਨ੍ਹਾਂ ਨੂੰ ਸੈਸ਼ਨ ਕੋਰਟ ਗੁਰਦਾਸਪੁਰ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਬਹੁਤ ਔਖਿਆਈ ਹੁੰਦੀ ਹੈ। ਸੋ, ਕਿਰਪਾ ਕਰਕੇ ਇਹ ਮੇਰੀ ਤਜਵੀਜ਼ ਹੈ, ਇਹ ਸਰਕਾਰ ਪੂਰੀ ਕਰੇ, ਇਸ ਨਾਲ ਲੋਕਾਂ ਨੂੰ ਫਾਇਦਾ ਹੋਵੇਗਾ। ਦੂਸਰਾ ਜਿਹੜਾ ਮੇਰਾ ਮੇਨ ਮੁੱਦਾ ਹੈ, ਮੈਂ ਐਸ.ਸੀ., ਐਸ.ਟੀ. ਐਕਟ ਦੇ ਪ੍ਰਤੀ ਸੁਚੇਤ ਹਾਂ ਔਰ ਮੈਂ ਸਭ ਕੁਝ ਉਸ ਵਿਚ ਦੇਖਿਆ ਹੈ ਕਿ ਜੋ ਵੀ ਐਸ.ਸੀ., ਐਸ.ਟੀ.ਐਕਟ ਜਾਣਕਾਰੀ ਹੈ, ਉਸ ਵਿੱਚ ਕਿਸੇ ਤਰ੍ਹਾਂ

ਦੀ ਵੀ ਛੇੜਖਾਨੀ ਨਹੀਂ ਹੋਣੀ ਚਾਹੀਦੀ। ਮੈਂ ਕਾਈਂਡਲੀ ਸੈਂਟਰ ਗੌਰਮਿੰਟ ਕੋਲੋਂ ਮੰਗ ਕਰਦਾ ਹਾਂ ਕਿ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਚੇਂਜ ਨਾ ਕੀਤੀ ਜਾਵੇ। ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਗੋਗੀ ਜੀ ਤੁਸੀਂ ਆਪਣੀ ਸੀਟ ਉਤੇ ਆਉ, ਤੁਹਾਨੂੰ ਬੁਲਾਉਣਾ ਹੈ। ਬਨਾਂਵਾਲੀ ਸਾਹਿਬ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਧੰਨਵਾਦ ਡਿਪਟੀ ਸਪੀਕਰ ਸਾਹਿਬ। ਮੈਂ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਭਾਰਤ ਮਾਲਾ ਪ੍ਰਾਜੈਕਟ ਦੇ ਅਧੀਨ ਸੜਕਾਂ ਬਣ ਰਹੀਆਂ ਹਨ, ਜਿਥੇ ਉਥੇ ਕਿਸਾਨਾਂ ਦੀ ਜ਼ਮੀਨ ਦੇ ਰੇਟ ਦਾ ਮੁੱਦਾ ਹੈ, ਉਥੇ ਹੀ ਇੱਕ ਵੱਡਾ ਮੁੱਦਾ ਬਣ ਰਿਹਾ ਹੈ ਕਿ ਜਿਹੜਾ ਪਾਣੀ ਦਾ ਕੁਦਰਤੀ ਵਹਾਅ ਹੈ ਉਹ ਰੁਕ ਰਿਹਾ ਹੈ, ਜਦੋਂ ਵੀ ਕਿਤੇ ਹੜ੍ਹ ਆਉਂਦੇ ਹਨ ਤਾਂ ਉਹ ਇੱਕ ਡੈਮ ਦੀ ਤਰ੍ਹਾਂ ਬਣ ਜਾਂਦੀ ਹੈ ਤੇ ਜਿਹੜੇ ਕਿਸਾਨਾਂ ਦੇ ਅੱਗੇ ਵਹਾਅ ਨਹੀਂ ਜਾਂਦਾ ਤਾਂ ਉਨ੍ਹਾਂ ਕਿਸਾਨਾਂ ਦੀ ਸਾਰੀ ਫਸਲ ਮਰ ਜਾਂਦੀ ਹੈ । ਇੱਕ ਤਾਂ ਜਦੋਂ ਵੀ ਇਹ ਪ੍ਰਾਜੈਕਟ ਬਣਦੇ ਹਨ ਤਾਂ ਕੁਦਰਤੀ ਵਹਾਅ ਦਾ ਜ਼ਰੂਰ ਖਿਆਲ ਰੱਖਿਆ ਜਾਵੇ ਤਾਂ ਜੋ ਜਿਹੜਾ ਉਹ ਡੈਮ ਬਣ ਜਾਂਦਾ ਹੈ, ਉਸ ਨਾਲ ਕਿਸਾਨਾਂ ਦੀ ਫਸਲ ਨਾ ਮਰੇ, ਕੁਦਰਤੀ ਵਹਾਅ ਵਿਚ ਠੱਲ੍ਹ ਨਾ ਪਵੇ। ਦੂਸਰਾ ਜਿਹੜਾ ਉਸ ਦੇ ਨਾਲ ਨਾਲ ਡਰੇਨ ਬਣਾਈ ਜਾਂਦੀ ਹੈ, ਤੁਸੀਂ ਕਿਤੇ ਵੀ ਵੇਖ ਲਵੋ, ਜਿੰਨੀਆਂ ਡਰੇਨਾਂ ਬਣਾਈਆਂ ਹੋਈਆਂ ਹਨ, ਡਰੇਨਾਂ ਬਣਾ ਦਿੱਤੀਆਂ ਲੇਕਿਨ ਉਨ੍ਹਾਂ ਦਾ ਨਿਕਾਸ ਕਿਤੇ ਨਹੀਂ ਕੀਤਾ ਜਾਂਦਾ। ਡਰੇਨ ਬਣਾ ਕੇ ਛੱਡ ਦਿੱਤੀ ਜਾਂਦੀ ਹੈ ਤੇ ਉਹ ਪਾਣੀ ਕਿਥੇ ਜਾਂਦਾ ਹੈ, ਤੁਸੀਂ ਕੋਈ ਕਮੇਟੀ ਬਣਾ ਕੇ ਭੇਜ ਦਿਉ, ਉਸ ਦਾ ਪਾਣੀ ਦਾ ਨਿਕਾਸ ਕਿਤੇ ਨਹੀਂ ਹੁੰਦਾ, ਕਾਗਜ਼ੀ ਡਰੇਨ ਬਣਾ ਦਿੱਤੀ ਜਾਂਦੀ ਹੈ। ਤੀਜਾ ਜਦੋਂ ਜਿਹੜੇ ਪਾਸੇ ਕੋਈ ਜ਼ਮੀਨ ਰਹਿ ਜਾਂਦੀ ਹੈ, ਕਿਸੇ ਕਿਸਾਨ ਦਾ ਅੱਧਾ ਕਿੱਲਾ ਰਹਿ ਗਿਆ, ਉਸ ਨੂੰ ਰਸਤਾ ਹੀ ਨਹੀਂ ਮਿਲ ਰਿਹਾ, ਉਸ ਨੂੰ ਅਪਰੋਚ ਰੋਡ ਤਾਂ ਦਿੱਤੀ ਜਾਵੇ ਉਹ ਕਿਥੋਂ ਦੀ ਉਸ ਪਾਸੇ ਜਾਵੇਗਾ ਜਿਹੜੇ ਪਾਸੇ ਉਸ ਦਾ ਅੱਧਾ ਕਿੱਲਾ, ਦੋ ਕਨਾਲ, ਤਿੰਨ ਕਨਾਲਾਂ ਰਹਿ ਗਈਆਂ। ਸੋ, ਮਨਿਸਟਰ ਸਾਹਿਬ, ਸਰਦਾਰ ਹਰਭਜਨ ਸਿੰਘ ਜੀ ਬੈਠੇ ਹਨ, ਜਦੋਂ ਵੀ ਸੈਂਟਰ ਨਾਲ ਮੀਟਿੰਗ ਹੁੰਦੀ ਹੈ ਤਾਂ ਕਿਸਾਨਾਂ ਦੀ ਇਸ ਸਮੱਸਿਆ ਦਾ ਖਿਆਲ ਜ਼ਰੂਰ ਕੀਤਾ ਜਾਵੇ ਤਾਂਕਿ ਪੰਜਾਬ ਹੜ੍ਹਾਂ ਦੀ ਮਾਰ ਤੋਂ ਵੀ ਬਚ ਸਕੇ ਤੇ ਜਿਹੜੀਆਂ ਡਰੇਨਜ਼ ਹਨ ਉਨ੍ਹਾਂ ਦਾ ਨਿਕਾਸ ਹੋ ਸਕੇ ਤੇ ਜਿਨ੍ਹਾਂ ਦੇ ਰਸਤੇ ਰੁਕੇ ਹੋਏ ਹਨ, ਉਨ੍ਹਾਂ ਨੂੰ ਪ੍ਰਾਪਰ ਰਸਤਾ ਮਿਲ ਸਕੇ। ਧੰਨਵਾਦ ਜੀ।

**1125/Jaspal Singh/Shubham jain**

**1130/Beant kaur**

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ)** : ਧੰਨਵਾਦ, ਡਿਪਟੀ ਸਪੀਕਰ ਸਾਹਿਬ। ਮੈਂ ਤੁਹਾਡਾ ਧਿਆਨ ਲੁਧਿਆਣਾ ਪੂਰਬੀ ਹਲਕੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪੁਰਾਣੇ ਸਮਿਆਂ ਵਿੱਚ ਤਕਰੀਬਨ 40-45 ਸਾਲ ਪਹਿਲਾਂ ਉਥੇ ਇਕ ਫੋਕਲ ਪੁਆਇੰਟ ਕੱਟਿਆ ਗਿਆ ਸੀ। ਉਸ ਵਾਸਤੇ ਜਿਹੜੀ ਜ਼ਮੀਨ ਐਕੁਆਇਰ ਕੀਤੀ ਗਈ ਸੀ, ਉਸ ਦੇ 4-5 ਏਕੜ ਵਿੱਚ ਲੋਕਾਂ ਦੇ ਘਰ ਬਣੇ ਹੋਏ ਸਨ, ਜਿਨ੍ਹਾਂ ਦੀ ਕੋਈ ਰਜਿਸਟਰੀ ਨਹੀਂ ਹੋਈ। ਰਵੀਨਾ ਐਂਡ ਕੰਪਨੀ ਵਲੋਂ ਇਹ ਕੱਟੀ ਗਈ ਸੀ, ਜਿਸ ਨੇ ਪਹਿਲਾਂ ਇਨ੍ਹਾਂ ਲੋਕਾਂ ਤੋਂ ਐਗਰੀਮੈਂਟ ਦੇ ਪੈਸੇ ਲੈ ਲਏ, ਉਸ ਤੋਂ ਬਾਅਦ ਸਰਕਾਰ ਨੇ ਫੈਸਲਾ ਲੈ ਲਿਆ। ਉਹ ਲੋਕ ਕੇਸ ਲੜ ਰਹੇ ਹਨ ਕਿਉਂਕਿ ਸਰਕਾਰ ਨੇ ਫੈਸਲਾ ਲੈ ਲਿਆ ਕਿ ਰਵੀਨਾ ਐਂਡ ਕੰਪਨੀ ਨੂੰ ਅਸੀਂ ਵਾਪਸ ਕਰ

ਦੇਵਾਂਗੇ। ਜੇਕਰ ਇਹ ਵਾਪਸ ਕਰ ਦਿੱਤੀ ਗਈ ਤਾਂ ਉਹ ਫੇਰ ਉਨ੍ਹਾਂ ਦਾ ਗਲ਼ ਘੁੱਟੇਗਾ। ਇਸ ਕਰਕੇ ਜਲਦੀ ਤੋਂ ਜਲਦੀ ਕੋਈ ਫੈਸਲਾ ਲਿਆ ਜਾਵੇ ਕਿਉਂਕਿ ਮਾਲਕ ਫੈਸਲਾ ਕਰਨ ਨੂੰ ਤਿਆਰ ਹਨ। ਉਨ੍ਹਾਂ ਦੇ ਨਾਂ ਤੇ ਰਜਿਸਟਰੀਆਂ ਕੀਤੀਆਂ ਜਾਣ ਤਾਂ ਜੋ ਜਿਹੜੇ 40-45 ਸਾਲ ਤੋਂ ਬੇਘਰ ਹਨ, ਉਨ੍ਹਾਂ ਨੂੰ ਬੇਘਰ ਕਹਿ ਸਕਦੇ ਹਾਂ ਕਿਉਂਕਿ ਘਰ ਉਨ੍ਹਾਂ ਦੇ ਨਾਂ ਤੇ ਨਹੀਂ ਹਨ ਜਦਕਿ ਘਰ ਬਣੇ ਹੋਏ ਹਨ, ਉਨ੍ਹਾਂ ਦੇ ਨਾਂ ਤੇ ਮੀਟਰ ਲੱਗੇ ਹੋਏ ਹਨ, ਹਾਊਸ ਟੈਕਸ ਦੇ ਰਹੇ ਹਨ। ਸੋ, ਉਨ੍ਹਾਂ ਦੇ ਨਾਂ ਤੇ ਰਜਿਸਟਰੀਆਂ ਕੀਤੀਆਂ ਜਾਣ ਤਾਂ ਕਿ ਉਨ੍ਹਾਂ ਨੂੰ ਰਾਹਤ ਮਿਲ ਸਕੇ।

**Mr. Deputy Speaker** : Thank you.

**ਸ਼੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)** : ਧੰਨਵਾਦ, ਡਿਪਟੀ ਸਪੀਕਰ ਸਾਹਿਬ। ਮੇਰੇ ਹਲਕੇ ਅੰਦਰ ਕਿਲਾ ਮੁਹੱਲਾ ਅਤੇ ਸਲਾਮਗੰਜ, ਦੋ ਇਲਾਕੇ ਅਜਿਹੇ ਹਨ, ਮੇਰੇ ਤੋਂ ਪਹਿਲਾਂ ਬੋਲਦੇ ਹੋਏ ਜਿਵੇਂ ਐਮਐਲਏ ਸਾਹਿਬ ਨੇ ਦੱਸਿਆ ਹੈ, ਮੇਰੇ ਹਲਕੇ ਵਿੱਚ ਵੀ ਇਹੀ ਤਕਲੀਫ ਹੈ। ਲਾਲ ਲਕੀਰ ਵਿੱਚ ਜਿਹੜੇ ਲੋਕ 1947 ਤੋਂ ਬੈਠੇ ਹਨ, ਉਨ੍ਹਾਂ ਦੀਆਂ ਕੋਈ ਰਜਿਸਟਰੀਆਂ ਨਹੀਂ ਹੋਈਆਂ ਹਨ। ਅਸੀਂ ਉਨ੍ਹਾਂ ਤੋਂ ਪਾਣੀ ਦਾ ਟੈਕਸ ਅਤੇ ਹੋਰ ਸਾਰੇ ਟੈਕਸ ਲੈਂਦੇ ਹਾਂ। ਉਨ੍ਹਾਂ ਗਰੀਬ ਆਦਮੀਆਂ ਨੇ ਜਦੋਂ ਬੱਚੇ ਪੜ੍ਹਾਉਣੇ ਹਨ ਤਾਂ ਉਨ੍ਹਾਂ ਨੂੰ ਕੋਈ ਲੋਨ ਨਹੀਂ ਦਿੱਤਾ ਜਾਂਦਾ। ਜਿਸ ਕਾਰਨ ਉਹ ਬਹੁਤ ਦਿੱਕਤ ਵਿੱਚ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਘਰਾਂ ਦੀਆਂ ਰਜਿਸਟਰੀਆਂ ਕਰਵਾ ਕੇ ਉਨ੍ਹਾਂ ਨੂੰ ਰਾਹਤ ਦਿੱਤੀ ਜਾਵੇ ਤਾਂ ਜੋ ਉਹ ਵੀ ਆਪਣੇ ਵਾਂਗ ਆਮ ਨਾਗਰਿਕ ਦੀ ਤਰ੍ਹਾਂ ਜੀਅ ਸਕਣ। ਬਹੁਤ ਬਹੁਤ ਧੰਨਵਾਦ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਧੰਨਵਾਦ, ਡਿਪਟੀ ਸਪੀਕਰ ਸਾਹਿਬ। ਮੇਰੇ ਤੋਂ ਪਹਿਲਾਂ ਜਿਸ ਤਰ੍ਹਾਂ ਜਾਖੜ ਸਾਹਿਬ ਨੇ ਵੀ ਗੱਲ ਕੀਤੀ ਹੈ ਕਿ ਡੀਏਪੀ ਦੀ ਸ਼ਾਰਟੇਜ ਹੈ। ਅਕਤੂਬਰ-ਨਵੰਬਰ ਮਹੀਨੇ ਵਿੱਚ ਆਲੂ ਅਤੇ ਕਣਕ ਦੀ ਬਿਜਾਈ ਹੋ ਰਹੀ ਹੈ। ਇਸ ਮਹੀਨੇ ਵਿੱਚ ਡਿਮਾਂਡ ਨੂੰ ਦੇਖਦੇ ਹੋਏ ਡੀਏਪੀ ਦਾ ਤਕਰੀਬਨ 50% ਪਹੁੰਚ ਜਾਂਦਾ ਹੈ ਪਰੰਤੂ ਹਾਲੇ ਤੱਕ ਇਹ ਤਕਰੀਬਨ 30% ਤੋਂ ਵੀ ਘੱਟ ਪਹੁੰਚਿਆ ਹੈ। ਜਿਸ ਕਾਰਨ ਪ੍ਰਾਈਵੇਟ ਕੰਪਨੀਆਂ ਕਿਸਾਨਾਂ ਨੂੰ ਧੱਕੇ ਨਾਲ ਨੈਨੋ ਯੂਰੀਆ, ਜਿੰਕ ਜਾਂ ਹੋਰ ਮਟੀਰੀਅਲ ਜਿਹੜਾ ਉਨ੍ਹਾਂ ਲਈ ਕਿਸੇ ਕੰਮ ਨਹੀਂ ਆਉਣਾ, ਦੇ ਰਹੀਆਂ ਹਨ। ਪਿੱਛੇ ਜਿਹੇ ਪੀਏਯੂ ਨੇ ਆਪਣੀ ਰਿਸਰਚ ਰਿਪੋਰਟ ਦਿੱਤੀ ਹੈ, ਜਿਸ ਵਿੱਚ ਉਸ ਨੇ ਨੈਨੋ ਯੂਰੀਆ ਨੂੰ ਨਾਨ ਯੂਜਫੁੱਲ ਦੱਸਿਆ ਹੈ, ਜਿਸ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਹੈ। ਸੋ, ਉਹ ਧੱਕੇ ਨਾਲ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਡੀਏਪੀ ਦੀ ਸ਼ਾਰਟੇਜ ਦਾ ਹੱਲ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਆਲੂ ਦੀ ਬਿਜਾਈ ਜਾਂ ਕਣਕ ਦੀ ਬਿਜਾਈ ਵਾਸਤੇ ਕੋਈ ਦਿੱਕਤ ਨਾ ਆਵੇ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਮੁਲਾਜ਼ਮਾਂ ਨਾਲ ਓਲਡ ਪੈਨਸ਼ਨ ਸਕੀਮ ਸਬੰਧੀ ਵਾਅਦਾ ਕੀਤਾ ਸੀ। ਇਹ ਸਾਲ 2004 ਤੋਂ ਬੰਦ ਪਈ ਹੈ।

ਡਿਪਟੀ ਸਪੀਕਰ ਸਾਹਿਬ, ਕਿਸੇ ਪਰਿਵਾਰਕ ਮੈਂਬਰ ਦੀ ਮੌਤ ਤੋਂ ਬਾਅਦ ਸਰਕਾਰ ਵਲੋਂ ਤਰਸ ਦੇ ਅਧਾਰ ਤੇ ਘਰ ਦੇ ਮੈਂਬਰ ਨੂੰ ਨੌਕਰੀ ਦਿੱਤੀ ਜਾਂਦੀ ਹੈ ਪਰੰਤੂ ਇਸ ਵਾਸਤੇ 3-4 ਸਾਲ ਉਨ੍ਹਾਂ ਨੂੰ ਖੱਜਲ ਹੋਣਾ ਪੈਂਦਾ ਹੈ। ਇਸ ਪ੍ਰਕ੍ਰਿਆ ਨੂੰ ਫਾਸਟ ਕੀਤਾ ਜਾਵੇ ਤਾਂ ਜੋ ਪਰਿਵਾਰਕ ਮੈਂਬਰਾਂ ਨੂੰ ਜਲਦੀ ਤੋਂ ਜਲਦੀ ਤਰਸ ਦੇ ਅਧਾਰ ਤੇ ਨੌਕਰੀ ਦਿੱਤੀ ਜਾਵੇ।

ਡਿਪਟੀ ਸਪੀਕਰ ਸਾਹਿਬ, ਪੀਏਯੂ ਅਤੇ ਗਡਵਾਸੂ ਦੇ ਜਿਹੜੇ ਟੀਚਰ 1.1.2016 ਤੋਂ ਪਹਿਲਾਂ ਰਿਟਾਇਰ ਹੋਏ ਸਨ, ਇਹ ਤਕਰੀਬਨ 850 ਹਨ, ਜਿਨ੍ਹਾਂ ਨੂੰ 7ਵਾਂ ਪੇਅ ਕਮਿਸ਼ਨ ਨਹੀਂ ਮਿਲਿਆ। ਨਾਨ ਟੀਚਿੰਗ ਸਟਾਫ, ਚਾਹੇ ਉਹ ਸਟੈਨੋ ਜਾਂ ਪੀਅਨ 1.1.2016 ਤੋਂ ਪਹਿਲਾਂ ਰਿਟਾਇਰ ਹੋਏ ਸਨ, ਉਨ੍ਹਾਂ ਨੂੰ ਮਿਲ ਗਿਆ ਸੀ ਪਰੰਤੂ ਇਨ੍ਹਾਂ 850 ਨੂੰ ਨਹੀਂ ਮਿਲਿਆ। ਸੋ, ਇਨ੍ਹਾਂ ਦੀ ਜਿਹੜੀ ਮੰਗ ਹੈ, 7ਵਾਂ ਪੇਅ ਕਮਿਸ਼ਨ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਮਿਤੀ 6.3.2024 ਨੂੰ ਇਕ ਸਵਾਲ ਪੀਆਈਡੀਬੀ ਬਾਰੇ ਲਗਾਇਆ ਸੀ, ਜਿਹੜੇ ਕਿਸਾਨ ਇਸ ਬੈਂਕ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਕਰਜ਼ਾ ਦਿੱਤਾ ਜਾਵੇ। ਉਸ ਵੇਲੇ ਪ੍ਰਾਸੈੱਸ ਸ਼ੁਰੂ ਵੀ ਹੋਇਆ ਸੀ ਪਰੰਤੂ ਹਾਲੇ ਤੱਕ ਕਿਸਾਨਾਂ ਨੂੰ ਬੈਂਕ ਵਲੋਂ ਕਰਜ਼ਾ ਦੇਣਾ ਸ਼ੁਰੂ ਨਹੀਂ ਕੀਤਾ ਗਿਆ। ਪੀਆਈਡੀਬੀ ਦੇ ਮੁਲਾਜ਼ਮਾਂ ਦੀ ਇਹ ਮੰਗ ਵੀ ਹੈ ਕਿ ਉਨ੍ਹਾਂ ਨੂੰ ਛੇਵਾਂ ਪੇਅ ਕਮਿਸ਼ਨ ਨਹੀਂ ਮਿਲ ਰਿਹਾ। ਹੋਰ ਮਹਿਕਮਿਆਂ ਦੇ ਜਿਹੜੇ ਮੁਲਾਜ਼ਮਾਂ ਨੂੰ ਛੇਵਾਂ ਪੇਅ ਕਮਿਸ਼ਨ ਨਹੀਂ ਮਿਲ ਰਿਹਾ, ਸਰਕਾਰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਇਹ ਦੇਵੇ। ਖਾਸ ਤੌਰ ਤੇ ਮੁਲਾਜ਼ਮਾਂ ਦੀਆਂ ਜਿਹੜੀਆਂ ਮੰਗਾਂ ਸਬੰਧੀ ਆਮ ਆਦਮੀ ਪਾਰਟੀ ਅਤੇ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਜਿਹੜੇ ਵਾਅਦੇ ਕੀਤੇ ਸਨ, ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਸਰਕਾਰ ਦਾ ਸਾਥ ਵੀ ਦਿੱਤਾ।

**1130/Beant kaur/Abhishek gautam**

*11.35 ਵਜੇ ਪੂਰਵ ਦੁਪਹਿਰ। (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਸ ਲਈ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜੋ ਵੀ ਵਾਅਦੇ ਮੁਲਾਜ਼ਮਾਂ ਨਾਲ ਕੀਤੇ ਗਏ, ਚਾਹੇ ਉਹ ਕਿਸੇ ਵੀ ਡਿਪਾਰਟਮੈਂਟ ਨਾਲ ਸਬੰਧਤ ਹਨ, ਉਹ ਸਾਰੇ ਹੀ ਵਾਅਦੇ ਪੂਰੇ ਕੀਤੇ ਜਾਣ। ਸੋ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਥੈਂਕਿਊ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਪੰਜਾਬ ਸਰਕਾਰ ਨੇ ਕੈਲੰਡਰ ਵਿੱਚ ਜਿਹੜੀਆਂ ਛੁੱਟੀਆਂ ਡਿਕਲੇਅਰ ਕੀਤੀਆਂ ਹੋਈਆਂ ਹਨ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਉਸ ਕੈਲੰਡਰ ਨੂੰ ਫਾਲੋ ਨਹੀਂ ਕਰ ਰਹੀ। ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਸਰਦਾਰ ਕਰਤਾਰ ਸਿੰਘ ਸਰਾਭਾ, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ, ਸਤਿਗੁਰੂ ਕਬੀਰ, ਸਤਿਗੁਰੂ ਭਗਵਾਨ ਮਹਾਂਰਿਸ਼ੀ ਬਾਲਮੀਕਿ, ਸ਼ਹੀਦ ਊਧਮ ਸਿੰਘ ਜੀ, ਬਾਬਾ ਜੀਵਨ ਸਿੰਘ ਜੀ, ਬਾਬਾ ਵਿਸ਼ਵਕਰਮਾ ਜੀ ਅਤੇ ਤਥਾਗਤ ਗੌਤਮ ਬੁੱਧ ਜੀ, ਇਨ੍ਹਾਂ ਦੀਆਂ ਛੁੱਟੀਆਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਪੰਜਾਬ ਸਰਕਾਰ ਦੇ ਮੁਤਾਬਕ ਨਹੀਂ ਕਰ ਰਹੀ ਜਦੋਂ ਕਿ ਇਹ ਛੁੱਟੀਆਂ ਕਰਨੀਆਂ ਚਾਹੀਦੀਆਂ ਹਨ।

ਮਾਣਯੋਗ ਸਪੀਕਰ ਸਾਹਿਬ, ਮੈਂ ਇੱਕ ਹੋਰ ਬਹੁਤ ਅਹਿਮ ਮਸਲਾ ਇਸ ਸਦਨ ਦੇ ਵਿੱਚ ਉਠਾਉਣਾ ਚਾਹੁੰਦਾ ਹਾਂ ਜੋ ਕਿ ਸਾਰਿਆਂ ਦਾ ਸਾਂਝਾ ਮਸਲਾ ਹੈ, ਸਾਰਿਆਂ ਨਾਲ ਸਬੰਧਤ ਹੈ। ਇਹ ਮਸਲਾ ਪਿਛਲੀਆਂ ਸਰਕਾਰਾਂ ਵੇਲੇ ਵੀ ਸਮੇਂ ਸਮੇਂ ਤੇ ਵਿਚਾਰਿਆ ਗਿਆ ਪਰ ਕਿਸੇ ਕਾਰਨ ਲਾਗੂ ਨਹੀਂ ਹੋ ਸਕਿਆ। ਇਸ ਵਿਧਾਨ ਸਭਾ ਦੇ ਵਿੱਚ ਵੀ ਸਮੇਂ ਸਮੇਂ ਤੇ ਵੱਖ ਵੱਖ ਮੈਂਬਰ ਸਾਹਿਬਾਨ ਨੇ ਇਸ ਮਸਲੇ ਬਾਰੇ ਬੋਲਿਆ। ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵਲੋਂ ਵੀ ਇਸ

ਮਸਲੇ ਸਬੰਧੀ ਹਾਂ ਪੱਖੀ ਹੁੰਗਾਰਾ ਰਿਹਾ ਹੈ। ਜਿਸ ਤਰ੍ਹਾਂ ਮੁਲਾਜ਼ਮਾਂ ਨੂੰ ਡੀ.ਏ., ਪੇ ਕਮਿਸ਼ਨ ਲਾਗੂ ਕਰਨਾ, ਜਿਹੜਾ ਉਨ੍ਹਾਂ ਦਾ ਹੱਕ ਬਣਦਾ ਹੈ ਜਿਸ ਦੀ ਉਹ ਮੰਗ ਵੀ ਕਰਦੇ ਹਨ, ਉਹ ਮੁਲਾਜ਼ਮਾਂ ਨੂੰ ਦਿੱਤਾ ਜਾਂਦਾ ਹੈ। ਉਸੇ ਤਰ੍ਹਾਂ ਮਾਣਯੋਗ ਐਮ.ਐਲ.ਏ. ਸਾਹਿਬਾਨ ਦੇ ਪੀ.ਏ. ਅਤੇ ਡਰਾਈਵਰ ਹਨ, ਜਿਨ੍ਹਾਂ ਨੂੰ ਪ੍ਰਤੀ ਮਹੀਨਾ 10,000 ਰੁਪਿਆ ਤਨਖਾਹ ਦਿੱਤੀ ਜਾਂਦੀ ਹੈ ਜੋ ਕਿ ਅੱਜ ਦੇ ਸਮੇਂ ਵਿੱਚ ਬਹੁਤ ਘੱਟ ਹੈ, ਇਨ੍ਹਾਂ ਨੂੰ ਡੀ.ਸੀ. ਰੇਟ ਮੁਤਾਬਕ ਤਨਖਾਹ ਮਿਲਣੀ ਚਾਹੀਦੀ ਹੈ। ਜਦੋਂ ਅਸੀਂ ਪੰਜਾਬ ਅਤੇ ਚੰਡੀਗੜ੍ਹ ਵਿੱਚ ਡੀ.ਸੀ. ਰੇਟ ਮੁਤਾਬਕ ਤਨਖਾਹ ਦੇ ਰਹੇ ਹਾਂ ਤਾਂ ਸਾਡੇ ਇਨ੍ਹਾਂ ਪੀ.ਏ. ਅਤੇ ਡਰਾਈਵਰਾਂ ਨੂੰ ਵੀ ਚੰਡੀਗੜ੍ਹ ਦੇ ਡੀ.ਸੀ. ਰੇਟ ਮੁਤਾਬਕ ਤਨਖਾਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਮਾਣਯੋਗ ਮੈਂਬਰ ਸਾਹਿਬਾਨ ਜਿਨ੍ਹਾਂ ਨੂੰ 83,800 /- ਰੁਪਿਆ ਮਾਣ ਭੱਤਾ ਮਿਲਦਾ ਹੈ, ਇਹ ਵੀ ਅੱਜ ਦੇ ਸਮੇਂ ਮੁਤਾਬਕ ਬਹੁਤ ਘੱਟ ਹੈ। ਪਿਛਲੀ ਸਰਕਾਰ ਨੇ ਮਾਣਯੋਗ ਰਾਜ ਕੁਮਾਰ ਵੇਰਕਾ ਜੀ, ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ, ਸਰਦਾਰ ਪਰਮਿੰਦਰ ਸਿੰਘ ਪਿੰਕੀ, ਸਰਦਾਰ ਕੰਵਰ ਸੰਧੂ ਜੀ ਅਤੇ ਸ੍ਰੀ ਸੋਮ ਪ੍ਰਕਾਸ਼ ਜੀ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਸੀ। ਉਸ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ ਦਿੱਤੀਆਂ ਸੀ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਮੁੱਚੇ ਹਾਊਸ ਵੱਲੋਂ ਇਹ ਮੰਗ ਹੈ, ਬੇਨਤੀ ਹੈ ਕਿ ਉਸ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਮੰਨ ਕੇ ਲਾਗੂ ਕਰਵਾਇਆ ਜਾਵੇ। ਮਾਣਯੋਗ ਸਪੀਕਰ ਸਾਹਿਬ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਆਪਣਾ ਪੱਖ ਰੱਖ ਸਕਦੇ ਹਨ ਜੀ।

**ਮਾਣਯੋਗ ਸਪੀਕਰ:** ਥੈਂਕਿਊ ਜੀ। ਸ੍ਰੀ ਬਰਿੰਦਰ ਕੁਮਾਰ ਗੋਇਲ ਜੀ।

**ਸ੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ):** ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਆਪਣੇ ਹਲਕੇ ਦੀਆਂ ਦੋ ਗੱਲਾਂ ਰੱਖਣੀਆਂ ਚਾਹੁੰਦਾ ਹਾਂ। ਪਹਿਲੀ ਗੱਲ ਹੈ ਕਿ ਪਿਛਲੇ ਸਮੇਂ ਦੌਰਾਨ ਘੱਗਰ ਦਰਿਆ ਅਤੇ ਬੁੱਢੇ ਨਾਲ ਦੇ ਸਬੰਧ ਵਿੱਚ ਸਾਡੇ ਬਹੁਤ ਸਾਰੇ ਸਾਥੀ ਐਮ.ਐਲ.ਏ ਸਾਹਿਬਾਨ ਨੇ ਆਪਣੀ ਆਪਣੀ ਗੱਲ ਰੱਖੀ ਅਤੇ ਇਨ੍ਹਾਂ ਤੋਂ ਹੁੰਦੇ ਨੁਕਸਾਨ ਬਾਰੇ ਆਪਣੀ ਗੱਲ ਰੱਖੀ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਘੱਗਰ ਦਰਿਆ ਅਤੇ ਬੁੱਢੇ ਨਾਲੇ ਦੇ ਉਤੇ ਵਿਧਾਨ ਸਭਾ ਦੀ ਕਮੇਟੀ ਬਣਾਈ। ਉਸ ਕਮੇਟੀ ਦੇ ਬਹੁਤ ਸਾਰਥਕ ਨਤੀਜੇ ਨਿਕਲੇ ਹਨ। ਘੱਗਰ ਦਰਿਆ ਦੇ ਸਬੰਧ ਵਿੱਚ ਅਸੀਂ ਕਾਫ਼ੀ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿੱਚ ਸਾਰੇ ਸਬੰਧਤ ਅਧਿਕਾਰੀ ਸ਼ਾਮਲ ਹੁੰਦੇ ਰਹੇ, ਵਿਚਾਰ ਚਰਚਾ ਹੁੰਦੀ ਰਹੀ । ਇਸ ਕਮੇਟੀ ਦੇ ਚੇਅਰਮੈਨ ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) ਅਤੇ ਸਾਰੇ ਮੈਂਬਰ ਸਾਹਿਬਾਨਾਂ ਨੇ ਘੱਗਰ ਦਰਿਆ ਦਾ ਵਿਜ਼ਿਟ ਵੀ ਕੀਤਾ। ਜਿਸ ਨਾਲ ਲੋਕਾਂ ਦੇ ਵਿੱਚ ਬੜਾ ਵਿਸ਼ਵਾਸ ਪੈਦਾ ਹੋਇਆ ਅਤੇ ਲੋਕ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਕਿ ਹੁਣ ਸਾਡੀਆਂ ਸਮੱਸਿਆਵਾਂ ਦਾ ਹੱਲ ਨਿਕਲੇਗਾ। ਸਪੀਕਰ ਸਾਹਿਬ, ਉਸ ਦਾ ਹੱਲ ਵੀ ਨਿਕਲਿਆ ਹੈ। ਪਿਛਲੇ 50 ਸਾਲਾਂ ਵਿੱਚ ਜਿਹੜਾ ਕੰਮ ਨਹੀਂ ਹੋ ਸਕਿਆ ਸੀ, ਮਕਰੋੜ ਸਾਹਿਬ ਤੋਂ ਕੜੈਲ ਤੱਕ ਜੋ 18 ਕਿਲੋਮੀਟਰ ਦਾ ਘੱਗਰ ਸੀ, ਪਿਛਲੇ ਸਾਲ ਦੌਰਾਨ ਉਹ 45 ਜਗ੍ਹਾ ਤੋਂ ਟੁੱਟਿਆ ਸੀ ਅਤੇ ਇਹ ਕਮੇਟੀ ਬਣਨ ਦੇ ਸਦਕਾ ਅਸੀਂ ਉਹ 18 ਕਿਲੋਮੀਟਰ ਦਾ ਬੰਨ੍ਹ ਬਣਾਉਣ ਵਿੱਚ ਕਾਮਯਾਬ ਹੋਏ।

**ਮਾਣਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸ੍ਰੀ ਬਰਿੰਦਰ ਕੁਮਾਰ ਗੋਇਲ:** ਸਰ, ਸਿਰਫ ਦੋ ਮਿੰਟ ਦੇ ਦਿਉ ਜੀ। ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਉਥੇ 18 ਜੂਨ ਨੂੰ ਗਏ, ਉਨ੍ਹਾਂ ਨੇ ਉਥੇ ਜਾ ਕੇ ਆਪਣੇ ਹੱਥੀਂ ਕੰਮ ਸ਼ੁਰੂ ਕਰਵਾਇਆ ਅਤੇ ਅਸੀਂ 15 ਅਗਸਤ ਤੱਕ ਦੋ ਮਹੀਨਿਆਂ ਦੇ ਵਿੱਚ

18 ਕਿਲੋਮੀਟਰ ਏਰੀਏ ਵਿੱਚ ਘੱਗਰ ਦੇ ਦੋਵੇਂ ਪਾਸੇ 15-15 ਫੁੱਟ ਚੌੜਾ ਰਿਕਾਰਡ ਤੋੜ ਬੰਨ੍ਹ ਬੰਨ੍ਹ ਦਿੱਤਾ। ਅੱਜ 744 ਫੁੱਟ ਤੇ ਘੱਗਰ ਫੇਰ ਚਲਿਆ ਗਿਆ ਸੀ ਪਰ ਉਥੋਂ ਦੇ ਲੋਕ ਨਿਸ਼ਚਿੰਤ ਰਹੇ ਅਤੇ ਘੱਗਰ ਤੋਂ ਕੋਈ ਨੁਕਸਾਨ ਨਹੀਂ ਹੋਇਆ। ਸਰ, ਮੇਰੀ ਇਸ ਵਿੱਚ ਬੇਨਤੀ ਹੈ ਕਿ ਬੁੱਢਾ ਨਾਲਾ ਅਤੇ ਘੱਗਰ ਦਰਿਆ ਦੋ ਵੱਖ ਵੱਖ ਮਸਲਿਆਂ ਸਬੰਧੀ ਕਮੇਟੀ ਬਣੀ ਹੋਈ ਹੈ।

**1135/Karamjit kaur/Abhishek gautam**

ਜਦੋਂ ਬੁੱਢਾ ਨਾਲਾ ਦੀ ਡਿਸਕਸ਼ਨ ਹੁੰਦੀ ਹੈ ਤਾਂ ਘੱਗਰ ਦਰਿਆ ਵਾਲੇ ਮੈਂਬਰ ਸਾਹਿਬਾਨ ਖਾਲੀ ਬੈਠੇ ਰਹਿ ਜਾਂਦੇ ਹਨ ਅਤੇ ਘੱਗਰ ਦਰਿਆ ਤੋਂ ਅਫੈਕਟਡ ਕਈ ਐਮ.ਐਲ.ਏ. ਸਾਹਿਬਾਨ ਉਸ ਕਮੇਟੀ ਦੇ ਮੈਂਬਰ ਵੀ ਨਹੀਂ ਹਨ। ਜਦੋਂ ਘੱਗਰ ਦਰਿਆ ਦੀ ਗੱਲ ਹੁੰਦੀ ਹੈ ਤਾਂ ਬੁੱਢੇ ਨਾਲੇ ਵਾਲਿਆਂ ਦੀ ਗੱਲ ਨਹੀਂ ਹੁੰਦੀ। ਸੋ, ਮੇਰੀ ਬੇਨਤੀ ਹੈ ਕਿ ਘੱਗਰ ਦਰਿਆ ਅਤੇ ਬੁੱਢਾ ਨਾਲਾ ਦੀ ਕਮੇਟੀ ਵੱਖਰੀ ਵੱਖਰੀ ਬਣਾ ਦਿੱਤੀ ਜਾਵੇ ਅਤੇ ਜਿਹੜੇ ਐਮ.ਐਲ.ਏ. ਸਾਹਿਬਾਨ ਘੱਗਰ ਦਰਿਆ ਤੋਂ ਅਫੈਕਟਡ ਹਨ, ਉਹ ਵੀ ਉਸ ਕਮੇਟੀ ਵਿਚ ਸ਼ਾਮਲ ਕਰ ਦਿੱਤੇ ਜਾਣ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ਼੍ਰੀ ਬਰਿੰਦਰ ਕੁਮਾਰ ਗੋਇਲ** : ਸਪੀਕਰ ਸਾਹਿਬ, ਬੱਸ ਇਕ ਮਿੰਟ ਜੀ।

**ਮਾਣਯੋਗ ਸਪੀਕਰ**: ਗੋਇਲ ਸਾਹਿਬ ਨਹੀਂ, ਹੁਣ ਤੁਸੀਂ ਕੱਲ੍ਹ ਬੋਲ ਲੈਣਾ। ਅੱਜ ਤੁਹਾਡੀ ਗੱਲ ਆ ਗਈ ਹੈ, ਇਸ ਤੇ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)**: ਸਪੀਕਰ ਸਾਹਿਬ, ਧੰਨਵਾਦ। ਪੰਚਾਇਤ ਵਿਭਾਗ ਵਿਚ ਪੰਚਾਇਤ ਅਫ਼ਸਰਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਤਰੱਕੀ ਦੇ ਕੇ ਕਾਰਜ ਸਾਧਕ ਅਫ਼ਸਰ ਪੰਚਾਇਤ ਸੰਮਤੀ ਲਗਾਇਆ ਜਾਵੇ ਕਿਉਂਕਿ ਤਕਰੀਬਨ ਬੀ.ਡੀ.ਪੀ.ਓਜ਼ ਦੀਆਂ 154 ਅਸਾਮੀਆਂ ਵਿਚੋਂ ਅੱਧੀਆਂ ਖਾਲੀ ਪਈਆਂ ਹਨ। ਇਨ੍ਹਾਂ ਦਾ ਐਸ.ਈ.ਪੀ.ਓਜ਼ ਦਾ ਕੇਵਲ 10 ਫੀਸਦੀ ਕੋਟਾ ਹੈ, ਜਿਨ੍ਹਾਂ ਨੂੰ ਪਰਮੋਟ ਕੀਤਾ ਜਾ ਸਕਦਾ ਹੈ। ਸੋ, ਜੇਕਰ ਇਨ੍ਹਾਂ ਦੀ ਤਰੱਕੀ ਹੁੰਦੀ ਹੈ ਤਾਂ ਲਗਭੱਗ ਢਾਈ ਹਜ਼ਾਰ ਮੁਲਾਜ਼ਮਾਂ ਨੂੰ ਫਾਇਦਾ ਹੁੰਦਾ ਹੈ ਅਤੇ ਪੰਚਾਇਤ ਵਿਭਾਗ ਵਿਚ ਜਿਹੜੀ ਬੀ.ਡੀ.ਪੀ.ਓਜ਼ ਦੇ ਕੰਮ ਵਿਚ ਤੇਜ਼ੀ ਨਾ ਹੋਣ ਕਾਰਨ ਦਿੱਕਤ ਆਉਂਦੀ ਹੈ, ਉਹ ਠੀਕ ਹੋਵੇਗੀ। ਇਸ ਵਿਚ ਜਿਹੜੀ ਤਕਨੀਕੀ ਖਾਮੀ ਸੀ, ਉਸ ਸਬੰਧੀ ਸਰਕਾਰ ਨੇ ਸਾਲ 2021 ਵਿਚ ਏ.ਜੀ. ਪੰਜਾਬ ਤੋਂ ਰਾਇ ਮੰਗ ਲਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 154 ਵਿਚ ਸੋਧ ਕੀਤੀ ਜਾ ਸਕਦੀ ਹੈ। ਸੋ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਅਤੇ ਸਰਕਾਰ ਨੂੰ ਇਹ ਬੇਨਤੀ ਹੈ ਕਿ ਇਸ ਲਈ ਜਿਹੜਾ ਵੀ ਲੋੜੀਂਦਾ ਸੋਧ ਬਿਲ ਲਿਆਉਣਾ ਹੈ, ਉਹ ਲਿਆਂਦਾ ਜਾਵੇ। ਮੇਰਾ ਖਿਆਲ ਹੈ ਕਿ ਸਰਕਾਰ ਆਲਰੇਡੀ ਇਸ ਤੇ ਕੰਮ ਕਰ ਵੀ ਰਹੀ ਹੈ। ਇਸ ਕੰਮ ਨੂੰ ਸਪੀਡ ਅੱਪ ਕੀਤਾ ਜਾਵੇ। ਇਸ ਨਾਲ ਸਰਕਾਰ ਨੂੰ ਵੀ ਫਾਇਦਾ ਹੋਣਾ ਹੈ ਕਿਉਂਕਿ ਬੀ.ਡੀ.ਪੀ.ਓਜ਼ ਦੀਆਂ ਅਸਾਮੀਆਂ ਭਰਨ ਨਾਲ ਕੰਮ ਵਧੀਆ ਢੰਗ ਨਾਲ ਚੱਲੇਗਾ। ਧੰਨਵਾਦ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)**: ਸਪੀਕਰ ਸਾਹਿਬ, ਪੰਜਾਬ ਵਿਚ ਸ਼ੈਲਰ ਇੰਡਸਟਰੀ ਖਤਮ ਹੋਣ ਦੇ ਕਿਨਾਰੇ ਪਹੁੰਚ ਚੁੱਕੀ ਹੈ। ਪਿਛਲੇ ਸਾਲ ਦੀਆਂ 12 ਹਜ਼ਾਰ ਵੈਗਨ ਹਾਲੇ ਤੱਕ ਨਹੀਂ ਲੱਗੀਆਂ ਕਿਉਂਕਿ ਪੰਜਾਬ ਵਿਚ ਸਪੇਸ ਹੀ ਨਹੀਂ ਹੈ। ਨਵੀਂ ਪੈਡੀ ਆ ਰਹੀ ਹੈ, ਨਾਂ ਤਾਂ ਚੌਲ ਚੁੱਕੇ ਗਏ ਹਨ ਅਤੇ ਨਾ ਕਣਕ ਚੁੱਕੀ ਗਈ ਹੈ। ਜਦੋਂ ਸਪੇਸ

ਨਾ ਹੋਈ ਤਾਂ ਕਿਸਾਨਾਂ ਦੀ ਪੈਡੀ ਰੁਲੇਗੀ। ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਚੌਲਾਂ ਅਤੇ ਕਣਕ ਦੀ ਮੂਵਮੈਂਟ ਹੈ, ਉਹ ਵਧਾਉਣੀ ਚਾਹੀਦੀ ਹੈ। ਹੁਣ ਪੰਜਾਬ ਵਿਚ ਕੇਵਲ ਦੋ ਜਾਂ ਤਿੰਨ ਵੈਗਨਾਂ ਲੱਗਦੀਆਂ ਹਨ ਜਦੋਂ ਕਿ 30-40 ਵੈਗਨਾਂ ਲੱਗਣੀਆਂ ਚਾਹੀਦੀਆਂ ਹਨ ਤਾਂ ਹੀ ਸਪੇਸ ਬਣੇਗੀ ਨਹੀਂ ਤਾਂ ਕਿਸਾਨ ਦੀ ਪੈਡੀ ਰੁਲੇਗੀ। ਕਿਸਾਨ ਪਹਿਲਾਂ ਹੀ ਧੱਕੇ ਖਾਂਦੇ ਫਿਰਦੇ ਹਨ। ਜੇਕਰ ਇਸ ਪਾਸੇ ਧਿਆਨ ਦਿੱਤਾ ਗਿਆ ਤਾਂ ਇਸ ਨਾਲ ਸਾਡੀ ਐਗਰੋ ਬੇਸਡ ਇੰਡਸਟਰੀ ਜਿਵੇਂ ਰਾਈਸ ਮਿੱਲਜ਼ ਤਬਾਹ ਹੋਣ ਤੋਂ ਬਚ ਜਾਵੇਗੀ। ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਈ ਦਿਨ ਤੋਂ ਕਿਸਾਨ ਜਥੇਬੰਦੀਆਂ ਚੰਡੀਗੜ੍ਹ ਦੇ ਬਾਰਡਰਾਂ ਤੇ ਬੈਠੀਆਂ ਹਨ। ਕੱਲ੍ਹ ਉਨ੍ਹਾਂ ਨੇ ਸਾਡੇ ਸਤਿਕਾਰਯੋਗ ਖੇਤੀਬਾੜੀ ਮੰਤਰੀ ਖੁੱਡੀਆਂ ਸਾਹਿਬ ਨੂੰ ਇਕ ਮੈਮੋਰੰਡਮ ਦਿੱਤਾ ਸੀ, ਇਕ ਮੇਰੇ ਵਾਸਤੇ ਵੀ ਇਨ੍ਹਾਂ ਦੇ ਹੱਥੀਂ ਘੱਲਿਆ ਹੈ। ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਇਕ ਆਲ ਪਾਰਟੀ ਡੈਲੀਗੇਸ਼ਨ ਬਣਾ ਲਓ, ਜਾਂ ਤਾਂ ਆਪਾਂ ਉਨ੍ਹਾਂ ਨੂੰ ਉੱਥੇ ਮਿਲ ਲਈਏ ਜਾਂ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲਓ। ਜਿਹੜੀਆਂ ਮੰਗਾਂ ਕੇਂਦਰ ਸਰਕਾਰ ਤੋਂ ਹਨ, ਉਹ ਸਟੇਟ ਗਵਰਨਮੈਂਟ ਟੇਕਅੱਪ ਕਰੇ, ਜਿਹੜੀਆਂ ਸੂਬਾ ਸਰਕਾਰ ਤੋਂ ਹਨ, ਉਨ੍ਹਾਂ ਤੇ ਗੰਭੀਰਤਾ ਨਾਲ ਚਰਚਾ ਕੀਤੀ ਜਾਵੇ। ਇਸ ਨਾਲ ਲਾਅ ਐਂਡ ਆਰਡਰ ਦੀ ਸਿਚੁਏਸ਼ਨ ਵੀ ਬਣ ਸਕਦੀ ਹੈ। ਇਨ੍ਹਾਂ ਨੂੰ ਇੱਥੇ ਨਾ ਬੈਠਣ ਦਿੱਤਾ ਜਾਵੇ। ਇਹ ਮੇਰੀ ਗੁਜ਼ਾਰਿਸ਼ ਹੈ ਕਿ ਜਲਦੀ ਤੋਂ ਜਲਦੀ ਉਨ੍ਹਾਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਫਾਰਗ ਕੀਤਾ ਜਾਵੇ ਤਾਂ ਜੋ ਉਹ ਆਪਣੇ ਘਰਾਂ ਨੂੰ ਜਾਣ।

ਦੂਸਰੀ ਗੱਲ ਸਪੀਕਰ ਸਾਹਿਬ, ਇਕ ਬਹੁਤ ਗੰਭੀਰ ਮਸਲਾ ਹੈ। ਚੰਦ ਦਿਨ ਪਹਿਲਾਂ ਕੁੱਝ ਕਿਸਾਨ ਲੀਡਰ, ਜਿਨ੍ਹਾਂ ਵਿਚ ਸਰਦਾਰ ਬਲਦੇਵ ਸਿੰਘ ਸਿਰਸਾ ਅਤੇ ਡੱਲੇਵਾਲ ਸਾਹਿਬ ਸ਼ਾਮਲ ਸਨ, ਉਹ ਦਿੱਲੀ ਏਅਰਪੋਰਟ ਤੋਂ ਤਾਮਿਲਨਾਡੂ ਕਿਸੇ ਮੀਟਿੰਗ ਵਿਚ ਹਿੱਸਾ ਲੈਣ ਲਈ ਜਾ ਰਹੇ ਸੀ। ਇੰਡੀਅਨ ਏਅਰਲਾਈਨਜ਼ ਨੇ ਚਾਰ ਕਿਸਾਨ ਲੀਡਰ ਜਿਨ੍ਹਾਂ ਨੇ ਸਿਰੀ ਸਾਹਿਬ ਪਾਈ ਹੋਈ ਸੀ, ਜਿਵੇਂ ਸਪੀਕਰ ਸਾਹਿਬ, ਤੁਸੀਂ ਪਾਈ ਹੈ, ਤੁਸੀਂ ਵੀ ਅੰਮ੍ਰਿਤਧਾਰੀ ਹੋ। ਉਨ੍ਹਾਂ ਨੂੰ ਡਿਟੇਨ ਕਰ ਦਿੱਤਾ ਗਿਆ ਅਤੇ ਬਕਾਇਦਾ ਟਿਕਟਜ਼ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜਹਾਜ਼ ਤੋਂ ਉਤਾਰਿਆ ਗਿਆ। ਮੈਂ ਚਾਹੁੰਦਾ ਹਾਂ ਕਿ ਇਸ ਮਸਲੇ ਤੇ ਪੰਜਾਬ ਸਰਕਾਰ ਸਿਵਲ ਐਵੀਏਸ਼ਨ ਮੰਤਰੀ ਨਾਲ ਆਪਣੀ ਗਹਿਰੀ ਚਿੰਤਾ ਅਤੇ ਇਤਰਾਜ਼ ਜਤਾਏ ਕਿਉਂਕਿ ਇਹ ਸਿੱਖ ਸਿੰਬਲਜ਼ ਆਫ਼ ਰਿਲੀਜਨ ਹਨ। ਦੁਨੀਆ ਭਰ ਦੇ ਅੰਤਰਰਾਸ਼ਟਰੀ ਏਅਰਪੋਰਟਾਂ ਤੇ ਵੀ ਕਦੇ ਕਿਸੇ ਨੇ ਇਨ੍ਹਾਂ ਸਿੰਬਲਜ਼ ਨੂੰ ਟੱਚ ਨਹੀਂ ਕੀਤਾ ਗਿਆ ਪਰ ਸਾਡੇ ਆਪਣੇ ਦੇਸ਼ ਵਿਚ ਹਾਲੇ ਵੀ ਐਨੀ ਅਨਅਵੇਅਰਨੈਸ ਹੈ। ਸੋ, ਮੈਂ ਚਾਹੁੰਦਾ ਹਾਂ ਕਿ ਇਸ ਗੱਲ ਤੇ ਜ਼ਰੂਰ ਸਰਕਾਰ ਨੂੰ ਕੋਈ ਡਾਇਰੈਕਸ਼ਨ ਕੀਤੀ ਜਾਵੇ ਜੀ।

**ਮਾਣਯੋਗ ਸਪੀਕਰ**: ਬਾਜਵਾ ਜੀ, ਤੁਹਾਡੀ ਚਿੰਤਾ ਬੜੀ ਵਾਜਬ ਹੈ। ਜਿਹੜੀਆਂ ਭਾਰਤ ਵਿਚ ਲੋਕਲ ਫਲਾਈਟਸ ਹਨ, ਉੱਥੇ ਕੋਈ ਆਪੱਤੀ ਨਹੀਂ ਕਰਦਾ। ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ, ਦੇਖ ਲਵਾਂਗੇ ਕਿ ਇਸ ਸਬੰਧੀ ਕੀ ਹੋ ਸਕਦਾ ਹੈ ਪਰ ਅੰਤਰਰਾਸ਼ਟਰੀ ਫਲਾਈਟਸ ਵਿਚ ਇਹ ਅਲਾਊਡ ਨਹੀਂ ਹੈ।

**1140/harpreet singh/BS khokhar**

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ। ਸਪੀਕਰ ਸਾਹਿਬ, ਜਿਸ ਤਰ੍ਹਾਂ ਕੱਲ ਤੁਸੀਂ ਇੱਕ ਮੁਲਾਜ਼ਮ ਦੀ ਕੁਰੱਪਸ਼ਨ ਬਾਰੇ ਗੱਲ ਕੀਤੀ ਸੀ। ਜੇ ਇਸ ਤਰ੍ਹਾਂ ਦੇ ਨਾਲ ਕੰਮ ਹੋਏਗਾ ਤਾਂ ਬਹੁਤ ਵਧੀਆ ਸੁਨੇਹਾ ਜਾਏਗਾ। ਪਰ ਪੂਰੇ ਪੰਜਾਬ ਦਾ ਇਹ ਮਸਲਾ ਹੈ, ਸਾਰੇ ਹਲਕਿਆਂ ਦੇ ਲੋਕ ਇਸ ਤੋਂ ਪੀੜ੍ਹਤ ਹਨ। ਇਸ ਸਬੰਧ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਪਰਲ ਕੰਪਨੀ ਦਾ ਮਾਲਕ ਸ੍ਰੀ ਨਿਰਮਲ ਸਿੰਘ ਭੰਗੂ ਇਸ ਦੁਨੀਆ ਤੋਂ ਚਲੇ ਗਏ। ਪਰਲ ਕੰਪਨੀ ਵਿੱਚ ਪੰਜਾਬ ਦੇ ਤਕਰੀਬਨ 25 ਲੱਖ ਪਰਿਵਾਰਾਂ ਦਾ 8 ਤੋਂ 10 ਹਜ਼ਾਰ ਕਰੋੜ ਰੁਪਿਆ ਇਨਵੈਸਟ ਹੋਇਆ ਪਿਆ ਹੈ। ਇਸ ਦੇ ਨਾਲ ਨਾਲ ਜੇ ਪੂਰੇ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਉਸ ਵਿੱਚ 85 ਲੱਖ ਪਰਿਵਾਰਾਂ ਦਾ 49 ਹਜ਼ਾਰ 100 ਕਰੋੜ ਰੁਪਿਆ ਵਿੱਚ ਇਨਵੈਸਟ ਹੋਇਆ ਪਿਆ ਹੈ। ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਵੀ ਇਸ ਤੇ ਬੜੀ ਵਾਰ ਗੱਲ ਕੀਤੀ ਹੈ ਕਿ ਲੋਕਾਂ ਨੂੰ ਜਿਹੜਾ ਉਹ ਪੈਸਾ ਹੈ ਉਹ ਵਾਪਸ ਦਿੱਤਾ ਜਾਵੇਗਾ। ਇਸ ਦੇ ਵਿੱਚ ਜਿਹੜਾ ਪੈਸਾ ਲੱਗਿਆ ਹੈ ਉਹ ਜ਼ਿਆਦਾਤਰ ਛੋਟੇ ਪਰਿਵਾਰਾਂ ਦਾ ਪੈਸਾ ਲੱਗਿਆ ਹੋਇਆ ਹੈ। ਇੰਨੀ ਕੁ ਸੰਪਤੀ ਪੂਰੇ ਭਾਰਤ ਦੇ ਵਿੱਚ ਪੰਜਾਬ ਦੇ ਨਾਲ ਨਾਲ ਪਈ ਹੈ, ਜਿਨ੍ਹਾਂ ਦੇ ਵਿੱਚ ਪੈਸਾ ਲੱਗਿਆ ਹੈ, ਉਹ ਉਸ ਸੰਪੱਤੀ ਦੀ ਕੀਮਤ ਤੋਂ 10 ਗੁਣਾ ਹੈ। ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਪੂਰੇ ਸਦਨ ਦੇ ਧਿਆਨ ਦੇ ਵਿੱਚ ਅਤੇ ਪੰਜਾਬ ਸਰਕਾਰ ਦੇ ਧਿਆਨ ਦੇ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਲਦ ਤੋਂ ਜਲਦ ਪਰਲ ਵਾਲਿਆਂ ਦੀ ਸੰਪੱਤੀ ਨੂੰ ਵੇਚ ਕੇ ਅਤੇ ਜ਼ਬਤ ਕਰਕੇ ਪੀੜ੍ਹਤ ਪਰਿਵਾਰ ਨੂੰ ਪੈਸਾ ਦਿੱਤਾ ਜਾਵੇ ਤਾਂ ਕਿ ਬੜੇ ਲੰਮੇ ਸਮੇਂ ਤੋਂ ਲੋਕਾਂ ਨੇ ਜਿਹੜਾ ਆਪਣੀਆਂ ਜੇਬਾਂ ਦੇ ਵਿੱਚੋਂ ਪੈਸਾ ਬਚਾ ਕੇ ਪਰਲ ਕੰਪਨੀ ਦੇ ਵਿੱਚ ਲਗਾਇਆ ਸੀ, ਉਨ੍ਹਾਂ ਨੂੰ ਆਉਣ ਵਾਲੇ ਦਿਨਾਂ ਦੇ ਵਿੱਚ ਆਪਣੇ ਪਰਿਵਾਰ ਚਲਾਉਣ ਦੇ ਲਈ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਦੇ ਲਈ ਸਹਾਇਤਾ ਮਿਲ ਸਕੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦੇ ਲਈ ਸਮਾਂ ਦਿੱਤਾ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਜ਼ਰੂਰ ਇਸ ਚੀਜ਼ ਤੇ ਵਿਚਾਰ ਕਰੇਗੀ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਧੰਨਵਾਦ ਸਪੀਕਰ ਸਾਹਿਬ, ਵੈਸੇ ਤਾਂ ਮੈਂ ਇਹ ਮੁੱਦਾ ਧਿਆਨ ਦਿਵਾਊ ਮਤੇ ਦੇ ਵਿੱਚ ਲਗਾਇਆ ਸੀ ਪਰ ਉਹ ਮੈਨੂੰ ਲੱਗਦਾ ਕਿ ਤੁਸੀਂ ਰਿਜੈਕਟ ਕਰ ਦਿੱਤਾ ਹੈ। ਇਹ ਸ਼ਾਇਦ ਕੁਝ ਕਾਰਨਾਂ ਕਰਕੇ ਰਿਜੈਕਟ ਹੋ ਗਿਆ ਹੋਣਾ। ਖੈਰ, ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਤਲਵੰਡੀ ਸਾਬੋ ਵਿੱਚ ਸਭ ਤੋਂ ਵੱਡੀ ਸ੍ਰੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਹੈ। ਜਦੋਂ ਰਿਫਾਇਨਰੀ ਲਗਾਈ ਗਈ ਸੀ ਤਾਂ ਉਥੇ ਕਰੋੜਾਂ ਦੀ ਜ਼ਮੀਨ ਕੌਡੀਆਂ ਭਾਅ ਤੇ ਉਥੋਂ ਦੇ ਲੋਕਾਂ ਨੇ ਦਿੱਤੀ ਸੀ। ਰਿਫਾਇਨਰੀ ਲਗਾਉਣ ਵੇਲੇ ਰੂਲਜ਼ ਦੇ ਵਿੱਚ ਇੱਕ ਗੱਲ ਨੂੰ ਕਮਿਟ ਕੀਤਾ ਗਿਆ ਸੀ ਕਿ ਜਦੋਂ ਰਿਫਾਈਨਰੀ ਲੱਗ ਜਾਂਦੀ ਹੈ ਤਾਂ ਕੰਪਨੀ ਸੀ.ਐਸ.ਆਰ ਦਾ 2% 100 ਕਿਲੋਮੀਟਰ ਦੇ ਘੇਰੇ ਵਿੱਚ ਲੋਕਾਂ ਦੀ ਸੋਸ਼ਲ ਸਿਕਿਓਰਿਟੀ ਵਾਸਤੇ ਯੂਜ਼ ਕਰੇਗੀ। ਪਰ ਮੈਂ ਸੀ.ਐਸ.ਆਰ ਨੂੰ ਲੈ ਕੇ ਇੰਨੀਆਂ ਕੁ ਚਿੱਠੀਆਂ ਢਾਈ ਸਾਲਾਂ ਵਿੱਚ ਕੱਢ ਚੁੱਕੀ ਹਾਂ ਜਿਸ ਦੇ ਜ਼ਿੰਮੇਵਾਰ ਸਿੱਧੇ ਤੌਰ ਤੇ ਸਾਡੇ ਡੀ.ਸੀ ਹਨ, ਸਾਡੇ ਐਸ.ਐਸ.ਪੀ ਸਾਹਿਬ ਹਨ। ਇੱਥੋਂ ਤੱਕ ਕਿ ਚੀਫ ਸੈਕਟਰੀ ਸਾਹਿਬ ਨੂੰ ਵੀ ਮੈਂ ਚਿੱਠੀ ਲਿਖ ਦਿੱਤੀ ਹੈ। ਖੈਰ, ਮੈਂ ਸੀ.ਐਮ ਸਾਹਿਬ ਦਾ ਧੰਨਵਾਦ ਕਰਦੀ ਹੈ ਕਿ ਉਨ੍ਹਾਂ ਨੇ ਸਾਡੀ ਗੱਲ ਸੁਣੀ। ਮੈਂ ਉਨ੍ਹਾਂ ਨੂੰ ਇਹ ਗੱਲ ਦੱਸੀ ਕਿ ਸੀ.ਐਸ.ਆਰ ਦਾ ਸਾਨੂੰ ਕੋਈ ਹਿਸਾਬ ਨਹੀਂ ਆਉਂਦਾ। ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਰਿਫਾਇਨਰੀ ਸੀ.ਐਸ.ਆਰ ਦਾ ਪੈਸਾ ਕਿੱਥੇ ਲਗਾਉਂਦੀ ਹੈ। ਉਹ ਰਿਫਾਇਨਰੀ ਇੱਕ ਤਰ੍ਹਾਂ ਦੀ ਮਿੱਠੀਆਂ ਗੋਲੀਆਂ ਦੇ ਕੇ ਜਿਵੇਂ ਕਿ ਬੈਂਚ ਵੰਡ ਕੇ, ਟਰੀ ਗਾਰਡ ਵੰਡ ਕੇ ਲੋਕਾਂ ਨੂੰ ਕਹਿ ਦਿੰਦੀ ਹੈ ਕਿ ਤੁਹਾਡਾ ਸੀ.ਐਸ.ਆਰ ਪੂਰਾ ਹੋ ਗਿਆ। ਮੈਂ ਸੀ.ਐਮ ਸਾਹਿਬ ਦਾ ਧੰਨਵਾਦ ਇਸ ਲਈ ਕਰਦੀ ਹਾਂ ਕਿਉਂਕਿ ਉਨ੍ਹਾਂ ਨੇ ਇੱਕ ਲੋਕਲ ਮੀਟਿੰਗ ਸਾਡੇ ਹਲਕੇ ਦੀ ਬੁਲਾਈ ਸੀ ਪਰ ਉਹ ਮੀਟਿੰਗ ਸ਼ਾਇਦ ਬਿਜ਼ੀ ਰੁਝੇਵਿਆਂ ਕਰਕੇ ਕਿਤੇ ਨਾ ਕਿਤੇ ਅਧੂਰੀ ਰਹਿ ਗਈ। ਜੇ ਉਹ ਮੀਟਿੰਗ

ਪਰਾਪਰ ਤਰੀਕੇ ਨਾਲ ਬੁਲਾਈ ਜਾਵੇ ਤੇ ਉਸ ਮੀਟਿੰਗ ਦੇ ਵਿੱਚ ਮੈਨੇਜਮੈਂਟ ਕਾਲ ਕੀਤੀ ਜਾਵੇ ਅਤੇ ਨਾਲ ਹੀ ਸਾਡੇ ਹਲਕੇ ਦੇ ਲੋਕ ਕਾਲ ਕੀਤੇ ਜਾਣ ਤਾਂ ਸ਼ਾਇਦ ਇਹ ਕੰਮ ਸਫਲ ਹੋ ਜਾਵੇਗਾ। ਇਹ ਮੇਰੀ ਬੇਨਤੀ ਤੁਹਾਡੇ ਤੱਕ ਵੀ ਹੈ ਕਿ ਤੁਸੀਂ ਵੀ ਸਮਾਂ ਕੱਢ ਕੇ ਰਿਫਾਇਨਰੀ ਇੱਕ ਵਾਰ ਜ਼ਰੂਰ ਵਿਜ਼ਿਟ ਕਰਕੇ ਆਓ। ਮੈਨੂੰ ਤਾਂ ਇੱਥੋਂ ਤੱਕ ਵੀ ਡਾਊਟ ਹੈ ਕਿ ਜਿਹੜਾ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਅਸੀਂ ਇੱਥੇ ਗਰੀਨਰੀ ਵਧਾਵਾਂਗੇ, ਉਹ ਵੀ ਵਧਾਈ ਹੈ ਕਿ ਨਹੀਂ, ਕਿਉਂਕਿ ਉਥੇ ਪਾਲਿਊਸ਼ਨ ਬਹੁਤ ਸਿਖਰ ਤੇ ਬੋਲਦਾ ਹੈ, ਲੋਕਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਲੱਗੀਆਂ ਹੋਈਆਂ ਹਨ, ਪਾਣੀ ਦੇ ਵਿੱਚ ਪਾਲਿਊਸ਼ਨ ਹੈ, ਹਵਾ ਦੇ ਵਿੱਚ ਪਾਲਿਊਸ਼ਨ ਹੈ। ਲੋਕ ਪਿੰਡਾਂ ਨੂੰ ਖਾਲੀ ਕਰਕੇ ਦੂਸਰੇ ਪਾਸੇ ਜਾ ਰਹੇ ਹਨ। ਇਨਵਾਇਰਨਮੈਂਟ ਬਹੁਤ ਪਾਲਿਊਟ ਕੀਤਾ ਹੋਇਆ ਹੈ, ਸੀਵਰੇਜ ਦਾ ਪਾਣੀ ਉਨ੍ਹਾਂ ਦਾ ਕਿੱਥੇ ਜਾਂਦਾ ਹੈ, it is under question mark? ਮੈਨੂੰ ਤਾਂ ਇੱਥੋਂ ਤੱਕ ਵੀ ਡਾਊਟ ਹੈ, ਇੱਥੇ ਬਿਜਲੀ ਮੰਤਰੀ ਬੈਠੇ ਹਨ ਕਿ ਉਹ ਬਿਜਲੀ ਦੇ ਬਿਲ ਭਰਦੇ ਵੀ ਹਨ ਕਿ ਨਹੀਂ ਭਰਦੇ?

**1145/amandeep kaur/BS khokhar**

ਇਹ ਸਭ ਕੁਝ ਇੱਕ ਸਵਾਲ ਦੇ ਰੂਪ ਵਿੱਚ ਤੁਹਾਡੇ ਡੈਸਕ ਤੇ ਹੈ।

ਮੈਂ ਦੂਸਰੀ ਗੱਲ ਕਰਨਾ ਚਾਹੁੰਦੀ ਹਾਂ ਕਿ ਰਿਫਾਈਨਰੀ ਵਿੱਚ ਇੱਕ ਹੋਰ ਵੱਡਾ ਘਪਲਾ ਸਿਖਰ ਤੇ ਬੋਲਦਾ ਹੈ। ਵੱਡੇ ਵੱਡੇ ਟਰਾਂਸਪੋਰਟਰ, ਜਿਨ੍ਹਾਂ ਨੇ ਕਾਰਪੋਰੇਟ ਘਰਾਣਿਆਂ ਨਾਲ ਅਤੇ ਮੈਨੇਜਮੈਂਟ ਨਾਲ ਮਿਲ ਕੇ ਨੈਕਸਸ ਬਣਾਇਆ ਹੋਇਆ ਹੈ, ਜਿਹੜੇ ਕਿ ਗਰੀਬ ਟਰਾਂਸਪੋਰਟਰਾਂ ਨੂੰ ਲਗਾਤਾਰ ਲੁੱਟ ਰਹੇ ਹਨ। ਗਰੀਬ ਲੋਕਾਂ ਦੀ ਅੱਜ ਤੱਕ ਹਿੰਮਤ ਨਹੀਂ ਪਈ ਕਿ ਉਥੇ ਆਪਣਾ ਕੋਈ ਇੱਕ ਵੀ ਕੰਮ ਕਰ ਸਕਣ ਅਤੇ ਆਪਣੀ ਇੱਕ ਵੀ ਗੱਡੀ ਪਾ ਸਕਣ। ਸਾਡੀ ਸਰਕਾਰ ਤੋਂ ਸਾਡੇ ਲੋਕਾਂ ਨੂੰ ਉਮੀਦਾਂ ਜਾਗੀਆਂ ਹਨ। ਉਥੇ ਜਦੋਂ ਵੀ ਕੋਈ ਆਵਾਜ਼ ਉਠਾਉਂਦਾ ਹੈ ਤਾਂ ਉਸ ਨੂੰ ਗੁੰਡਾ ਟੈਕਸ ਦਾ ਨਾਂ ਦੇ ਦਿੱਤਾ ਜਾਂਦਾ ਹੈ ਕਿ ਇਹ ਗੁੰਡਾ ਟੈਕਸ ਮੰਗਦੇ ਹਨ। ਤੁਹਾਡੇ ਜ਼ਰੀਏ ਮੈਂ ਬੇਨਤੀ ਕਰਦੀ ਹਾਂ, ਮੀਡੀਆ ਵਾਲੇ ਵੀਰ ਬੈਠੇ ਹਨ, ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਦੀ ਹਾਂ ਕਿ ਜਦੋਂ ਵੀ ਕੋਈ ਗੱਲ ਕਰਨੀ ਹੁੰਦੀ ਹੈ ਤਾਂ ਘੱਟੋ-ਘੱਟ ਇਹ ਇੱਕ ਸਵਾਲ ਉਨ੍ਹਾਂ ਨੂੰ ਜ਼ਰੂਰ ਪੁੱਛਿਆ ਕਰੋ ਕਿ ਤੁਹਾਡਾ ਸੀ.ਐਸ.ਆਰ. ਕਿੱਥੇ ਜਾਂਦਾ ਹੈ, ਤੁਸੀਂ ਇਹ ਪੈਸਾ ਕਿੱਥੇ ਲਗਾਉਂਦੇ ਹੋ? ਜਦੋਂ ਇਸ ਬਾਰੇ ਕੋਈ ਗੱਲ ਕਰਦਾ ਹੈ ਤਾਂ ਤੁਸੀਂ ਰੌਲਾ ਪਾ ਦਿੰਦੇ ਹੋ ਕਿ ਗੁੰਡਾ ਟੈਕਸ ਮੰਗਦਾ ਹੈ। Its my open challenge in House ਕਿ ਜੇਕਰ ਕੋਈ ਕਹਿੰਦਾ ਹੈ ਕਿ ਗੁੰਡਾ ਟੈਕਸ ਮੰਗਿਆ ਜਾਂਦਾ ਹੈ ਤਾਂ ਮੇਰੇ ਸਾਹਮਣੇ ਪਰਚੀ ਲਿਆ ਕੇ ਰੱਖੋ, I am responsible for that. (ਥੰਪਿੰਗ) ਮੇਰੀ ਮੰਤਰੀ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਮੇਰੇ ਨਾਲ ਚੱਲੋ। ਮੇਰੀ ਪੂਰੀ ਸਰਕਾਰ ਨੂੰ ਬੇਨਤੀ ਹੈ ਕਿ ਆਪਾਂ ਇੱਕ ਵਾਰੀ ਜਾ ਕੇ ਚੈੱਕ ਕਰਕੇ ਆਈਏ। ਸਾਡੇ ਸੀ.ਐਮ. ਸਾਹਿਬ ਹਮੇਸ਼ਾ ਕਹਿੰਦੇ ਹਨ ਕਿ ਜਿੱਥੇ ਜਿੱਥੇ ਇੰਡਸਟਰੀ ਹੈ ਉਥੇ 90% ਲੋਕਲ ਲੋਕਾਂ ਨੂੰ ਰੁਜ਼ਗਾਰ ਦੇਈਏ ਤਾਂ ਤਲਵੰਡੀ ਸਾਬੋ ਦੇ ਲੋਕ ਵੀ 90% ਰੁਜ਼ਗਾਰ ਡਿਜ਼ਰਵ ਕਰਦੇ ਹਨ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਲਾਡੀ ਜੀ।

(ਇਸ ਸਮੇਂ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਮੈਂਬਰ, ਆਮ ਆਦਮੀ ਪਾਰਟੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ।)

**ਮਾਣਯੋਗ ਸਪੀਕਰ** : ਖੱਬੇ ਪਾਸੇ ਬੈਠੇ ਲਾਡੀ ਜੀ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)** : ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਮੈਂ ਟਰਾਂਸਪੋਰਟ ਮਾਫੀਆ ਦੀ ਗੱਲ ਕਰਨੀ ਚਾਹੁੰਦਾ ਹਾਂ। ਕੱਲ੍ਹ ਰੰਧਾਵਾ ਸਾਹਿਬ ਨੇ ਵੀ ਗੱਲ ਰੱਖੀ ਸੀ ਕਿ ਤੁਸੀਂ ਲੋਕਾਂ ਨਾਲ ਟਰਾਂਸਪੋਰਟ ਪਾਲਿਸੀ ਦਾ ਵਾਅਦਾ ਕੀਤਾ ਸੀ। 2012 ਤੋਂ ਬਾਅਦ ਰੂਟਾਂ ਦੇ ਟਾਈਮ ਸੈੱਟ ਕੀਤੇ ਜਾਣੇ ਸਨ। ਇਸ ਤੋਂ ਬਾਅਦ ਨਵੇਂ ਪਰਮਿਟ ਵੀ ਇਸ਼ੂ ਕੀਤੇ ਗਏ। ਨਵੇਂ ਪਰਮਿਟਾਂ ਤੋਂ ਬਾਅਦ ਨਵੇਂ ਰੂਟ ਵੀ ਆਏ ਪਰ ਅਜੇ ਤੱਕ ਲੋਕਾਂ ਨੂੰ ਰਾਹਤ ਨਹੀਂ ਦਿੱਤੀ ਗਈ। ਟਰਾਂਸਪੋਰਟ ਮਾਫੀਆ ਨੇ ਅਫ਼ਸਰਾਂ ਨਾਲ ਰਲ ਕੇ ਇਹ ਕੰਮ ਕੀਤਾ ਹੈ। ਜਿਹੜੇ ਰੂਟਾਂ ਦੇ ਟਾਈਮ ਸੈੱਟ ਕੀਤੇ ਜਾਣੇ ਸਨ, ਉਹ ਨਹੀਂ ਕੀਤੇ ਜਾ ਸਕੇ। ਆਮ ਆਦਮੀ ਪਾਰਟੀ ਦਾ ਸੁਨੇਹਾ ਸੀ ਕਿ ਟਰਾਂਸਪੋਰਟ ਮਾਫੀਆ ਨੂੰ ਖਤਮ ਕੀਤਾ ਜਾਵੇਗਾ। ਖਤਮ ਤਾਂ ਕੀ ਕਰਨਾ ਸੀ, ਅੱਜ ਉਹ ਟਰਾਂਸਪੋਰਟ ਮਾਫੀਆ ਸਿਖਰਾਂ ਨੂੰ ਛੂਹ ਰਿਹਾ ਹੈ। ਮੈਂ ਨਾਮ ਲੈ ਕੇ ਕਹਿਣਾ ਚਾਹੁੰਦਾ ਹਾਂ ਕਿ ਇੱਕ ਲਖਵੀਰ ਸਿੰਘ ਲੱਖੀ ਹੈ ਜੋ ਕਿ ਹਰ ਅਫ਼ਸਰ ਨਾਲ ਜੁੜਿਆ ਹੋਇਆ ਹੈ ਅਤੇ ਵੱਡੀ ਰਿਸ਼ਵਤ ਦੇ ਕੇ ਉਹ ਆਪਣੀ ਟਾਂਸਪੋਰਟ ਨੂੰ ਕਾਮਯਾਬ ਕਰ ਰਿਹਾ ਹੈ। ਛੋਟੇ 1-1, 2-2 ਬੱਸਾਂ ਵਾਲੇ ਲੋਕ ਪ੍ਰਭਾਵਿਤ ਹੋ ਰਹੇ ਹਨ, ਉਨ੍ਹਾਂ ਨੂੰ ਰੂਟਾਂ ਦੇ ਟਾਈਮ ਨਹੀਂ ਮਿਲ ਰਹੇ ਹਨ ਅਤੇ ਉਨ੍ਹਾਂ ਦਾ ਕਾਰੋਬਾਰ ਬਿਲਕੁਲ ਖਤਮ ਹੋਣ ਜਾ ਰਿਹਾ ਹੈ। ਮੰਤਰੀ ਸਾਹਿਬ ਵੀ ਇਸ ਸਮੇਂ ਹਾਊਸ ਵਿੱਚ ਹਾਜ਼ਰ ਹਨ ਅਤੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਬੰਧੀ ਛੇਤੀ ਤੋਂ ਛੇਤੀ ਕਾਰਵਾਈ ਕੀਤੀ ਜਾਵੇ ਅਤੇ ਰੂਟਾਂ ਦੇ ਟਾਈਮ ਸਹੀ ਕੀਤੇ ਜਾਣ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਅਰੁਨਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** (ਬੈਠੇ-ਬੈਠੇ) : ਇਨ੍ਹਾਂ ਨੂੰ ਵਧਾਈ ਵੀ ਦੇ ਦਿਉ, ਇਹ ਡਿਪਟੀ ਲੀਡਰ ਬਣ ਗਏ ਹਨ।

**ਮਾਣਯੋਗ ਸਪੀਕਰ** : ਅਰੁਨਾ ਜੀ, ਤੁਹਾਨੂੰ ਬਹੁਤ ਬਹੁਤ ਮੁਬਾਰਕਾਂ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਦੀਨਾਨਗਰ ਪੀ.ਡਬਲਿਯੂ.ਡੀ. ਵਿਭਾਗ ਨਾਲ ਸਬੰਧਤ ਮੇਰਾ ਇੱਕ ਸਵਾਲ ਵੀ ਅੱਜ ਲੱਗਾ ਸੀ ਪਰੰਤੂ ਟਾਈਮ ਸਮਾਪਤ ਹੋ ਜਾਣ ਕਾਰਨ ਟੇਕ-ਅੱਪ ਨਹੀਂ ਹੋ ਸਕਿਆ। 2022 ਤੋਂ ਪਹਿਲਾਂ ਜਿਹੜੇ ਪ੍ਰਾਜੈਕਟਾਂ ਨੂੰ ਪ੍ਰਸ਼ਾਸਕੀ ਅਤੇ ਤਕਨੀਕੀ ਪ੍ਰਵਾਨਗੀਆਂ ਮਿਲ ਚੁੱਕੀਆਂ ਸਨ, ਉਹ ਪ੍ਰਾਜੈਕਟ ਹਾਲੇ ਵੀ ਲਟਕ ਰਹੇ ਹਨ, ਉਹ ਕੰਪਲੀਟ ਨਹੀਂ ਹੋਏ ਹਨ।

ਸਭ ਤੋਂ ਪਹਿਲਾਂ ਤਾਂ ਮੈਂ ਗੱਲ ਕਰਾਂਗੀ ਕਿ ਮੀਰਥਲ ਰੋਡ ਤੇ 25 ਪੁਲੀਆਂ ਬਣੀਆਂ ਸਨ ਜਿਨ੍ਹਾਂ ਵਿੱਚੋਂ 11 ਪੁਲੀਆਂ ਟੁੱਟੀਆਂ ਹੋਈਆਂ ਹਨ ਅਤੇ ਸੜਕ ਵੀ ਅਨ-ਈਵਨ ਹੈ। ਪਰੰਤੂ ਉਸ ਠੇਕੇਦਾਰ ਨੂੰ ਕੋਈ ਨਹੀਂ ਪੁੱਛ ਰਿਹਾ। ਮੈਂ ਚਾਹੁੰਦੀ ਹਾਂ ਕਿ ਉਸ ਖਿਲਾਫ ਇਨਕੁਆਰੀ ਕਰਕੇ ਕਾਰਵਾਈ ਕੀਤੀ ਜਾਵੇ।

ਦੂਜਾ ਮਸਲਾ ਡਾਕਟਰ ਬੀ.ਆਰ. ਅੰਬੇਦਕਰ ਭਵਨ ਦਾ ਹੈ। ਉਸ ਦਾ ਹਾਲੇ ਤੱਕ ਨੀਂਹ ਪੱਥਰ ਵੀ ਨਹੀਂ ਰੱਖਿਆ ਗਿਆ, ਨੀਹਾਂ ਵੀ ਨਹੀਂ ਭਰੀਆਂ ਗਈਆਂ, ਉਹ ਵੀ ਤੁਸੀਂ ਕਿਹਾ ਹੈ ਕਿ ਇੱਕ ਸਾਲ ਵਿੱਚ ਕੰਪਲੀਟ ਹੋ ਜਾਵੇਗਾ। ਇਹ ਕਿਵੇਂ ਕੰਪਲੀਟ ਹੋਵੇਗਾ? ਤੁਸੀਂ 30 ਮਹੀਨੇ ਵਿੱਚ ਇਸ ਦਾ ਟੈਂਡਰ ਵੀ ਨਹੀਂ ਲਗਾ ਸਕੇ ਹੋ।

ਯੂ.ਬੀ.ਡੀ.ਸੀ. (ਅਪਰ ਬਾਰੀ ਦੋਆਬ ਕਨਾਲ) ਤੇ ਨਾਨੂਨੰਗਲ ਬਰਿੱਜ ਬਣਨਾ ਸੀ ਅਤੇ ਇਸ ਲਈ ਐਕੁਆਇਰ ਕੀਤੀ ਜ਼ਮੀਨ ਦੇ ਪੈਸੇ, ਜ਼ਮੀਨ ਦੇ ਮਾਲਕ ਨੂੰ ਨਹੀਂ ਮਿਲੇ। ਇਸ ਬਾਰੇ ਵੀ ਕਿਹਾ ਗਿਆ ਹੈ ਕਿ 12 ਮਹੀਨੇ ਵਿੱਚ ਕੰਪਲੀਟ ਹੋ ਜਾਵੇਗਾ ਪਰ ਪਹਿਲਾਂ ਉਸ ਦੀ ਜ਼ਮੀਨ ਐਕੁਆਇਰ ਕਰਨ ਲਈ ਪੈਸੇ ਤਾਂ ਦੇ ਦਿਉ।

**1150/Tarlochan Singh/Rajneesh kumar**

ਦੂਜਾ, ਸਿੱਧਪੁਰ ਡਿਗਰੀ ਕਾਲਜ ਵੀ ਇਨਕੰਪਲੀਟ ਹੈ ਜਦਕਿ ਤੁਸੀਂ ਜਵਾਬ ਵਿੱਚ ਲਿਖਿਆ ਹੈ ਕਿ ਉਹ ਬਿਲਕੁਲ ਕੰਪਲੀਟ ਹੈ। ਉੱਥੇ ਕੋਈ ਕੰਮ ਨਹੀਂ ਚੱਲ ਰਿਹਾ ਹੈ। ਪਰ ਤੁਸੀਂ ਦੱਸਿਆ ਹੈ ਕਿ ਉੱਥੇ ਕੰਮ ਚੱਲ ਰਿਹਾ ਹੈ ਜਦਕਿ ਉੱਥੇ ਤਾਲਾ ਲਗਿਆ ਹੋਇਆ ਹੈ ਅਤੇ ਕੋਈ ਵੀ ਕੰਮ ਨਹੀਂ ਹੋ ਰਿਹਾ ਹੈ। ਇਸੇ ਤਰ੍ਹਾਂ ਤੁਸੀਂ ਕੰਪਲੀਟ ਵਰਕ ਵਿੱਚ ਲਿਖਿਆ ਹੈ ਕਿ ਦੀਨਾਨਗਰ ਦੇ ਪਬਲਿਕ ਪਾਰਕ ਦਾ ਕੰਮ 88.14 ਲੱਖ ਰੁਪਏ ਵਿੱਚ ਕੀਤਾ ਗਿਆ ਹੈ ਅਤੇ ਕੰਪਲੀਟ ਹੋ ਗਿਆ ਹੈ ਜਦਕਿ ਉੱਥੇ ਸਿਰਫ 32.34 ਲੱਖ ਰੁਪਏ ਹੀ ਖਰਚ ਹੋਏ ਹਨ ਤਾਂ ਉਹ 100% ਕੰਪਲੀਟ ਕਿਵੇਂ ਹੋ ਸਕਦਾ ਹੈ ਅਤੇ ਤੁਸੀਂ ਕੰਪਲੀਟ ਦੱਸਿਆ ਹੈ। ਇਸੇ ਤਰ੍ਹਾਂ ਹੀ ਮੈਂ ਕੱਲ੍ਹ ਵੀ ਗੱਲ ਕੀਤੀ ਸੀ ਕਿ ਰੇਲਵੇ ਓਵਰ ਬ੍ਰਿਜ ਵੀ ਇਨਕੰਪਲੀਟ ਹੈ।

**ਮਾਣਯੋਗ ਸਪੀਕਰ**: ਕਨਕਲੂਡ ਕਰੋ ਜੀ।

**ਸ਼੍ਰੀਮਤੀ ਅਰੁਨਾ ਚੌਧਰੀ**: ਬੱਸ ਜੀ, ਲਾਸਟ ਗੱਲ ਹੈ। ਰੇਲਵੇ ਓਵਰਬ੍ਰਿਜ ਇਨਕੰਪਲੀਟ ਹੈ ਜਦਕਿ ਉਸ ਨੂੰ ਤੁਸੀਂ ਕੰਪਲੀਟ ਦਿਖਾਇਆ ਹੈ। ਇਸ ਦੇ ਨਾਲ ਹੀ ਨਾ ਤਾਂ ਉੱਥੇ ਚੌਂਕ ਹੈ, ਨਾ ਹੀ ਲਾਈਟਾਂ ਬਣੀਆਂ ਹਨ ਅਤੇ ਨਾ ਹੀ ਪੈਦਲ ਲੋਕਾਂ ਲਈ ਅਜੇ ਪੁਲ ਬਣਿਆ ਹੈ, ਉਹ ਵੀ ਅਧੂਰਾ ਹੈ। ਸੋ, ਮੈਂ ਕਹਾਂਗੀ ਕਿ ਮਿਹਰਬਾਨੀ ਕਰਕੇ ਜਿਹੜੀ ਪਾਇਪਲਾਈਨ ਪ੍ਰੋਜੈਕਟ ਹਨ ਉਹ ਜਲਦੀ ਤੋਂ ਜਲਦੀ ਕੰਪਲੀਟ ਕੀਤੇ ਜਾਣ।

**ਸ਼੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ.)**: ਸਰ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮੰਤਰੀ ਸਾਹਿਬ ਦਾ ਧਿਆਨ ਮੇਰੇ ਹਲਕੇ ਦੀ ਬਹੁਤ ਲੰਮੇ ਸਮੇਂ ਤੋਂ ਚਲੀ ਆ ਰਹੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਫਾਟਕ ਨੰ: 17-ਏ ਲਈ ਬਹੁਤ ਲੰਮੇ ਸਮੇਂ ਤੋਂ ਲੋਕਾਂ ਨੇ ਮੰਗਾਂ ਰੱਖੀਆਂ ਸੀ ਤੇ ਮੈਂ ਵੀ ਅੱਗੇ ਭੇਜੀਆਂ ਸੀ ਪਰ ਉਸ ਬਾਰੇ ਨਾ ਤਾਂ ਮਹਿਕਮੇ ਵੱਲੋਂ ਕੋਈ ਜਵਾਬ ਆਇਆ ਅਤੇ ਨਾ ਹੀ ਮੰਤਰੀ ਸਾਹਿਬ ਵੱਲੋਂ ਕੋਈ ਜਵਾਬ ਆਇਆ। ਉਸ ਦੇ ਨਾਲ ਜੁੜਦੇ 25 ਪਿੰਡ ਅਤੇ ਉਸ ਰੋਡ ਤੋਂ ਦੂਜੇ ਜ਼ਿਲ੍ਹੇ ਨੂੰ ਵੀ ਸੜਕ ਜੁੜਦੀ ਹੈ ਅਤੇ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਸ ਫਾਟਕ ਤੇ ਅੰਡਰ ਜਾਂ ਓਵਰ ਬ੍ਰਿਜ ਬਣਾਉਣ ਦੀ ਤਜਵੀਜ਼ ਸੈਂਟਰ ਸਰਕਾਰ ਨੂੰ ਭੇਜੀ ਜਾਵੇ।

(ਇਸ ਸਮੇਂ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**Mr. Speaker**: Don't worry. ਆਪਣੇ ਕੋਲ ਟਾਈਮ ਹੈ। Don't worry.

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਅੱਜ ਵੱਖ ਵੱਖ ਸਕੂਲਾਂ ਤੋਂ ਬਹੁਤ ਸਾਰੇ ਸਟੂਡੈਂਟਸ ਇੱਥੇ ਆਏ ਹੋਏ ਹਨ। ਸੋ, ਮੈਂ ਹਾਊਸ ਵੱਲੋਂ ਸਾਰਿਆਂ ਨੂੰ ਇੱਥੇ ਜੀ ਆਇਆਂ ਕਹਿੰਦਾ ਹਾਂ ਕਿਉਂਕਿ ਉਹ ਸਾਰੇ ਬੱਚੇ ਸਾਡੇ ਕੱਲ੍ਹ ਦੇ ਨੇਤਾ ਹੋ ਸਕਦੇ ਹਨ। ਉਨ੍ਹਾਂ ਨੇ ਪੰਜਾਬ ਨੂੰ ਸਾਂਭਣਾ ਹੈ। ਇਹ ਉਨ੍ਹਾਂ ਦੀ ਇੱਕ ਤਰ੍ਹਾਂ ਦੀ ਟ੍ਰੇਨਿੰਗ ਹੈ।

-----------

**MATTERS RAISED DURING ZERO HOUR AND REPLY BY THE MINISTER THEREON *(Resumption)***

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਇੱਕ ਅਹਿਮ ਵਿਸ਼ੇ ਤੇ ਪਹਿਲਾਂ ਵੀ ਗੱਲ ਹੋਈ ਸੀ ਕਿ ਹੱਡਾਂ ਰੋੜੀ ਦਾ ਹਰੇਕ ਪਿੰਡ ਤੇ ਹਰੇਕ ਸ਼ਹਿਰ ਵਿੱਚ ਮਸਲਾ ਹੈ। ਖਾਸ ਤੌਰ ਤੇ ਗਊ ਵੰਸ਼ ਸਾਡਾ ਆਦਰ ਯੋਗ ਪਸ਼ੂ ਹੈ, ਜਦੋਂ ਇਨ੍ਹਾਂ ਦੀ ਮੌਤ ਹੋ ਜਾਂਦੀ ਹੈ ਤਾਂ ਕੁਦਰਤੀ ਗੱਲ ਹੈ ਕਿ ਉਨ੍ਹਾਂ ਦੀ ਚਮੜੀ ਗੱਲ੍ਹ ਜਾਂਦੀ ਹੈ ਤੇ ਕੁੱਤੇ ਉਨ੍ਹਾਂ ਨੂੰ ਨੋਚਦੇ ਫਿਰਦੇ ਹੁੰਦੇ ਹਨ। ਪਿੰਡਾਂ ਵਾਸਤੇ ਪੰਚਾਇਤ ਮੰਤਰੀ ਅਤੇ ਸ਼ਹਿਰਾਂ ਵਾਸਤੇ ਸਰਦਾਰ ਬਲਕਾਰ ਸਿੰਘ ਜੀ ਬੈਠੇ ਹਨ, ਮੈਂ ਉਨ੍ਹਾਂ ਨੂੰ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕ੍ਰਿਮੇਸ਼ਨ ਭੱਠੀ ਹੁੰਦੀ ਹੈ, ਇੱਕ ਭੱਠੀ ਦੀ 50-60 ਲੱਖ ਰੁਪਏ ਦੀ ਲਾਗਤ ਹੁੰਦੀ ਹੈ ਤੇ ਸ਼ਹਿਰਾਂ ਵਿੱਚ ਜਾਂ ਪਿੰਡਾਂ ਵਿੱਚ ਇੱਕ ਕ੍ਰਿਮੇਸ਼ਨ ਭੱਠੀ ਲਗਾਈ ਜਾ ਸਕਦੀ ਹੈ ਜਿੱਥੇ ਅਸੀਂ ਪਸ਼ੂਆਂ ਦਾ ਸੰਸਕਾਰ ਕਰ ਸਕਦੇ ਹਾਂ। ਕੋਈ ਵੀ ਪਸ਼ੂ ਦਾ ਮਾਸ ਜੇਕਰ ਨਹੀਂ ਲਾਹਿਆ ਜਾਂਦਾ ਤਾਂ ਉਹ ਵੀ ਉੱਥੇ ਜਲਾਇਆ ਜਾ ਸਕਦਾ ਹੈ। ਮੈਂ ਮਾਨਸਾ ਜ਼ਿਲ੍ਹੇ ਵਿੱਚ ਡੀ.ਸੀ. ਸਾਹਿਬ ਨਾਲ ਡਿਸਕਸ ਕੀਤਾ ਸੀ ਤੇ ਉਨ੍ਹਾਂ ਨੇ ਇਸ ਗੱਲ ਤੇ ਸਹਿਮਤੀ ਦਿੱਤੀ ਹੈ। ਇਸ ਲਈ ਮੈਂ ਅੱਜ ਸਦਨ ਵਿੱਚ ਸਾਰੇ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇੱਕ ਅੱਛਾ ਕਦਮ ਹੈ। ਇਸ ਨਾਲ ਹੱਡਾਂ ਰੋੜੀ ਦਾ ਮਸਲਾ ਵੀ ਹੱਲ ਹੁੰਦਾ ਹੈ। ਸਾਡੇ ਕੋਲ ਜਿਹੜਾ ਜ਼ਿਲ੍ਹਾ ਪ੍ਰੀਸ਼ਦ ਦਾ ਫੰਡ ਪਿਆ ਹੁੰਦਾ ਹੈ, ਬਲਾਕ ਸੰਮਤੀ ਦਾ ਫੰਡ ਪਿਆ ਹੁੰਦਾ ਹੈ, ਸ਼ਹਿਰਾਂ ਵਿੱਚ ਹੋਰ ਫੰਡ ਪਿਆ ਹੁੰਦਾ ਹੈ, ਜੇ ਇੱਕ ਜ਼ਿਲ੍ਹੇ ਵਿੱਚ ਦੋ ਭੱਠੀਆਂ ਬਣਾ ਦਿੱਤੀਆਂ ਜਾਣ ਤਾਂ ਮੇਰਾ ਖਿਆਲ ਹੈ ਕਿ ਹੱਡਾਂ ਰੋੜੀ ਦਾ ਮਸਲਾ ਤੇ ਸਾਡੇ ਆਦਰ ਯੋਗ ਪਸ਼ੂ ਗਊ ਦਾ ਵੀ ਸਸਕਾਰ ਕਰਨ ਦਾ ਮਸਲਾ ਹੱਲ ਹੋ ਸਕਦਾ ਹੈ। ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾ ਬੱਸੀ)**: ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਮੈਂ ਲੋਕ ਨਿਰਮਾਣ ਮੰਤਰੀ ਜੀ ਨੂੰ ਤੇ ਬਿਜਲੀ ਮੰਤਰੀ ਜੀ ਨੂੰ ਸਲਾਹ ਦੇਣਾ ਚਾਹੁੰਦਾ ਹਾਂ। ਮੈਂ ਡੇਰਾ ਬੱਸੀ ਹਲਕੇ ਤੋਂ ਆਉਂਦਾ ਹਾਂ, ਇਹ ਬੜਾ ਵੱਡਾ ਹਲਕਾ ਹੈ। ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਕਈ ਹਜ਼ਾਰਾਂ ਬਿਜਲੀ ਦੇ ਖੰਭੇ ਇਵੇਂ ਹੀ ਲਟਕੇ ਪਏ ਹਨ, ਮੰਤਰੀ ਜੀ ਨੂੰ ਕਹਿੰਦੇ ਹੋਏ ਦੋ ਸਾਲ ਹੋ ਗਏ ਹਨ ਕਿ ਖੰਭੇ ਪਟਾ ਦਿਓ ਤੇ ਪੰਜਾਬ ਵਿੱਚ ਕਿਤੇ ਲਵਾ ਦਿਓ ਜਾਂ ਮੁਹਾਲੀ ਜ਼ਿਲ੍ਹੇ ਵਿੱਚ ਲਵਾ ਦਿਓ। ਉਨ੍ਹਾਂ ਖੰਭਿਆਂ ਨਾਲ ਹਾਈਵੇਅ ਉੱਪਰ ਅਨੇਕਾਂ ਜਾਨਾਂ ਜਾਂਦੀਆਂ ਹਨ। ਮੇਰੀ ਮੰਤਰੀ ਜੀ ਨੂੰ ਅਪੀਲ ਹੈ ਕਿ ਬਿਜਲੀ ਦੇ ਖੰਭੇ ਪੁਟਾ ਦਿਓ, ਲੋਕ ਮਰਨਗੇ ਨਹੀਂ ਤੇ ਤੁਹਾਨੂੰ ਅਸੀਸਾਂ ਦੇਣਗੇ। ਦੂਜੀ, ਬੇਨਤੀ ਹੈ ਕਿ ਅੱਜ ਡੇਰਾ ਬੱਸੀ ਹਲਕੇ ਦਾ ਜਿਹੜਾ ਪੀ.ਡਬਲਿਊ.ਡੀ. ਦਾ ਰੋਡ ਹੈ, ਗੁਰਲਾਲ ਜੀ ਬੈਠੇ ਹਨ, ਕਿਸਾਨ ਅੰਦੋਲਨ ਕਰਕੇ ਸ਼ੰਭੂ ਬੰਦ ਹੈ।

**1155/mehak/Rajneesh kumar**

ਡੇਰਾਬੱਸੀ ਵਿੱਚ ਇੱਕ ਵੀ ਪੀ.ਡਬਲਿਊ.ਡੀ. ਦੀ ਸੜਕ ਨਹੀਂ ਹੈ। ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਢਾਈ ਸਾਲਾਂ ਵਿੱਚ ਸੜਕਾਂ ਜ਼ਰੂਰ ਬਣਾ ਦਿੱਤੀਆਂ ਜਾਣ। ਲੋਕ ਗਾਲ੍ਹਾਂ ਕੱਢਦੇ ਹਨ। ਤੁਸੀਂ ਸਾਰੇ ਪੰਜਾਬ ਦੇ ਐਮ.ਐਲ.ਏ. ਮੇਰੇ ਹਲਕੇ ਦੀ ਤਰਫ ਤੋਂ ਜਾਂਦੇ ਹੋ। ਮੇਰੀ ਬੇਨਤੀ ਹੈ ਕਿ ਸੜਕਾਂ ਬਣਾ ਦਿਉ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸ੍ਰੀ ਅਵਤਾਰ ਸਿੰਘ ਜੂਨੀਅਰ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)**: ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਮਾਰਫਤ ਸਰਕਾਰ ਅਤੇ ਖਾਸ ਕਰਕੇ ਵਿੱਤ ਮੰਤਰੀ ਸਾਹਿਬ ਦੇ ਜ਼ਹਿਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਨੇ 21 ਸਾਲ ਪੁਰਾਣੀ ਨੈਸ਼ਨਲ ਪੈਨਸ਼ਨ ਸਕੀਮ ਨੂੰ ਖਤਮ ਕਰਕੇ ਯੂਨੀਫਾਈਡ ਪੈਨਸ਼ਨ ਸਕੀਮ ਸਾਰੇ ਭਾਰਤ ਵਿੱਚ ਲਾਗੂ ਕੀਤੀ ਹੈ। ਪੰਜਾਬ ਸਰਕਾਰ ਦੀ ਆਮ ਆਦਮੀ ਪਾਰਟੀ ਨੇ 18 ਨਵੰਬਰ, 2022 ਵਿੱਚ ਇੱਕ ਨੋਟੀਫਿਕੇਸ਼ਨ ਕੀਤੀ ਸੀ ਜਿਸ ਵਿੱਚ ਓਲਡ ਪੈਨਸ਼ਨ ਸਕੀਮ ਪੰਜਾਬ ਦੇ ਮੁਲਾਜ਼ਮਾਂ ਵਾਸਤੇ ਲਾਗੂ ਕੀਤੀ ਸੀ। ਉਸ ਫਰਜ਼ੀ ਨੋਟੀਫਿਕੇਸ਼ਨ ਤੋਂ ਬਾਅਦ ਉਸ ਤੇ ਕੋਈ ਵੀ ਕੰਮ ਨਹੀਂ ਕੀਤਾ ਗਿਆ। ਮੇਰੀ ਪਹਿਲਾਂ ਇਹ ਗੁਜ਼ਾਰਿਸ਼ ਹੈ ਕਿ ਜਿਵੇਂ ਸਾਰੇ ਭਾਰਤ ਵਿੱਚ ਹੁਣ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਹੋਈ ਹੈ, ਵਿੱਤ ਮੰਤਰੀ ਸਾਹਿਬ ਅਤੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਇਹ ਪੰਜਾਬ ਦੇ ਮੁਲਾਜ਼ਮਾਂ ਨੂੰ ਕਦੋਂ ਲਾਗੂ ਕਰੋਗੇ?

**ਮਾਣਯੋਗ ਸਪੀਕਰ**: ਧੰਨਵਾਦ ਜੀ, ਤੁਹਾਡੀ ਗੱਲ ਆ ਗਈ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਹਾਲੇ ਤਾਂ 10 ਸੈਕਿੰਟ ਵੀ ਨਹੀਂ ਹੋਏ ਹਨ।

**ਮਾਣਯੋਗ ਸਪੀਕਰ**: ਤੁਸੀਂ ਬੜੇ ਸਮਾਰਟ ਹੋ। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਦੋ ਮਿੰਟ ਤਾਂ ਦੇ ਦਿਉ। ਬੀਬੀ ਜੀ 4 ਮਿੰਟ ਲੈ ਗਏ ਹਨ। ਮੈਂ ਤਾਂ ਦੋ ਮਿੰਟ ਮੰਗਦਾ ਹਾਂ ਜੀ। ਮੇਰੀ ਬੇਨਤੀ ਹੈ ਜੀ।

**ਮਾਣਯੋਗ ਸਪੀਕਰ**: ਗੱਲ ਤਾਂ ਤੁਹਾਡੀ ਆ ਗਈ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮਿਤੀ 1.1.2016 ਤੋਂ ਪਹਿਲਾਂ ਸੇਵਾਮੁਕਤ ਹੋਏ ਮੁਲਾਜ਼ਮਾਂ ਦੀ ਪੈਨਸ਼ਨ ਫਿਕਸ ਕਰਨ ਦਾ ਫੈਕਟਰ 2.45 ਦੀ ਬਜਾਏ 2.49 ਨਾਲ ਪੈਨਸ਼ਨ ਜ਼ਰੂਰ ਕੀਤੀ ਜਾਵੇ, ਉਸ ਦਾ ਫੈਕਟਰ ਲਗਾਇਆ ਜਾਵੇ। ਸਰ, ਦੂਜਾ ਸੈਂਟਰ ਗੌਰਮਿੰਟ ਦੇ ਆਧਾਰ ਤੇ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦਾ ਏਰੀਅਰ ਦਿੱਤੀ ਜਾਵੇ। ਤੀਜੀ ਬੇਨਤੀ ਹੈ ਕਿ ਮਿਤੀ 1.1.2016 ਤੋਂ 30.6.2021 ਤੱਕ ਸੇਵਾਮੁਕਤ ਹੋਏ ਕਰਮਚਾਰੀਆਂ ਦਾ ਸੋਧ ਤਨਖਾਹ solatium ਲਈ 7.5 ਸਾਲ ਹੋ ਗਏ ਹਨ ਅਤੇ ਉਹ ਬਹੁਤ ਸਾਰੇ ਅਜਿਹੇ ਸਰਕਾਰੀ ਅਦਾਰੇ ਹਨ ਜਿਨ੍ਹਾਂ ਨੂੰ ਮਿਲੀਆਂ ਹੀ ਨਹੀਂ ਹੈ। ਉਨ੍ਹਾਂ ਵਿੱਚੋਂ ਕਈ ਇਹੋ ਜਿਹੇ ਹਨ ਜਿਨ੍ਹਾਂ ਨੂੰ ਮਿਲ ਗਿਆ ਹੈ ਜਿਵੇਂ ਸਿਵਿਲ ਜੱਜ, ਸੈਸ਼ਨ ਜੱਜ ਹਨ, ਉਨ੍ਹਾਂ ਨੂੰ ਤਿੰਨ ਕਿਸ਼ਤਾਂ ਵਿੱਚ ਦਿੱਤਾ ਗਿਆ ਹੈ ਲੇਕਿਨ ਬਿਜਲੀ ਬੋਰਡ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਨੂੰ ਨਹੀਂ ਦਿੱਤਾ ਗਿਆ। ਵਿੱਤ ਮੰਤਰੀ ਸਾਹਿਬ, ਬੇਨਤੀ ਹੈ ਕਿ ਇਹ ਸਾਰੇ ਹਾਊਸ ਨੂੰ ਦੱਸ ਦੇਣ ਕਿ ਇਹ ਕਦੋਂ ਤੱਕ ਦਿੱਤਾ ਜਾਵੇਗਾ? ਸਰ, ਇੱਕ 2022 ਦੇ ਇਲੈਕਸ਼ਨ ਵਿੱਚ ਕਿਹਾ

ਗਿਆ ਸੀ ਕਿ ਓਲਡ ਏਜ ਪੈਨਸ਼ਨ 2500/- ਰੁਪਏ ਦਿੱਤੀ ਜਾਵੇਗੀ। ਮੇਰੀ ਗੁਜ਼ਾਰਿਸ਼ ਹੈ ਕਿ ਅੱਜ ਬਹੁਤ ਜ਼ਿਆਦਾ ਲੋਕ ਕਠਿਨਾਈ ਵਿੱਚ ਹਨ, ਮਹਿੰਗਾਈ ਬਹੁਤ ਵੱਧ ਗਈ ਹੈ। ਇਹ 2500/- ਰੁਪਏ ਦੀ ਜਗ੍ਹਾ ਘੱਟੋ-ਘੱਟ 5000/- ਰੁਪਏ ਕੀਤੀ ਜਾਵੇ ਅਤੇ ਇਹ ਕਦੋਂ ਤੱਕ ਦਿੱਤੀ ਜਾਵੇਗੀ?

**ਮਾਣਯੋਗ ਸਪੀਕਰ**: ਧੰਨਵਾਦ ਜੀ, ਧੰਨਵਾਦ। ਰਾਣਾ ਇੰਦਰ ਪ੍ਰਤਾਪ ਸਿੰਘ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਮੈਂ ਤੁਹਾਡੇ ਰਾਹੀਂ ਸਾਰੇ ਮੈਂਬਰਾਂ ਅਤੇ ਸਰਕਾਰ ਦੇ ਨਾਲੇਜ ਵਿੱਚ ਇੱਕ ਬੜਾ ਵੱਡਾ ਇਸ਼ੂ ਲਿਆਉਣਾ ਚਾਹੁੰਦਾ ਹਾਂ। ਕੁਝ ਸਮੇਂ ਪਹਿਲਾਂ ਆਈ.ਆਈ.ਟੀ. ਮੰਡੀ ਨੇ ਇੱਕ ਰਿਪੋਰਟ ਪਬਲਿਸ਼ ਕੀਤੀ ਕਿ ਪੰਜਾਬ ਦੇ ਪੀਣ ਵਾਲੇ ਪਾਣੀ ਦਾ ਕੁਆਲਿਟੀ ਆਫ ਵਾਟਰ ਬਹੁਤ ਖਰਾਬ ਹੋ ਚੁੱਕਿਆ ਹੈ। ਚਾਰ ਕੁ ਦਿਨ ਪਹਿਲਾਂ ਪੋਂਡੀਚਰੀ ਯੂਨੀਵਰਸਿਟੀ ਅਤੇ ਫਤਿਹਗੜ੍ਹ ਸਾਹਿਬ ਵਰਲਡ ਯੂਨੀਵਰਸਿਟੀ ਨੇ ਇੱਕ ਰਿਪੋਰਟ ਟਾਈਮਜ਼ ਆਫ ਇੰਡੀਆ ਵਿੱਚ ਪਬਲਿਸ਼ ਕੀਤੀ ਹੈ। ਪਹਿਲਾਂ ਅਸੀਂ ਸੁਣਦੇ ਸੀ ਕਿ ਮਾਲਵੇ ਦਾ ਪਾਣੀ ਖਰਾਬ ਹੈ। ਹੁਣ ਰਿਪੋਰਟ ਪਬਲਿਸ਼ ਕੀਤੀ ਗਈ ਹੈ ਕਿ ਮਾਝੇ ਵਿੱਚ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਆਰਸੈਨਿਕ, ਯੂਰੇਨੀਅਮ, ਆਈਰਨ ਤੇ ਨਾਈਟਰੇਟ ਦੇ ਟਰੇਸਿਸ ਸੇਫ ਲੈਵਲ ਤੋਂ ਵੱਧ ਪਾਏ ਗਏ ਹਨ। ਸਰ, ਕੀ ਇਹ ਪਬਲਿਸ਼ ਹੋਈਆਂ ਰਿਪੋਰਟਜ਼ ਸਰਕਾਰ ਨਾਲ ਡਿਸਕਸ ਹੁੰਦੀਆਂ ਹਨ? ਕੀ ਇਹ ਰਿਪੋਰਟਾਂ ਸਹੀ ਹਨ? ਆਊਟਸਾਈਡ ਏਜੰਸੀਆਂ ਸਾਨੂੰ ਦੱਸ ਰਹੀਆਂ ਹਨ ਕਿ ਸਾਡੇ ਪਾਣੀ ਦਾ ਟੋਕਸਿਟੀ ਲੈਵਲ ਬਹੁਤ ਵੱਧ ਗਿਆ ਹੈ। ਕੀ ਸਰਕਾਰ ਅਤੇ ਸਬੰਧਤ ਵਿਭਾਗ ਨੂੰ ਇਨ੍ਹਾਂ ਦੇ ਕਾਰਨਾਂ ਦਾ ਪਤਾ ਹੈ? ਕੀ ਇਸ ਤੇ ਕੋਈ ਸਟੱਡੀ ਕਰਵਾਈ ਗਈ ਹੈ? ਅਸੀਂ ਜਿੰਨੇ ਸਦਨ ਵਿੱਚ ਬੈਠੇ ਹਨ ਅਤੇ ਇਸ ਪ੍ਰਾਬਲਮ ਦਾ ਸਾਲਿਊਸ਼ਨ ਕੱਢਣ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਦੀ ਹੈ। ਸਰ, ਇਨ੍ਹਾਂ ਰਿਪੋਰਟਾਂ ਵਿੱਚ ਮੈਨਸ਼ਨ ਹੋਇਆ ਕਿ ਆਰਸੈਨਿਕ, ਯੂਰੇਨੀਅਮ, ਆਈਰਨ ਤੇ ਨਾਈਟਰੇਟ ਦੇ ਹੈਵੀ ਮੈਟਲਜ਼ ਡਿਊ ਟੂ ਫਰਟੇਲਾਈਜ਼ਰ ਅਤੇ ਪੈਸਟੀਸਾਈਡ ਦੀ ਲੀਚਿੰਗ ਕਰਕੇ ਹੋ ਰਹੇ ਹਨ। ਇਹ ਚੈੱਕ ਕਰਨ ਦੀ ਲੋੜ ਹੈ ਕਿ ਕੀ ਇਹ ਅਸਲੀਅਤ ਹੈ ਜਾਂ ਜਿਓਲੋਜੀਕਲ ਰੀਜ਼ਨਜ਼ ਹਨ। ਜਿਓਲੋਜੀਕਲ ਰੀਜ਼ਨ ਦਾ ਮਤਲਬ ਕਿ ਜਿਹੜੀ ਥੱਲੇ ਰਾਕਸ ਹਨ ਜਿਨ੍ਹਾਂ ਵਿੱਚੋਂ ਅਸੀਂ ਪਾਣੀ ਐਕਸਟ੍ਰੈਕਟ ਕਰ ਰਹੇ ਹਾਂ, ਕੀ ਉਹ ਹੈਵੀ ਮੈਟਲਜ਼ ਨਾਲ ਇਨਰਿਚਡ ਹਨ?

**1200/Sukhpiar Singh/Monika sharma**

ਕੀ ਅਸੀਂ ਉਸ ਇਨਫੈਕਟਿਡ ਐਕੁਇਫਰ (aquifer) ਵਿੱਚੋਂ ਪਾਣੀ ਕੱਢ ਰਹੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਹੋਰ ਡਾਟਾ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿ ਯੂਰੇਨੀਅਮ ਦੀ ਸੇਫ ਲਿਮਟ 0.03 ਹੈ, ਜਿਸ ਵਿੱਚ ਤਰਨ ਤਾਰਨ ਦੀ 0.30 ਦਸ ਗੁਣਾ ਵੱਧ ਹੈ। ਸੇਫ ਲਿਮਟ ਆਰਸੈਨਿਕ ਦੀ 0.05 ਹੈ, ਜਿਸ ਵਿੱਚ ਗੁਰਦਾਸਪੁਰ ਦੀ 0.16, ਅੰਮ੍ਰਿਤਸਰ 0.18, ਤਰਨਤਾਰਨ 0.10 ਅਤੇ ਪਠਾਨਕੋਟ ਦੀ 0.01 ਹੈ। ਮੇਰਾ ਕਹਿਣ ਦਾ ਮਕਸਦ ਇਹ ਹੈ ਕਿ ਜੇਕਰ ਇਹ ਐਗਰੀਕਲਚਰਲ ਰਨ ਆਫ ਕਰਕੇ ਹਨ, ਜੋ ਰਿਸਰਚ ਇੰਸਟੀਚਿਊਟਸ ਦੱਸ ਰਹੀਆਂ ਹਨ ਤਾਂ ਇਹ ਫਿਰ ਸਾਰੇ ਪੰਜਾਬ ਵਿੱਚ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਸਾਰੇ ਪੰਜਾਬ ਵਿੱਚ ਫਰਟੀਲਾਈਜ਼ਰ ਅਤੇ ਪੈਸਟੀਸਾਈਡਸ ਦੀ ਕਸਰ ਕੋਈ ਵੀ ਨਹੀਂ ਛੱਡ ਰਿਹਾ ਹੈ। ਸੋ, ਸਾਨੂੰ ਇਹ ਵੈਰੀਐਂਸ ਸਟੱਡੀ ਕਰਨ ਦੀ ਲੋੜ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਵਿੱਚ ਗੱਲ

ਸੋਲਿਊਸ਼ਨ ਦੀ ਹੈ। ਜੇਕਰ ਫਰਟੀਲਾਈਜ਼ਰ ਅਤੇ ਪੈਸਟੀਸਾਈਡ ਕਰਕੇ ਇਹ ਗੱਲ ਹੈ ਤਾਂ ਫਿਰ ਸਾਨੂੰ ਆਈਡੈਂਟੀਫਾਈ ਕਰਨ ਦੀ ਲੋੜ ਹੈ ਅਤੇ ਇਸ ਦਾ ਸੋਰਸ ਕੀ ਹੈ। ਇਸ ਤੋਂ ਇਲਾਵਾ ਇਹ ਲੀਚਿੰਗ ਕਿਵੇਂ ਕੰਟਰੋਲ ਕਰਨੀ ਹੈ।

**ਮਾਣਯੋਗ ਸਪੀਕਰ**: ਥੈਂਕਿਯੂ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਸਿਰਫ ਇੱਕ ਮਿੰਟ ਹੀ ਲੈਣਾ ਹੈ। ਇਹ ਬਹੁਤ ਹੀ ਇੰਪਾਰਟੈਂਟ ਇਸ਼ੂ ਹੈ। ਇਸ ਦਾ ਸੋਲਿਊਸ਼ਨ ਲੈਣਾ ਹੈ।

**ਮਾਣਯੋਗ ਸਪੀਕਰ**: ਪਲੀਜ਼ ਬਰੀਫ ਕਰੋ। ਕਨਕਲੂਡ ਕਰੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਜੇਕਰ ਜਿਊਲੋਜੀਕਲ ਇਸ਼ੂ ਹੈ ਤਾਂ ਕੀ ਸਾਡੀਆਂ ਰੌਕਸ ਕੰਟੇਮੀਨੇਟਿਡ ਹਨ? ਜੇਕਰ ਸਾਡਾ ਐਕੁਫਾਈਰ ਕੰਟੇਮੀਨੇਟਿਡ ਹੈ ਤਾਂ ਨੈਸ਼ਨਲ ਇੰਸਟੀਚਿਊਟ ਆਫ ਐਕੁਫਾਈਰ ਮੈਨੇਜਮੈਂਟ ਕੋਲ ਪੰਜਾਬ ਦੇ ਹਰੇਕ ਐਕੁਫਾਈਰ ਦਾ ਡਾਟਾ ਹੈ। ਸਾਨੂੰ ਹਰੇਕ ਐਕੁਫਾਇਰ ਨੂੰ ਟੈਸਟ ਕਰਨਾ ਚਾਹੀਦਾ ਹੈ। ਜੇਕਰ ਕਿਸੇ ਵਿੱਚ ਹੈਵੀ ਮੈਟਲ ਹੈ ਤਾਂ ਆਈਡੈਂਟੀਫਾਈ ਕਰਨਾ ਚਾਹੀਦਾ ਹੈ। ਉਸ ਐਕੁਫਾਇਰ ਵਿੱਚੋਂ ਪਾਣੀ ਦੀ ਐਕਸਟਰੈਕਸ਼ਨ ਨੂੰ ਰੋਕਣਾ ਚਾਹੀਦਾ ਹੈ। ਇਸ ਦੀ ਇੱਕ ਸਟੱਡੀ ਹੋਣੀ ਚਾਹੀਦੀ ਹੈ ਕਿ ਹੈਵੀ ਮੈਟਲਜ਼ ਆਰਸੈਨਿਕ ਦਾ ਐਨੀਮਲਜ਼, ਹਿਊਮਨਜ਼, ਪਲਾਂਟਸ, ਫੂਡ ਚੇਨ ਅਤੇ ਰਾਅ ਸਬਜ਼ੀਆਂ ਤੇ ਕੀ ਇਫੈਕਟ ਪੈ ਰਿਹਾ ਹੈ, ਜੋ ਕਿ ਅਸੀਂ ਕੰਜਿਊਮ ਕਰਦੇ ਹਾਂ। ਸਪੀਕਰ ਸਾਹਿਬ, ਅਖੀਰ ਵਿੱਚ ਕਨਕਲੂਡ ਕਰਨਾ ਲੱਗਿਆ ਇੱਕ ਹੋਰ ਬੇਨਤੀ ਕਰਾਂਗਾ ਕਿ ਆਈਰਨ ਦੀ ਮਾਤਰਾ ਜੋ ਕਿ ਨਾਰਮਲ ਸਟੈਂਡਰਡ 15 ਗੁਣਾ ਵੱਧ ਹੈ, ਜਿਸ ਨਾਲ ਜ਼ਿਮੀਂਦਾਰੀ ਦਾ ਸੋਲਿਊਸ਼ਨ ਕੱਢ ਸਕਦੇ ਹਾਂ। ਦੇਖੋ, ਪੰਜਾਹ-ਸੱਠ ਸਾਲ ਪਹਿਲਾਂ ਆਈਰਨ ਪਾਈਪਸ ਨਾਲ ਬੋਰ ਕਰਦੇ ਸੀ। ਅੱਜ ਉਹ ਪਾਈਪਸ ਨਾਲ ਅਸੀਂ ਦੋ-ਦੋ, ਤਿੰਨ-ਤਿੰਨ ਵਾਰ ਬੋਰ ਕਰ ਚੁੱਕੇ ਹਾਂ। ਸਰ, 45 ਲੱਖ ਟਿਊਬਵੈੱਲ ਹਨ। ਜੇਕਰ ਤਿੰਨ-ਤਿੰਨ ਵਾਰ 45 ਲੱਖ ਟਿਊਬਵੈੱਲਾਂ ਵਿੱਚ ਬੋਰ ਕਰਨ ਨਾਲ, ਜਿਸ ਵਿੱਚ ਪਾਣੀ ਜੰਮਿਆ ਨਿਕਲ ਨਹੀਂ ਰਿਹਾ ਹੈ ਅਤੇ ਆਈਰਨ ਕੰਟੈਂਟ 15-15 ਗੁਣਾ ਵੱਧ ਗਿਆ ਹੈ, ਉਸ ਦਾ ਪੰਜਾਬ ਸਰਕਾਰ ਨੂੰ ਸੋਲਿਊਸ਼ਨ ਕੱਢਣਾ ਚਾਹੀਦਾ ਹੈ। ਜਿਨ੍ਹਾਂ ਪਾਈਪਾਂ ਵਿੱਚ ਬੋਰ ਨਹੀਂ ਹਨ, ਉਨ੍ਹਾਂ 40-45 ਲੱਖਾਂ ਨੂੰ ਬਾਹਰ ਕੱਢਣਾ ਚਾਹੀਦਾ ਹੈ। ਸਰ, ਜਿਹੜਾ ਨਾਈਟਰੇਟ ਲੈਵਲ ਵੱਧ ਰਿਹਾ ਹੈ, ਉਸ ਵਿੱਚ ਜਿਹੜਾ ਸਾਡਾ ਸੀਵਰੇਜ ਹੈ ਅਤੇ ਪਿੰਡੋਂ-ਪਿੰਡ ਜਿਹੜੇ ਘਰਾਂ ਵਿੱਚ ਫਲੱਸ਼ ਬਣਾ ਦਿੱਤੇ ਹਨ, ਉਨ੍ਹਾਂ ਦੇ ਥੱਲੇ ਪਿੱਟਸ ਨਹੀਂ ਹਨ ਅਤੇ ਪਾਣੀ ਲੀਚ ਕਰ ਰਿਹਾ ਹੈ। ਸਪੀਕਰ ਸਾਹਿਬ, ਐਗਜਾਂਪਲ ਦੇ ਤੌਰ ਤੇ ਹਰ ਘਰ ਵਿੱਚ ਡੰਗਰ ਹੈ। ਉਥੇ ਨਲਕਾ ਲੱਗਿਆ ਹੋਇਆ ਹੈ ਅਤੇ ਗੋਹੇ ਦਾ ਪਾਣੀ ਨਲਕੇ ਦੇ ਰਾਹੀਂ ਥੱਲੇ ਜਾ ਰਿਹਾ ਹੈ। ਉਸੀ ਪਾਣੀ ਨੂੰ ਅਸੀਂ ਪੀ ਰਹੇ ਹਾਂ। ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਕਮੇਟੀ ਮੈਂਬਰਾਂ ਦੀ ਬਣਾਈ ਜਾਵੇ ਕਿਉਂਕਿ ਜਿੰਨੇ ਵੀ ਮੈਂਬਰ ਅਹੁਦੇਦਾਰ ਹਨ, ਉਹ ਪੰਜਾਬ ਨੂੰ ਜਿੰਮੇਵਾਰ ਹਨ। ਸਪੀਕਰ ਸਾਹਿਬ, ਇੱਕ ਪੀਸਮੀਲ ਸਟੱਡੀ ਨਹੀਂ, ਇੱਕ ਪਰਾਪਰ ਸਟੱਡੀ ਕੀਤੀ ਜਾਵੇ ਤਾਂ ਕਿ ਸਾਨੂੰ ਪਤਾ ਲੱਗੇ ਕਿ ਸੋਲਿਊਸ਼ਨ ਕੀ ਹੈ। ਪੰਜਾਬ ਸਰਕਾਰ ਨੂੰ ਹਜ਼ਾਰਾਂ ਕਰੋੜ ਪੈਨੇਲਿਟੀ ਪੈ ਰਹੀ ਹੈ। 100 ਕਰੋੜ ਅਸੀਂ ਜਮ੍ਹਾਂ ਵੀ ਕਰਵਾਇਆ ਹੈ। ਉਸ ਵਿੱਚੋਂ ਅਸੀਂ ਫੰਡ ਯੂਟੇਲਾਈਜ਼ ਕਰੀਏ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਥੈਂਕਿਯੂ ਜੀ। ਧਿਆਨ ਦਿਵਾਊ ਨੋਟਿਸ। ਕੁੰਵਰ ਵਿਜੇ ਪ੍ਰਤਾਪ ਸਿੰਘ।

**CALL ATTENTION NOTICES UNDER RULE 66**

**(ਕ੍ਰਮ ਨੰ. 10 )**

**ਕੁੰਵਰ ਵਿਜੇ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ)**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਜੋ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਸੀਵਰੇਜ, ਪੀਣ ਵਾਲੇ ਪਾਣੀ ਅਤੇ ਕੂੜਾ ਚੁੱਕਣ ਵਰਗੀਆਂ ਮੁੱਢਲੀਆਂ ਸਹੂਲਤਾਂ ਨਾਲ ਸਬੰਧਤ ਹੈ। ਇਨ੍ਹਾਂ ਮੁੱਦਿਆਂ ਨੂੰ ਨਜਿੱਠਣ ਵਿੱਚ ਅੰਮ੍ਰਿਤਸਰ ਨਗਰ ਨਿਗਮ ਪੂਰੀ ਤਰ੍ਹਾਂ ਨਾਕਾਮ ਹੈ, ਜਿਸ ਕਾਰਨ ਨਾਗਰਿਕਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਹੈ ਕਿਉਂਕਿ ਉਹ ਪਾਣੀ ਤੋਂ ਹੋਣ ਵਾਲੀਆਂ ਛੂਤ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਇਸ ਤਰ੍ਹਾਂ ਅੰਮ੍ਰਿਤਸਰ ਦੇ ਲੋਕ ਉਪਰੋਕਤ ਵਰਣਿਤ ਮੁੱਢਲੀਆਂ ਸਹੂਲਤਾਂ ਦੀ ਘਾਟ ਕਾਰਨ ਤਰਸਯੋਗ ਹਾਲਤ ਵਿੱਚ ਰਹਿ ਰਹੇ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

ਸਪੀਕਰ ਸਾਹਿਬ, ਸਾਡਾ ਸ਼ਹਿਰ ਅੰਮ੍ਰਿਤਸਰ ਹੈ। ਗੁਰੂ ਰਾਮਦਾਸ ਜੀ ਨੇ ਇਸ ਨਗਰ ਨੂੰ ਵਸਾਇਆ ਸੀ। ਅੱਜ ਇਹ ਸ਼ਹਿਰ ਨਰਕ ਦੇ ਵਿੱਚ ਤਬਦੀਲ ਹੋ ਗਿਆ ਹੈ। ਪੀਣ ਵਾਲਾ ਪਾਣੀ ਲੋਕਾਂ ਨੂੰ ਨਸੀਬ ਨਹੀਂ ਹੋ ਰਿਹਾ ਹੈ। ਔਰ ਪਾਣੀ ਦੇ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ। ਲੋਕੀਂ ਕਿਸ ਤਰੀਕੇ ਨਾਲ ਉਹ ਪਾਣੀ ਪੀ ਰਹੇ ਹਨ, ਅਸੀਂ ਸਮਝ ਸਕਦੇ ਹਾਂ। ਜੋ ਸੀਵਰੇਜ ਦਾ ਗੰਦਾ ਪਾਣੀ ਹੈ, ਉਹ ਲੋਕਾਂ ਦੀ ਕਿਚਨ ਵਿੱਚ ਬੈਕ ਮਾਰ ਕੇ ਜਾ ਰਿਹਾ ਹੈ। ਕੂੜਾ ਚੁੱਕਣ ਵਾਲਾ ਕੋਈ ਨਹੀਂ ਹੈ। ਇੱਕ ਨਿੱਜੀ ਕੰਪਨੀ ਨੂੰ ਠੇਕਾ ਦਿੱਤਾ ਗਿਆ ਹੈ। ਠੇਕੇ ਵਾਲੇ ਕਾਰਪੋਰੇਸ਼ਨ ਨੂੰ ਦੋਸ਼ ਲਗਾ ਰਹੇ ਹਨ ਅਤੇ ਕਾਰਪੋਰੇਸ਼ਨ ਵਾਲੇ ਠੇਕੇ ਵਾਲਿਆਂ ਦਾ ਦੋਸ਼ ਲਗਾ ਰਹੇ ਹਨ ਪਰੰਤੂ ਮੁੱਖ ਤੌਰ ਤੇ ਪਰੇਸ਼ਾਨ ਅੰਮ੍ਰਿਤਸਰ ਦੀ ਜਨਤਾ ਹੋ ਰਹੀ ਹੈ। ਇਹ ਪ੍ਰਾਬਲਮ ਕਿਸੇ ਇੱਕ ਹਲਕੇ ਦੀ ਨਹੀਂ ਹੈ। ਚਾਹੇ ਉਹ ਨਾਰਥ, ਵੈਸਟ, ਈਸਟ, ਸੈਂਟਰਲ ਹੈ, ਹਰ ਐਮ.ਐਲ.ਏ. ਸਾਹਿਬਾਨ ਇੱਥੇ ਬੈਠੇ ਹਨ। ਇਹ ਹਰ ਏਰੀਆ ਦੀ ਪ੍ਰਾਬਲਮ ਹੈ।

ਸਪੀਕਰ ਸਾਹਿਬ, ਮੈਨੂੰ ਕਾਲ ਅਟੈਂਸ਼ਨ ਨੋਟਿਸ ਲਿਆਉਣ ਦੀ ਲੋੜ ਕਿਉਂ ਪਈ ਕਿਉਂਕਿ ਮੈਂ ਬਜਟ ਸੈਸ਼ਨ ਵੇਲੇ ਪ੍ਰਸ਼ਨ ਨੰ. 968 ਦਿੱਤਾ ਸੀ।

**ਮਾਣਯੋਗ ਸਪੀਕਰ**: ਕੁੰਵਰ ਜੀ, ਤੁਸੀਂ ਸਿਰਫ ਆਪਣੀ ਕਾਲ ਅਟੈਂਸ਼ਨ ਪੜ੍ਹਨੀ ਹੈ।

**ਕੁੰਵਰ ਵਿਜੇ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਇੱਕ ਮਿੰਟ ਜੀ। ਮਾਣਯੋਗ ਮੰਤਰੀ ਸਾਹਿਬ ਨੇ ਉਸ ਵੇਲੇ ਬਹੁਤ ਸਾਰੇ ਆਸ਼ਵਾਸਨ ਇਸ ਹਾਊਸ ਵਿੱਚ ਦਿੱਤੇ ਸਨ। ਉਨ੍ਹਾਂ ਕਿਹਾ ਸੀ ਕਿ ਇੱਕ ਟੀਮ ਜਾਵੇਗੀ। ਇਹ ਕਰਾਂਗੇ, ਉਹ ਕਰਾਂਗੇ। ਸਪੀਕਰ ਸਾਹਿਬ, ਐਨ.ਜੀ.ਟੀ. ਵੱਲੋਂ 1026 ਕਰੋੜ ਰੁਪਏ ਦਾ ਜੁਰਮਾਨਾ ਪੰਜਾਬ ਸਰਕਾਰ ਨੂੰ ਲਗਾਇਆ ਗਿਆ।

**1205/Manika Rani/Monika sharma**

ਜੇਕਰ ਕੁਐਸਚਨ ਨੰ: 968 ਤੇ ਧਿਆਨ ਦਿੱਤਾ ਗਿਆ ਹੁੰਦਾ ਤਾਂ ਅੱਜ ਇਹ ਪ੍ਰਾਬਲਮ ਨਹੀਂ ਆਉਣੀ ਸੀ। ਬਰਸਾਤ ਵਿੱਚ ਅੰਮ੍ਰਿਤਸਰ ਦੇ ਲੋਕ ਨਰਕ ਦਾ ਜੀਵਨ ਬਤੀਤ ਕਰ ਰਹੇ ਹਨ। ਮੈਂ ਇਹੀ ਬੇਨਤੀ ਕਰਾਂਗਾ ਕਿ ਮਾਨਯੋਗ ਮੰਤਰੀ ਸਾਹਿਬ ਇਸ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ। ਇਸ ਤੋਂ ਬਾਅਦ ਮੈਨੂੰ ਜ਼ਰੂਰ ਮੌਕਾ ਦਿਓ। 2-4 ਤੱਥ ਹੋਰ ਹਨ ਮੈਂ ਉਹ ਵੀ ਲੈ ਕੇ ਆਵਾਂਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਸਰਦਾਰ ਬਲਕਾਰ ਸਿੰਘ ਜੀ।

**ਸਥਾਨਕ ਸਰਕਾਰਾਂ ਮੰਤਰੀ (ਸਰਦਾਰ ਬਲਕਾਰ ਸਿੰਘ)** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਭ ਤੋਂ ਪਹਿਲਾਂ ਮਾਣਯੋਗ ਮੈਂਬਰ ਸਾਹਿਬਾਨ ਅਤੇ ਇਸ ਮਹਾਨ ਸਦਨ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅੰਮ੍ਰਿਤਸਰ ਆਪਣੀ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਲਈ ਸਾਰੇ ਪੰਜਾਬੀਆਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ। ਅਸੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਸ਼੍ਰੀ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਚੁਣੌਤੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਸ਼ਹਿਰ ਵਿੱਚ ਨਾਗਰਿਕ ਸਹੂਲਤਾਂ ਦੀ ਵਿਵਸਥਾ ਨੂੰ ਅਪਗ੍ਰੇਡ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ। ਅੰਮ੍ਰਿਤਸਰ ਸ਼ਹਿਰ ਵਿੱਚ ਲਗਭਗ 1800 ਕਿਲੋਮੀਟਰ ਪਾਣੀ ਸਪਲਾਈ ਦੀ ਲਾਈਨ ਹੈ। ਜ਼ਿਆਦਾਤਰ ਸਪਲਾਈ ਲਾਈਨਾਂ ਪੁਰਾਣੀਆਂ ਹੋਣ ਕਰਕੇ ਲੀਕੇਜ ਹੁੰਦੀ ਹੈ, ਜਿਸ ਕਾਰਨ ਪਾਣੀ ਵਿੱਚ ਮਿਲਾਵਟ ਹੋ ਜਾਣ ਬਾਰੇ ਕਈ ਸ਼ਿਕਾਇਤਾਂ ਆਉਂਦੀਆਂ ਹਨ ਪਰ ਨਾਲ ਦੀ ਨਾਲ ਮੌਕੇ ਤੇ ਉਨ੍ਹਾਂ ਦਾ ਹੱਲ ਵੀ ਕੀਤਾ ਜਾਂਦਾ ਹੈ। ਜੇਕਰ ਇਹ ਗੱਲ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਵਿਸ਼ਵ ਬੈਂਕ ਅਤੇ ਏ.ਆਈ.ਆਈ.ਬੀ. ਦੀ ਸਹਾਇਤਾ ਨਾਲ ਇਸ ਸਮੇਂ ਪੰਜਾਬ ਮਿਉਂਸਿਪਲ ਸੀਵਰੇਜ ਇੰਪਰੂਵਮੈਂਟ ਪ੍ਰਾਜੈਕਟ ਲਗਾਇਆ ਜਾ ਰਿਹਾ ਹੈ ਜਿਸ ਨਾਲ ਪਾਣੀ ਵਾਲੀ ਸਮੱਸਿਆ ਦਾ ਲੰਮੇ ਸਮੇਂ ਲਈ ਹੱਲ ਹੋ ਜਾਵੇਗਾ। ਇਸ ਪ੍ਰਾਜੈਕਟ ਦਾ ਇੱਕ ਮੁੱਖ ਪਾਰਟ ਅੰਮ੍ਰਿਤਸਰ ਸ਼ਹਿਰ ਨੂੰ 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਪ੍ਰਦਾਨ ਕਰਨਾ ਹੈ। ਵਲਾਹ ਨੇੜੇ ਇੱਕ ਨਵਾਂ ਵਾਟਰ ਟ੍ਰੀਟਮੈਂਟ ਪਲਾਂਟ ਬਣਾਇਆ ਜਾ ਰਿਹਾ ਹੈ ਜਿਸ ਦਾ 72 ਫੀਸਦੀ ਕੰਮ ਪੂਰਾ ਹੋ ਚੁੱਕਾ ਹੈ। ਇਸ ਪ੍ਰਾਜੈਕਟ ਤਹਿਤ 51 ਓ.ਐਚ.ਐਸ.ਆਰ. ਦਾ ਨਿਰਮਾਣ ਕਰਨ ਦੇ ਨਾਲ ਨਾਲ ਸਾਰੇ ਮੌਜੂਦਾ ਓ.ਐਚ.ਐਸ.ਆਰ. ਮੁੜ ਸੁਰਜੀਤੀ ਅਤੇ ਲਗਭਗ 112.70 ਕਿਲੋਮੀਟਰ ਦੀ ਮੁੱਖ ਲਾਈਨ ਪਾਉਣ ਦਾ ਉਪਬੰਧ ਹੈ। ਇਸ ਪ੍ਰਾਜੈਕਟ ਦੇ ਸਾਲ 2025 ਵਿੱਚ ਮੁਕੰਮਲ ਹੋਣ ਦੀ ਆਸ ਹੈ। ਸੋ, ਕਲੋਰੀਨ ਨਾਲ ਪਾਣੀ ਨੂੰ ਕੀਟਾਣੂ ਮੁਕਤ ਕਰਨ ਦਾ ਕੰਮ ਨਿਰੰਤਰ ਤੌਰ ਤੇ ਕੀਤਾ ਜਾ ਰਿਹਾ ਹੈ। ਸੋ, ਇਹ ਦੱਸਿਆ ਜਾਂਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਲਗਭਗ 3 ਸੀਵਰੇਜ ਨਾਲ ਰਿਲੇਟਿਡ ਗੱਲ ਕਰ ਰਹੇ ਹਨ। ਤਿੰਨ ਐਸ.ਟੀ.ਪੀ. ਪਲਾਂਟ ਹਨ ਜਿਨ੍ਹਾਂ ਦੀ ਕੁੱਲ ਸਮਰੱਥਾ 217.5 ਐਮ.ਐਲ.ਡੀ. ਜਦੋਂ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਸੀਵਰੇਜ ਦਾ ਕੁੱਲ ਉਤਪਾਦਨ ਲਗਭਗ 285 ਐਮ.ਐਲ.ਡੀ. ਹੈ ਜੋ ਕਿ ਸੀਵਰੇਜ ਲਾਈਨਾਂ ਦੇ ਪੂਰੀ ਸਮਰੱਥਾ ਨਾਲ ਚੱਲਣ ਦਾ ਇੱਕ ਮੁੱਖ ਕਾਰਨ ਹੈ।

ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਦੋ ਐਸ.ਟੀ.ਪੀਜ਼ ਖਾਪਰਖੇੜੀ ਅਤੇ ਗੌਂਸਾਬਾਦ ਦੀ ਸਮਰੱਥਾ ਵਿੱਚ 50-50 ਐਮ.ਐਲ.ਡੀ. ਦਾ ਵਾਧਾ ਕਰਨ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਇਹ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹਨ ਅਤੇ ਅਮਰੂਤ ਫੇਜ਼-2 ਵਿੱਚ ਪ੍ਰਸਤਾਵਿਤ ਕੀਤੇ ਜਾ ਰਹੇ ਹਨ।

ਇੱਥੇ ਇਹ ਦੱਸਣਾ ਵੀ ਮਹੱਤਵਪੂਰਣ ਹੋਵੇਗਾ ਕਿ ਸ਼ਹਿਰ ਵਿੱਚ ਲਗਭਗ 1500 ਕਿਲੋਮੀਟਰ ਸੀਵਰੇਜ ਪਿਆ ਹੋਇਆ ਹੈ ਅਤੇ ਇਹ ਵੱਖ ਵੱਖ ਮਸ਼ੀਨਾਂ ਦੁਆਰਾ ਸਾਫ ਕੀਤਾ ਜਾ ਰਿਹਾ ਹੈ। ਮੁੱਖ ਸੀਵਰੇਜ ਲਾਈਨਾਂ ਨੂੰ ਸੁਪਰ ਸਕਰ ਮਸ਼ੀਨਾਂ ਨਾਲ ਸਾਫ ਕਰਨ ਲਈ ਟੈਂਡਰ ਲਗਾਏ ਗਏ ਹਨ ਜਿਨ੍ਹਾਂ ਦੀ ਡੀਸਿਲਟਿੰਗ ਲਗਾਤਾਰ ਕੀਤੀ ਜਾ ਰਹੀ ਹੈ ਅਤੇ ਸਾਰੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਰਿਹਾ ਹੈ।

ਇੰਟੀਗ੍ਰੇਡ ਠੋਸ ਕੂੜਾ ਪ੍ਰਬੰਧਨ (ਸੋਲਿਡ ਵੇਸਟ ਮੈਨੇਜਮੈਂਟ) ਪ੍ਰਾਜੈਕਟ ਸਾਲ 2016 ਵਿੱਚ ਰਿਆਇਤਕਰਤਾ ਮੈਸਰਜ਼ ਅੰਮ੍ਰਿਤਸਰ ਐਮ.ਐਸ.ਡਬਲਿਊ ਲਿਮਟਿਡ ਐਵਰਡਾ ਕੰਪਨੀਆਂ ਨੂੰ ਅਲਾਟ ਕੀਤਾ ਗਿਆ ਸੀ ਉਸ ਵਿੱਚ ਕਾਰਜਕਾਰੀ ਲੋੜੀਂਦੇ ਮਾਪਦੰਡਾਂ ਅਨੁਸਾਰ ਨਹੀਂ ਕਰ ਰਹੇ। ਨਗਰ ਨਿਗਮ ਕਾਰਪੋਰੇਸ਼ਨ ਵੱਲੋਂ 8.04 ਕਰੋੜ ਰੁਪਏ ਦਾ ਜੁਰਮਾਨਾ ਲਗਾਏ ਜਾਣ ਤੇ ਕਈ ਨੋਟਿਸ ਕੀਤੇ ਜਾਣ ਦੇ ਬਾਵਜੂਦ ਵੀ ਕੂੜਾ ਚੁੱਕਣ ਦਾ ਕੰਮ ਸਹੀ ਤਰੀਕੇ ਨਾਲ ਨਹੀਂ ਹੋ ਰਿਹਾ, ਉਨ੍ਹਾਂ ਦੇ ਖਿਲਾਫ ਨੋਟਿਸ ਦੇ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਕੂੜੇ ਦੇ ਠੋਸ ਪ੍ਰਬੰਧਾਂ ਵਾਸਤੇ ਉੱਥੋਂ ਐਨ.ਜੀ.ਓਜ਼ ਵਗੈਰਾ ਤੋਂ ਵੀ ਹੈਲਪ ਲਈ ਜਾ ਰਹੀ ਹੈ।

**1210/Gurpreet kaur/Shubham jain**

ਇਸ ਦੌਰਾਨ ਨਗਰ ਨਿਗਮ, ਅੰਮ੍ਰਿਤਸਰ ਨੇ ਪਹਿਲਾਂ ਵੀ ਮੌਜੂਦਾ ਬਿਆਨਕਰਤਾ ਦੇ ਜੋਖਮ ਅਤੇ ਲਾਗਤ ਤੇ ਕੂੜੇ ਦੀ ਪ੍ਰਾਸੈਸਿੰਗ ਸ਼ੁਰੂ ਕੀਤੀ ਹੈ। ਜਿਸ ਦੇ ਨਾਲ ਇੱਕ ਐਨ.ਜੀ.ਓ ਦੀ ਵੀ ਮਦਦ ਲਈ ਜਾ ਰਹੀ ਹੈ। ਮੈਂ ਇੱਕ ਵਾਰ ਫਿਰ ਇਸ ਸਦਨ ਵਿੱਚ ਭਰੋਸਾ ਦਿਵਾਉਂਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਦੇ ਵਸਨੀਕਾਂ ਨੂੰ ਉਚਿਤ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਤਰਜੀਹ ਦਿੱਤੀ ਜਾਵੇਗੀ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਦੀ ਮਜਬੂਰੀ ਹੈ ਕਿ ਜੋ ਅਫਸਰਾਂ ਨੇ ਜਵਾਬ ਬਣਾ ਕੇ ਭੇਜ ਦਿੱਤਾ ਹੈ, ਇਨ੍ਹਾਂ ਨੇ ਪੜ੍ਹ ਦਿੱਤਾ ਹੈ। ਇਹੀ ਜਵਾਬ ਇਨ੍ਹਾਂ ਨੇ ਸਵਾਲ ਨੰ: 968 ਦੇ ਵਿੱਚ ਦਿੱਤਾ ਸੀ, same answer ਹੈ ਲੇਕਿਨ ਸਰ, ਇਨ੍ਹਾਂ ਛੇ ਮਹੀਨਿਆਂ ਦੌਰਾਨ, ਪਾਰਲੀਮੈਂਟ ਦੀਆਂ ਇਲੈਕਸ਼ਨਾਂ ਦੇ ਦੌਰਾਨ ਜੋ ਕੁੱਝ ਵੀ ਹੋਇਆ ਉਸ ਵਿੱਚ ਸਭ ਤੋਂ ਵੱਡਾ ਮੁੱਦਾ ਗਾਰਬੇਜ ਲਿਫਟਿੰਗ, ਸੀਵਰੇਜ ਤੇ ਪੀਣ ਵਾਲੇ ਗੰਦੇ ਪਾਣੀ ਦਾ ਸੀ। ਪਾਰਲੀਮੈਂਟ ਦਾ ਇਲੈਕਸ਼ਨ ਇਸੇ ਮੁੱਦੇ ਤੇ ਹੀ ਲੜਿਆ ਗਿਆ ਸੀ। ਇਸ ਸਬੰਧ ਵਿੱਚ ਮੇਰੀ ਮਾਣਯੋਗ ਮੰਤਰੀ ਸਾਹਿਬ ਨਾਲ ਕਈ ਵਾਰ ਗੱਲ ਹੋ ਚੁੱਕੀ ਹੈ ਅਤੇ ਇਨ੍ਹਾਂ ਨੇ ਕਈ ਵਾਰ ਕੋਸ਼ਿਸ਼ ਕੀਤੀ ਹੈ ਅਤੇ ਅਫਸਰਾਂ ਨਾਲ ਵੀ ਗੱਲ ਕੀਤੀ ਲੇਕਿਨ ਸਿਸਟਮ ਹੀ ਐਸਾ ਹੋ ਗਿਆ ਹੈ sorry state of affairs ਹੈ ਕਿ ਆਪਣੇ ਮਹਿਕਮੇ ਦੇ ਮੰਤਰੀ ਦੀ ਗੱਲ ਅਫਸਰ ਨਹੀਂ ਸੁਣਦੇ, ਇਹ ਵਾਰ ਵਾਰ ਫੋਨ ਕਰਦੇ ਹਨ ਅਤੇ ਮੈਂ ਵੀ ਇਨ੍ਹਾਂ ਨੂੰ ਵਾਰ ਵਾਰ ਫੋਨ ਕਰਦਾ ਹਾਂ ਪਰੰਤੂ ਹੁਣ ਅਸੀਂ ਲੋਕਲ ਲੈਵਲ ਤੇ ਫੋਨ ਕਰਨਾ ਬੰਦ ਕਰ ਦਿੱਤਾ ਹੈ। ਹੁਣ ਮੰਤਰੀ ਸਾਹਿਬ ਹੀ ਅਫਸਰਾਂ ਨੂੰ ਫੋਨ ਕਰਦੇ ਹਨ। ਇੱਕ ਨਗਿੰਦਰ ਪ੍ਰਸਾਦ ਨਾਂ ਦਾ ਜੇ.ਈ. ਹੈ ਉਹ ਮੁੱਖ ਮੰਤਰੀ ਸਾਹਿਬ ਤੋਂ ਜ਼ਿਆਦਾ ਪਾਵਰ ਰੱਖਦਾ ਹੈ। (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਤੁਸੀਂ ਵੀ ਕੱਲ੍ਹ ਏ.ਐਸ.ਆਈ. ਬੋਹੜ ਸਿੰਘ ਦੀ ਗੱਲ ਕਰ ਰਹੇ ਸੀ। ਇਹੀ ਨਗਿੰਦਰ ਪ੍ਰਸਾਦ, ਜੇ.ਈ. ਜੋ ਕਿ ਮੁੱਖ ਮੰਤਰੀ ਤੋਂ ਜ਼ਿਆਦਾ ਪਾਵਰ ਰੱਖਦਾ ਹੈ। ਕਮਿਸ਼ਨਰ ਆਫ ਕਾਰਪੋਰੇਸ਼ਨ ਕਿਸੇ ਬੰਦੇ ਦੀ ਗੱਲ ਨਹੀਂ ਸੁਣਦਾ । ਜੇਕਰ ਸਾਡੇ ਦਫਤਰ ਤੋਂ ਵੀ ਕੋਈ ਗੱਲ ਜਾਂਦੀ ਹੈ ਕਿ ਸਾਨੂੰ ਇਹ ਪ੍ਰੇਸ਼ਾਨੀ ਹੈ ਉਸ ਦੇ ਲਈ ਵੀ 15 ਦਿਨ, 20 ਦਿਨ ਦੀਵੇਟਿੰਗ ਹੁੰਦੀ ਹੈ। ਲੇਕਿਨ ਜਿਸ ਦੇ ਘਰ

ਵਿੱਚ, ਜਿਸ ਦੇ ਕਿਚਨ ਵਿੱਚ ਸੀਵਰੇਜ ਦਾ ਪਾਣੀ ਜਾ ਰਿਹਾ ਹੈ, ਉਹ ਕਿੱਥੇ ਜਾਵੇਗਾ? ਚਲੋ, ਪਾਣੀ ਦਾ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਇਹ ਵਰਲਡ ਬੈਂਕ ਦਾ ਪ੍ਰਾਜੈਕਟ ਹੈ ਜੋ ਕਿ ਕਈ ਸਾਲਾਂ ਤੋਂ ਚੱਲ ਰਿਹਾ ਹੈ। ਇਹ ਪ੍ਰਾਜੈਕਟ ਤਾਂ ਪਿਛਲੀਆਂ ਸਰਕਾਰਾਂ ਤੋਂ ਚਲਦਾ ਆ ਰਿਹਾ ਹੈ, ਇਸ ਤਰ੍ਹਾਂ ਉਹੀ ਸਵਾਲ ਅਤੇ ਉਹੀ ਜਵਾਬ। ਇਸ ਕਰਕੇ ਮਾਣਯੋਗ ਸਪੀਕਰ ਸਾਹਿਬ, ਇੱਕ ਤਾਂ ਇਹ ਹੈ ਕਿ ਇੱਕ ਜਵਾਬਦੇਹੀ ਫਿਕਸ ਕੀਤੀ ਜਾਵੇ ਕਿ ਜੇਕਰ ਮਹਿਕਮੇ ਦਾ ਮੰਤਰੀ ਕੋਈ ਗੱਲ ਕਹਿ ਰਿਹਾ ਹੈ ਤਾਂ ਅਫਸਰਾਂ ਦੀ ਇੱਕ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਅਤੇ ਅਕਾਊਂਟੇਬਿਲਟੀ ਫਿਕਸ ਹੋਣਾ ਬਹੁਤ ਜ਼ਰੂਰੀ ਹੈ। ਦੂਜੀ ਗੱਲ, ਜਨਤਾ ਨੂੰ ਜਿਹੜੀ ਅੱਜ ਦੀ ਸਮੱਸਿਆ ਜਿਸ ਤੋਂ ਉਹ ਪ੍ਰੇਸ਼ਾਨ ਹੈ, ਉਸ ਨੂੰ ਹੱਲ ਕਰਨ ਦੀ ਹੈ। ਇੱਕ ਹੋਰ ਸਮੱਸਿਆ ਇੱਥੇ ਲਿੰਕ ਰੱਖਦੀ ਹੈ ਕਿ ਇੱਕ ਛੋਟੇ ਜਿਹੇ ਸ਼ਹਿਰ ਅੰਮ੍ਰਿਤਸਰ ਦੇ ਵਿੱਚ ਮਲਟੀ ਏਜੰਸੀ ਸਿਸਟਮ ਕੰਮ ਕਰ ਰਿਹਾ ਹੈ। ਜੇਕਰ ਤੁਸੀਂ ਕਾਰਪੋਰੇਸ਼ਨ ਨੂੰ ਫੋਨ ਕਰਦੇ ਹੋ ਤਾਂ ਉਹ ਕਹਿੰਦੇ ਹਨ ਕਿ ਇਹ ਕੰਮ ਏ.ਡੀ.ਏ. (ਅੰਮ੍ਰਿਤਸਰ ਡਿਵੈਲਪਮੈਂਟ ਅਥਾਰਿਟੀ) ਦਾ ਕੰਮ ਹੈ। ਫਿਰ ਕੋਈ ਕਹਿੰਦਾ ਹੈ ਕਿ ਇਹ ਪੀ.ਡਬਲਿਊ.ਡੀ. ਦਾ ਕੰਮ ਹੈ, ਕੋਈ ਕਹਿੰਦਾ ਹੈ ਕਿ ਇਹ ਇੰਪਰੂਵਮੈਂਟ ਟਰੱਸਟ ਦਾ ਕੰਮ ਹੈ। ਇਸ ਲਈ ਇੱਕ ਸਿਸਟਮ ਬਣਨਾ ਚਾਹੀਦਾ ਹੈ, ਅੰਮ੍ਰਿਤਸਰ ਸ਼ਹਿਰ ਵਿੱਚ ਇੱਕ ਏਜੰਸੀ ਕੰਮ ਕਰਦੀ ਹੋਣੀ ਚਾਹੀਦੀ ਹੈ। ਲੋਕਾਂ ਨੂੰ ਇਹ ਨਹੀਂ ਪਤਾ ਕਿ ਉਹ ਏ.ਡੀ.ਏ. ਨੂੰ ਫੋਨ ਕਰਨ ਜਾਂ ਪੀ.ਡਬਲਿਊ.ਡੀ. ਨੂੰ ਫੋਨ ਕਰਨ ਜਾਂ ਇੰਪਰੂਵਮੈਂਟ ਟਰੱਸਟ ਨੂੰ ਫੋਨ ਕਰਨ। ਸਭ ਤੋਂ ਮਾੜੀ ਗੱਲ ਮਿਤੀ 23 ਜਨਵਰੀ, 2023 ਨੂੰ ਹੋਈ, ਇਸ ਦਿਨ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦਾ tenure ਖਤਮ ਹੋ ਗਿਆ ਸੀ।

**ਮਾਣਯੋਗ ਸਪੀਕਰ** : ਕੁੰਵਰ ਜੀ, ਤੁਸੀਂ ਕੁਐਸ਼ਚਨ ਕਰੋ। ਤੁਸੀਂ ਕੁਐਸ਼ਚਨ ਪੁੱਛੋ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਮੇਰੇ ਆਪਣੇ ਹਲਕੇ ਵਿੱਚ 17 ਕੌਂਸਲਰ ਹਨ, 12 ਗ੍ਰਾਮ ਪੰਚਾਇਤਾਂ ਹਨ। ਮੈਂ ਇਕੱਲਾ ਕਿਵੇਂ 17 ਕੌਂਸਲਰਾਂ ਤੇ 12 ਸਰਪੰਚਾਂ ਦਾ ਕੰਮ ਕਰ ਸਕਦਾ ਹਾਂ? ਇਹ ਕੰਮ ਇਕੱਲਾ ਐਮ.ਐਲ.ਏ. ਨਹੀਂ ਕਰ ਸਕਦਾ। ਇਸ ਲਈ ਸਰ, ਭਾਵੇਂ ਇਲੈਕਸ਼ਨ ਹੋਵੇ ਜਾਂ ਨਾ ਹੋਵੇ। ਸਾਰੇ ਅਫਸਰਾਂ ਦੀ ਆਕਊਂਟੇਬਿਲਟੀ ਫਿਕਸ ਹੋਣੀ ਚਾਹੀਦੀ ਹੈ। ਕਾਰਪੋਰੇਸ਼ਨ ਦੀ ਜ਼ਿੰਮੇਵਾਰੀ ਮਿਊਂਸਪਲ ਕਮਿਸ਼ਨਰ ਦੇ ਕੋਲ ਹੈ। (ਵਿਘਨ) ਇਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕਰਕੇ ਟਾਈਮ ਬਾਊਂਡ ਮੈਜ਼ਰਮੈਂਟ ਦੇ ਵਿੱਚ ਵਿੱਚ ਆਪ ਮੰਤਰੀ ਸਾਹਿਬ ਚੰਡੀਗੜ੍ਹ ਤੋਂ ਐਕਸਪਰਟ ਦੀ ਟੀਮ ਲਿਜਾ ਕੇ ਉੱਥੇ ਵਿਜ਼ੀਟ ਕਰਨ ਕਿਉਂਕਿ ਅਸੀਂ ਇਹ ਸਭ ਨਹੀਂ ਦੇਖ ਸਕਦੇ। ਜੋ ਵਿਰੋਧੀ ਪਾਰਟੀਆਂ ਦੇ ਮੈਂਬਰ ਇਵਨ ਕਿ ਜਿਹੜੇ ਸਾਡੇ ਐਮ.ਪੀਜ਼ ਵੀ ਹਨ ਉਹ ਵੀ ਪ੍ਰਾਟੈਸਟ ਕਰ ਰਹੇ ਹਨ। ਅਸੀਂ ਵੀ ਪਿੰਡ ਪਿੰਡ ਅਤੇ ਗਲੀ ਗਲੀ ਜਾ ਕੇ ਲੋਕਾਂ ਨੂੰ ਸ਼ਾਂਤ ਹੋਣ ਲਈ ਕਹਿ ਰਹੇ ਹਾਂ ਲੇਕਿਨ ਅਸੀਂ ਸਮਝਦੇ ਹਾਂ ਕਿ ਇਲਾਜ ਹੋਣਾ ਚਾਹੀਦਾ ਹੈ। ਸਾਨੂੰ ਕੁਝ ਨਹੀਂ ਚਾਹੀਦਾ ਹੈ, ਸੀਵਰੇਜ ਠੀਕ ਕਰਵਾ ਦਿਓ, ਪੀਣ ਵਾਲਾ ਸਾਫ ਪਾਣੀ ਦੇ ਦਿਓ ਤੇ ਕੂੜਾ ਚੁਕਵਾ ਦਿਓ।

**ਮਾਣਯੋਗ ਸਪੀਕਰ** : ਥੈਂਕ ਯੂ। ਹਾਂ ਜੀ, ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪਹਿਲੋਂ ਪੰਜਾਬ ਦੇ ਅੰਦਰ ਪੰਜਾਬ ਦੇ ਮੁੱਖ ਮੰਤਰੀ ਦੀਆਂ ਹਦਾਇਤਾਂ ਦੇ ਮੁਤਾਬਿਕ ਚਾਹੇ ਉਨ੍ਹਾਂ ਦੇ ਹੁਕਮਾਂ ਦੀ ਕੰਪਲਾਇੰਸ ਕਰਨ ਵਿੱਚ ਕੋਈ ਵੀ ਬਿਊਰੋਕ੍ਰੇਟਸ ਅਣਗਹਿਲੀ ਨਹੀਂ ਕਰ ਰਿਹਾ। ਜੇਕਰ ਕਿਤੇ ਅਣਗਹਿਲੀ ਹੁੰਦੀ ਵੀ ਹੈ ਤਾਂ ਬਕਾਇਦਾ ਉਸ ਅਫਸਰ ਦੀ ਜ਼ਿੰਮੇਵਾਰੀ ਫਿਕਸ

ਕੀਤੀ ਜਾਂਦੀ ਹੈ, ਅਜਿਹੀ ਕੋਈ ਗੱਲ ਨਹੀਂ ਹੈ ਕਿ ਬਿਊਰੋਕ੍ਰੇਸੀ ਗੱਲ ਨਹੀਂ ਮੰਨਦੀ। ਸੈਕਿੰਡਲੀ, ਮੈਂਬਰ ਸਾਹਿਬ ਨੇ ਜੋ ਹੁਕਮ ਕੀਤਾ ਹੈ, ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ, ਆਪਣੀ ਸਰਕਾਰ ਹੈ।

**1215/Rajneet Kaur/Shubham jain**

Secondly, ਮੈਂਬਰ ਸਾਹਿਬ ਨੇ ਜੋ ਹੁਕਮ ਕੀਤਾ ਹੈ, ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ, ਆਪਣੀ ਸਰਕਾਰ ਹੈ। ਅਸੀਂ ਉੱਥੇ ਆਵਾਂਗੇ, ਸਾਰੇ ਆਫੀਸਰ ਸਾਹਿਬਾਨ ਵੀ ਬੁਲਾਵਾਂਗੇ। ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ within two weeks, ਅਸੀਂ ਤੁਹਾਡੇ ਕੋਲ ਆਵਾਂਗੇ। ਸਾਰੇ ਐਮ.ਐਲ.ਏ. ਸਾਹਿਬਾਨ ਇਕੱਠੇ ਹੋਣਗੇ। ਅਸੀਂ ਉੱਥੇ ਮੀਟਿੰਗ ਕਰਾਂਗੇ। ਜੋ ਪਾਸੀਬਲ ਹੋਵੇਗਾ ਅਸੀਂ ਵੱਧ ਤੋਂ ਵੱਧ ਕਰਾਂਗੇ ਕਿਉਂਕਿ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਥੈਂਕ ਯੂ ਜੀ।

**ਮਾਣਯੋਗ ਸਪੀਕਰ**: ਥੈਂਕ ਯੂ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਸਪਲੀਮੈਂਟਰੀ ਜੀ।

**ਮਾਣਯੋਗ ਸਪੀਕਰ**: ਹੋ ਗਿਆ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਉਹ ਆਪਣੇ ਸ਼ਹਿਰ ਦਾ ਤਾਂ ਪਹਿਲਾਂ ਕਰ ਲੈਣ, ਅੰਮ੍ਰਿਤਸਰ ਤਾਂ ਬਹੁਤ ਦੂਰ ਹੈ ਜੀ।

**ਮਾਣਯੋਗ ਸਪੀਕਰ**: ਫਿਰ ਤੁਹਾਡਾ ਆਪਣਾ ਸਵਾਲ ਲੱਗੇਗਾ, ਤੁਸੀਂ ਉਨ੍ਹਾਂ ਦੇ ਸ਼ਹਿਰ ਦਾ ਕਿਉਂ ਲਗਾਉਣਾ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਲਗਾਇਆ ਸੀ, ਤੁਸੀਂ ਲੱਗਣ ਨਹੀਂ ਦਿੱਤਾ।

**ਮਾਣਯੋਗ ਸਪੀਕਰ**: ਤੁਸੀਂ ਬੈਠੋ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਜਲੰਧਰ ਦਾ ਤਾਂ ਪੁੱਛ ਲੈਂਦੇ, ਜਲੰਧਰ ਦੇ ਵਜ਼ੀਰ ਹਨ। ਲੋਕ ਉਨ੍ਹਾਂ ਨੂੰ ਘੇਰਦੇ ਫਿਰਦੇ ਹਨ।

**ਮਾਣਯੋਗ ਸਪੀਕਰ**: ਨਹੀਂ, ਤੁਸੀਂ ਬੈਠੋ। ਪ੍ਰੋਫੈਸਰ ਬਲਜਿੰਦਰ ਕੌਰ।

----------

**(ਕ੍ਰਮ ਨੰ. 19)**

**ਪ੍ਰੋਫੈਸਰ ਬਲਜਿੰਦਰ ਕੌਰ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਜੋ ਤਲਵੰਡੀ ਸਾਬੋ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਹੈ ਜਿਸ ਦੇ ਸਬੰਧ ਵਿੱਚ ਸਾਡੇ ਧਿਆਨ ਵਿੱਚ ਆਇਆ ਹੈ ਕਿ ਇਹ ਯੂਨੀਵਰਸਿਟੀ ਨੇ ਜਾਅਲੀ ਵੈਟਰਨਰੀ ਡਿਪਲੋਮਾ ਸਰਟੀਫਿਕੇਟ ਦਿੱਤੇ ਹਨ ਕਿਉਂਕਿ ਪਿਛਲੇ

ਸਾਲ ਪੰਜਾਬ ਸਰਕਾਰ ਵੱਲੋਂ ਜੋ ਵੈਟਰਨਰੀ ਅਫਸਰਾਂ ਦੀ ਭਰਤੀ ਕੀਤੀ ਗਈ ਹੈ, ਉਸ ਲਈ ਸਰਕਾਰ ਦਾ ਇੱਕ ਨੋਟਿਸ ਅਖਬਾਰ ਵਿੱਚ ਪ੍ਰਕਾਸ਼ਿਤ ਹੋਇਆ ਸੀ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਤੋਂ ਕੋਰਸ ਕਰਨ ਵਾਲੇ ਵਿਦਿਆਰਥੀ ਇਸ ਨੌਕਰੀ ਦੇ ਹੱਕਦਾਰ ਨਹੀਂ ਹੋਣਗੇ। ਇਸ ਸਬੰਧ ਵਿੱਚ ਬਹੁਤ ਸਾਰੇ ਵਿਦਿਆਰਥੀ ਮੇਰੇ ਕੋਲ ਸ਼ਿਕਾਇਤ ਲੈ ਕੇ ਆਏ ਸਨ ਕਿ ਸਾਨੂੰ ਜਾਅਲੀ ਸਰਟੀਫਿਕੇਟ ਦੇਣ ਕਰਕੇ ਅਸੀਂ ਨੌਕਰੀ ਨਹੀਂ ਲੈ ਸਕੇ ਅਤੇ ਸਾਡੇ ਭਵਿੱਖ ਨਾਲ ਖਿਲਵਾੜ ਕੀਤਾ ਗਿਆ ਹੈ। ਇਸ ਕਰਕੇ ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਇਸ ਕੰਮ ਦੀ ਜਾਂਚ ਕਰਕੇ ਸਖਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਬਣਦਾ ਹੱਕ ਦਿਵਾਇਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਮਾਣਯੋਗ ਸਪੀਕਰ**: ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ।

*12.22 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਸ਼੍ਰੀ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਜਿਹੜਾ ਇਹ ਵੈਟਰਨਰੀ ਡਿਪਲੋਮੇ ਦਾ ਕੋਰਸ ਕਰਵਾਇਆ ਜਾਂਦਾ ਹੈ ਜਾਂ ਕਿਸੇ ਵੀ ਯੂਨੀਵਰਸਿਟੀ/ਕਾਲਜ ਵੱਲੋਂ ਕੋਈ ਵੀ ਜਿਹੜਾ ਕੋਰਸ ਕਰਵਾਇਆ ਜਾਂਦਾ ਹੈ, ਉਸ ਦਾ ਕੋਰਸ ਜਾਂ ਯੂ.ਜੀ.ਸੀ. ਜਾਂ ਹੋਰ ਕਾਊਂਸਲਜ਼ ਜਿਵੇਂ ਨਾਰਥ ਵਿੱਚ ਬਾਰ ਕਾਊਂਸਿਲ ਹੈ, ਮੈਡੀਕਲ ਕਾਊਂਸਿਲ ਹੈ, ਇੰਜੀਨੀਅਰਿੰਗ ਵਿੱਚ ਏ.ਆਈ.ਸੀ.ਟੀ.ਸੀ. ਹੈ, ਇਹ ਸਟੈਚੂਅਰੀ ਬਾਡੀਜ਼ ਦੇਖਦੀਆਂ ਹਨ। ਇਸ ਦਾ ਡਿਪਾਰਟਮੈਂਟ ਜਾਂ ਮੰਤਰਾਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਮਸਲੇ ਵਿੱਚ ਮੈਂ ਦੱਸਣਾ ਚਾਹਾਂਗਾ ਕਿ ਜਿਹੜਾ ਵੈਟਰਨਰੀ ਵਿਭਾਗ ਹੈ, ਉਸ ਵੱਲੋਂ 18.05.2022 ਨੂੰ ਇੱਕ ਨੋਟਿਸ ਕੱਢ ਕੇ ਕਿਹਾ ਗਿਆ ਸੀ ਕਿ ਇਸ ਯੂਨੀਵਰਸਿਟੀ ਵੱਲੋਂ ਜਿਹੜਾ ਡਿਪਲੋਮਾ ਕਰਵਾਇਆ ਜਾ ਰਿਹਾ ਹੈ, ਅਸੀਂ ਇਸ ਨੂੰ ਨਹੀਂ ਮੰਨਦੇ। ਇਹ ਵੈਟਰਨਰੀ ਵਿਭਾਗ ਵੱਲੋਂ ਨੋਟਿਸ ਕੱਢਿਆ ਗਿਆ ਹੈ ਜਿਸ ਦੇ ਖਿਲਾਫ ਇਹ ਯੂਨੀਵਰਸਿਟੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗਈ। ਸਿਵਿਲ ਰਿਟ ਪਟੀਸ਼ਨ 22254 ਆਫ 2022 ਪਾਈ। ਮਾਣਯੋਗ ਹਾਈ ਕੋਰਟ ਨੇ 18 ਨਵੰਬਰ, 2022 ਨੂੰ ਇਸ ਮਸਲੇ ਦੇ ਉੱਤੇ ਸਟੇਅ ਲਗਾ ਦਿੱਤਾ ਹੈ। ਉਸ ਤੋਂ ਬਾਅਦ ਯੂਨੀਵਰਸਿਟੀ ਨੇ ਇਸ ਕੋਰਸ ਵਿੱਚ ਕੋਈ ਵੀ ਨਵਾਂ ਦਾਖਲਾ ਨਹੀਂ ਲਿਆ। ਜਿਹੜਾ ਪੁਰਾਣਾ ਮਸਲਾ ਹੈ, ਉਹ ਇਸ ਵਕਤ ਮਾਣਯੋਗ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ। ਇਹ ਮਸਲਾ ਸਬ-ਜੁਡਿਸ ਹੈ, ਇਸ ਉੱਤੇ ਮੈਂ ਹੋਰ ਕੁਝ ਨਹੀਂ ਕਹਿ ਸਕਦਾ। ਇਹ ਸਾਰੀ ਇਸ ਮਾਮਲੇ ਦੀ ਤਸਵੀਰ ਹੈ। ਇਸ ਕੋਰਸ ਦੀ ਜਾਂਚ ਬਾਰੇ ਵੈਟਰਨਰੀ ਵਿਭਾਗ ਸਹੀ ਦੱਸ ਸਕਦਾ ਹੈ ਕਿ ਉਸ ਨੂੰ ਇਸ ਉੱਤੇ ਕੀ ਆਪੱਤੀ ਸੀ।

**ਪ੍ਰੋਫੈਸਰ ਬਲਜਿੰਦਰ ਕੌਰ**: ਥੈਂਕ ਯੂ, ਮੰਤਰੀ ਸਾਹਿਬ। ਕਿਤੇ ਨਾ ਕਿਤੇ ਇਹ ਸਾਰਾ under question mark ਆ ਜਾਂਦਾ ਹੈ ਜੀ। ਤਲਵੰਡੀ ਸਾਬੋ ਵਿੱਚ ਲਗਾਤਾਰ ਸਟੂਡੈਂਟਸ ਦੇ ਧਰਨੇ ਲੱਗੇ ਰਹੇ ਹਨ ਅਤੇ ਉਹ ਮੇਰੇ ਕੋਲ ਲਗਾਤਾਰ ਆਪਣੀਆਂ ਡਿਮਾਂਡਜ਼ ਲੈ ਕੇ ਆਉਂਦੇ ਹਨ ਕਿ ਉਨ੍ਹਾਂ ਦਾ ਫਿਊਚਰ ਕਿੱਥੇ ਕੁ ਖੜ੍ਹਾ ਹੈ, ਕਿੱਥੇ ਸਟੈਂਡ ਕਰਦਾ ਹੈ। ਮੈਨੂੰ ਲਗਦਾ ਹੈ ਕਿ ਇਹ ਸਾਡੀ ਗਵਰਨਮੈਂਟ ਦੀ ਜ਼ਿੰਮੇਵਾਰੀ ਫਿਕਸ ਹੋ ਜਾਂਦੀ ਹੈ। I don't know whether it comes under veterinary

department or ਭਾਵੇਂ ਉਹ ਮੰਤਰੀ ਸਾਹਿਬ ਦੇ ਅੰਡਰ ਹੈ ਪਰ ਸਾਡੀ ਗਵਰਨਮੈਂਟ ਦੀ ਜ਼ਿੰਮੇਵਾਰੀ ਇੰਨੀ ਕੁ ਫਿਕਸ ਹੁੰਦੀ ਹੈ ਕਿ ਅਸੀਂ ਉਨ੍ਹਾਂ ਬੱਚਿਆਂ ਦੇ ਫਿਊਚਰ ਬਾਰੇ ਸੋਚੀਏ ਅਤੇ ਅਸੀਂ ਉਨ੍ਹਾਂ ਨੂੰ respond ਕਰੀਏ। ਥੈਂਕ ਯੂ ਜੀ।

----------

**(ਕ੍ਰਮ ਨੰ. 22)**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਹਲਕਾ ਜਗਰਾਉਂ ਅਧੀਨ ਪੈਂਦੇ ਪਿੰਡਾਂ ਡੱਲਾ, ਬਾਰਦੇਕੇ, ਮਲਕ ਅਧੀਨ ਪੈਂਦੀ ਨਹਿਰ ਅਬੋਹਰ ਕੈਨਾਲ ਬ੍ਰਾਂਚ ਦੇ ਪੁਲਾਂ ਦੀ ਹਾਲਤ ਬਹੁਤ ਹੀ ਖਸਤਾ ਹੈ। ਬਹੁਤ ਸਾਰੇ ਪੁਲ ਅਜਿਹੇ ਹਨ ਜਿਨ੍ਹਾਂ ਉੱਪਰ ਲੋਕਾਂ ਦੀ ਸੁਰੱਖਿਆ ਵਾਸਤੇ ਕੋਈ ਬਾਊਂਡਰੀ ਵੀ ਨਹੀਂ ਹੈ। ਜਦੋਂ ਕਿ ਇਨ੍ਹਾਂ ਪੁਲਾਂ ਉੱਪਰ ਦੀ ਆਵਾਜਾਈ ਬਹੁਤ ਜ਼ਿਆਦਾ ਰਹਿੰਦੀ ਹੈ ਅਤੇ ਕਦੇ ਵੀ ਕੋਈ ਅਣ-ਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਸ ਲਈ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਨ੍ਹਾਂ ਪੁਲਾਂ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਜੀ।

1. ਲਿੰਕ ਸੜਕ ਗਗੜਾ ਤੋਂ ਬਾਰਦੇਕੇ - ਅਬੋਹਰ ਬ੍ਰਾਂਚ ਨਹਿਰ ਦਾ ਪੁਲ
2. ਲਿੰਕ ਸੜਕ ਕਾਉਂਕੇ ਕਲਾਂ ਤੋਂ ਡੱਲਾ - ਅਬੋਹਰ ਬ੍ਰਾਂਚ ਨਹਿਰ ਦਾ ਪੁਲ
3. ਲਿੰਕ ਸੜਕ ਮਲਕ ਤੋਂ ਬੋਦਲਵਾਲਾ - ਜੱਸੋਵਾਲ ਡਰੇਨ ਦਾ ਪੁਲ

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**1220/Kuldeep kaur/Abhishek gautam**

**ਮਾਣਯੋਗ ਡਿਪਟੀ ਸਪੀਕਰ**: ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਸਾਹਿਬ, ਖੇਤੀਬਾੜੀ ਮੰਤਰੀ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਰਾਜ ਦੇ ਵਾਸੀਆਂ ਨੂੰ ਚੰਗੀ ਮੋਟਰੇਬਲ ਸੜਕਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਵੇਲੇ ਪੰਜਾਬ ਰਾਜ ਵਿੱਚ 64,878 ਕਿਲੋਮੀਟਰ ਲੰਬਾਈ ਦੀ ਲਿੰਕ ਸੜਕਾਂ ਹਨ। ਲਿੰਕ ਸੜਕ ਗਗੜਾ ਤੋਂ ਬਾਰਦੇਕੇ, ਅਬੋਹਰ ਕੈਨਾਲ ਦੇ ਬਣੇ ਪੁਲ ਦੀ ਚੌੜਾਈ ਘੱਟ ਹੈ। ਇਸ ਪੁਲ ਦੀ ਹਾਲਤ ਖਰਾਬ ਹੈ। ਇਸ ਨਹਿਰ ਤੇ 58 ਮੀਟਰ ਲੰਬਾਈ ਦੇ ਪੁਲ ਦੀ ਉਸਾਰੀ ਦੇ ਲਗਭਗ ਸਾਢੇ ਛੇ ਕਰੋੜ ਰੁਪਏ ਦਾ ਖਰਚਾ ਹੋਵੇਗਾ। ਭਾਰਤ ਸਰਕਾਰ ਵੱਲੋਂ ਆਰ.ਡੀ.ਐਫ. ਨਾ ਦਿੱਤੇ ਜਾਣ ਕਾਰਨ, ਫੰਡਾਂ ਦੀ ਘਾਟ ਹੋਣ ਕਾਰਨ ਸੜਕਾਂ ਅਤੇ ਪੁਲਾਂ ਦੇ ਮੁਰੰਮਤ ਦੇ ਅਣਡਿਊ ਕੰਮ ਨਹੀਂ ਕਰਵਾਏ ਜਾ ਸਕੇ। ਫੰਡਾਂ ਦਾ ਪ੍ਰਬੰਧ ਹੋਣ ਤੇ ਇਸ ਪੁਲ ਦੀ ਮੁੜ ਉਸਾਰੀ ਦਾ ਕੰਮ ਕਰਨ ਬਾਰੇ ਵਿਚਾਰ ਲਿਆ ਜਾਵੇਗਾ। ਲਿੰਕ ਸੜਕ ਕਾਉਂਕੇ ਕਲਾਂ ਤੋਂ ਡੱਲਾ ਨੂੰ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ 21 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕਰਕੇ ਅਪਗ੍ਰੇਡ ਕੀਤਾ ਜਾ ਰਿਹਾ ਹੈ। ਇਸ ਸੜਕ ਤੇ ਪੈਂਦੀ ਅਬੋਹਰ ਕੈਨਾਲ ਤੇ 90 ਮੀਟਰ ਲੰਬਾਈ ਦੇ ਪੁਲ ਦੀ ਲਗਭਗ 10 ਕਰੋੜ ਰੁਪਏ ਦੀ ਲਾਗਤ ਨਾਲ

ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਉਸਾਰੀ ਕਰਨ ਲਈ ਤਖਮੀਨਾ ਭਾਰਤ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਰਿਹਾ ਹੈ। ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਣ ਤੇ ਇਸ ਪੁਲ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ। ਲਿੰਕ ਸੜਕ ਮਲਕ ਤੋਂ ਬੋਦਲਵਾਲਾ ਦੇ ਪੈਂਦੀ ਜੱਸੋਵਾਲ ਡਰੇਨ ਤੇ 1 ਕਰੋੜ 80 ਲੱਖ ਰੁਪਏ ਦੀ ਲਾਗਤ ਨਾਲ 40 ਮੀਟਰ ਲੰਬਾਈ ਦੇ ਪੁਲ ਦੀ ਉਸਾਰੀ ਪੰਜਾਬ ਮੰਡੀ ਬੋਰਡ ਫੰਡਾਂ ਵਿੱਚੋਂ ਅਪ੍ਰੈਲ 2024 ਵਿੱਚ ਕੀਤੀ ਜਾ ਚੁੱਕੀ ਹੈ।

**ਮਾਣਯੋਗ ਡਿਪਟੀ ਸਪੀਕਰ**: ਮਿਹਰਬਾਨੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਡਿਪਟੀ ਸਪੀਕਰ ਸਾਹਿਬ, ਪਿੰਡ ਗਗੜਾ ਤੋਂ ਬਾਰਦੇਕੇ ਵਿੱਚ ਇੱਕ ਪੁਲ ਪੈਂਦਾ ਹੈ, ਇਹ ਪੁਲ ਇੰਨਾ ਨੀਵਾਂ ਹੈ ਕਿ ਬਰਸਾਤਾਂ ਦੇ ਵਿੱਚ ਪਾਣੀ ਪੁਲ ਦੇ ਉਪਰ ਤੋਂ ਜਾਂਦਾ ਹੈ, ਪੂਰਾ ਬਾਰਦੇਕੇ ਪਿੰਡ, ਜਿਹੜਾ 2 ਤੋਂ 3 ਬੂਥਾਂ ਦਾ ਪਿੰਡ ਹੈ, ਉਨ੍ਹਾਂ ਦੀ ਆਵਾਜਾਈ ਬਿਲਕੁਲ ਠੱਪ ਹੋ ਜਾਂਦੀ ਹੈ। ਜੇਕਰ ਕੋਈ ਗਲਤੀ ਨਾਲ ਉਸ ਪੁਲ ਤੋਂ ਨਿਕਲਦਾ ਵੀ ਹੈ ਤਾਂ ਕੋਈ ਅਣ-ਸੁਖਾਵੀਂ ਘਟਨਾ ਵਾਪਰ ਸਕਦੀ ਹੈ। ਮੇਰੀ ਮੰਤਰੀ ਸਾਹਿਬ ਨੂੰ ਇਹੋ ਬੇਨਤੀ ਹੈ ਕਿ ਭਾਰਤ ਸਰਕਾਰ ਜੋ ਸਾਡੇ ਨਾਲ ਕਰ ਰਹੀ ਹੈ, ਉਹ ਕਰ ਰਹੀ ਹੈ, ਸਾਨੂੰ ਸਾਰਿਆਂ ਨੂੰ ਪਤਾ ਹੈ। ਇਸ ਸਬੰਧੀ ਕਿਧਰੋਂ ਨਾ ਕਿਧਰੋਂ ਖਰਚਾ ਕੱਢ ਕੇ ਆਪਣੇ ਪੁਲ ਦੀ ਉਸਾਰੀ ਜਲਦ ਤੋਂ ਜਲਦ ਕਰਵਾਈਏ ਤਾਂ ਕਿ ਕੋਈ ਅਣ-ਸੁਖਾਵੀਂ ਘਟਨਾ ਨਾ ਵਾਪਰੇ। ਸਰ, ਇੱਕ ਇਨ੍ਹਾਂ ਨੇ ਡੱਲਾ ਤੇ ਪੈਂਦੇ ਪੁਲ ਦਾ ਪਰਪੋਜ਼ਲ ਭੇਜਿਆ ਹੋਇਆ ਹੈ, ਕਿਰਪਾ ਕਰਕੇ ਉਸ ਦੇ ਵੱਲ ਵੀ ਧਿਆਨ ਦੇ ਦੇਣ।

------

## PAPERS LAID ON THE TABLE OF THE HOUSE

**ਮਾਣਯੋਗ ਡਿਪਟੀ ਸਪੀਕਰ**: ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)**: ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. **III** ਅਧੀਨ ਦਰਸਾਏ ਗਏ ਕ੍ਰਮ ਨੰ. 1 ਤੋਂ 7 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

**1.** ਸਾਲ 2022-23 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 ਅਧੀਨ ਲੋੜੀਂਦਾ ਹੈ।

**2.** ਸਾਲ 2021-22 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਅਤੇ ਆਡਿਟ ਰਿਪੋਰਟ ਦਾ ਸਲਾਨਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਐਕਟ, 1998 ਦੀ ਧਾਰਾ 34 (4) ਅਧੀਨ ਲੋੜੀਂਦਾ ਹੈ।

**3.** ਸਾਲ 2021-22 ਲਈ ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 20ਵੀਂ ਸਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀ ਐਕਟ, 2013 ਦੀ ਧਾਰਾ 394 (1) ਅਧੀਨ ਲੋੜੀਂਦਾ ਹੈ।

**4.** ਸਾਲ 2022-23 ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ **(ਸੋਧਨਾ) ਐਕਟ,** 2017 **(ਮੂਲ ਐਕਟ, 1969)** ਦੀ ਧਾਰਾ 19 (5) ਅਧੀਨ ਲੋੜੀਂਦਾ ਹੈ।

**5.** ਸਾਲ 2022-23 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ **13**ਵੀਂ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ**,** ਜਿਵੇਂ ਕਿ ਕੰਪਨੀ ਐਕਟ**, 2013** ਦੀ ਧਾਰਾ **395 (2)** ਅਧੀਨ ਲੋੜੀਂਦਾ ਹੈ।

**6.** ਸਾਲ 2021-22 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਲਾਨਾ ਪ੍ਰਬੰਧਕੀ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਜਲ **(**ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ**),** ਐਕਟ 1974 ਦੀ ਧਾਰਾ **39(2)** ਅਧੀਨ ਲੋੜੀਂਦਾ ਹੈ।

**7.** ਸਾਲ 2022-23 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਲਾਨਾ ਪ੍ਰਬੰਧਕੀ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ**,** ਜਿਵੇਂ ਕਿ ਜਲ **(**ਪ੍ਰਦੂਸ਼ਣ ਦੀ ਰੋਕਥਾਮ ਤੇ ਕੰਟਰੋਲ**),** ਐਕਟ **1974** ਦੀ ਧਾਰਾ **39(2)** ਅਧੀਨ ਲੋੜੀਂਦਾ ਹੈ।

------

## LEGISLATIVE BUSINESS

**ਮਾਣਯੋਗ ਡਿਪਟੀ ਸਪੀਕਰ**: ਅਗਲੀ ਆਈਟਮ। ਵਿਧਾਨਕ ਕੰਮਕਾਰ।

**1. THE EAST PUNJAB WAR AWARDS (AMENDMENT) BILL, 2024**

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਰੱਖਿਆ ਸੇਵਾਵਾਂ ਭਲਾਈ ਮੰਤਰੀ ਬਿਲ ਪੇਸ਼ ਕਰਨਗੇ।

**ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ ਭਲਾਈ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ)**: ਸ਼੍ਰੀਮਾਨ ਜੀ, ਮੈਂ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧ) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਜੇਕਰ ਸਦਨ ਦੀ ਸਹਿਮਤੀ ਹੋਵੇ, ਅੱਜ ਦੇ ਨਿਸ਼ਚਿਤ ਦੋ ਬਿਲ ਪੇਸ਼ ਕਰ ਲਏ ਜਾਣ ਅਤੇ ਲੰਚ ਬ੍ਰੇਕ ਲੈ ਲਈ ਜਾਵੇ ਅਤੇ ਬ੍ਰੇਕ ਤੋਂ ਬਾਅਦ ਬਹਿਸ ਕਰ ਲਈ ਜਾਵੇ।

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਮਾਣਯੋਗ ਡਿਪਟੀ ਸਪੀਕਰ**: ਸੀ.ਐਮ. ਸਾਹਿਬ ਅਗਲਾ ਬਿਲ ਪੇਸ਼ ਕਰਨ।

**1225/Pawan sharma/Abhishek gautam**

**2. THE PUNJAB APARTMENT AND PROPERTY REGULATION (AMENDMENT) BILL, 2024**

**ਮਾਣਯੋਗ ਡਿਪਟੀ ਸਪੀਕਰ**: ਸੀ.ਐਮ. ਸਾਹਿਬ ਅਗਲਾ ਬਿਲ ਵੀ ਪੇਸ਼ ਕਰਨ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਸ੍ਰੀਮਾਨ ਜੀ, ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2024 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2024 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਸ ਨੂੰ ਥੋੜ੍ਹਾ ਜਿਹਾ ਸੌਖਾ, ਆਸਾਨ ਲਫਜ਼ਾਂ ਵਿਚ ਕਹਾਂ ਤਾਂ ਇਹ ਐਨ.ਓ.ਸੀ. ਵਾਲਾ ਬਿਲ ਹੈ ਜਿਸ ਵਿਚ ਜਿਹੜੀਆਂ ਕਾਲੋਨੀਆਂ ਬਣਾਈਆਂ ਗਈਆਂ ਸਨ, ਬਾਅਦ ਵਿੱਚ ਪਤਾ ਲੱਗਾ ਕਿ ਉਹ ਕਾਲੋਨੀਆਂ ਇਲਲੀਗਲ ਸੀ ਪਰ ਉਥੇ ਆਮ ਲੋਕਾਂ ਦੇ ਜ਼ਿੰਦਗੀ ਭਰ ਦੇ ਪੈਸੇ, ਕਮਾਈਆਂ ਲੱਗੀਆਂ ਹੋਈਆਂ ਹਨ ਪਰ ਹੁਣ ਉਥੇ ਰਜਿਸਟਰੀਆਂ ਨਹੀਂ ਹੁੰਦੀਆਂ, ਬਿਜਲੀ ਦੇ ਮੀਟਰ ਨਹੀਂ ਲੱਗਦੇ, ਸੀਵਰੇਜ ਨਹੀਂ ਪੈਂਦੇ ਅਤੇ ਲਾਈਟਾਂ ਵੀ ਨਹੀਂ ਲੱਗਦੀਆਂ। ਇਹ ਐਨ.ਓ.ਸੀ. ਵਾਲਾ ਬਿਲ ਹੈ, ਜਿਸ ਦਾ ਨਾਂ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2024 ਹੈ ਜੋ ਸਰਕਾਰ ਨੇ ਤਿਆਰ ਕਰ ਲਿਆ ਹੈ, ਇਹ ਮੈਂ ਪੇਸ਼ ਕਰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਉਸ ਦੇ ਉਤੇ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2024 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

**SHORT ADJOURNMENT OF THE HOUSE**

**ਮਾਣਯੋਗ ਡਿਪਟੀ ਸਪੀਕਰ**: ਪਹਿਲਾਂ ਇਕ ਬੁਲਾਰਾ ਬੁਲਾ ਲਈਏ ਜਾਂ ਜੇਕਰ ਪ੍ਰਵਾਨ ਹੋਵੇ ਤਾਂ ਬਿਲ ਉਤੇ ਲੰਚ ਬਰੇਕ ਤੋਂ ਬਾਅਦ ਬਹਿਸ ਕਰ ਲਈਏ ਜੀ ?

(**ਅਵਾਜ਼ਾਂ**: ਲੰਚ ਬ੍ਰੇਕ ਤੋਂ ਬਾਅਦ ਬਹਿਸ ਕਰ ਲੈਂਦੇ ਹਾਂ ਜੀ)

**ਮਾਣਯੋਗ ਡਿਪਟੀ ਸਪੀਕਰ**: ਸਦਨ ਦੀ ਬੈਠਕ ਅੱਜ ਮਿਤੀ 3 ਸਤੰਬਰ, 2024 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤੀ ਜਾਂਦੀ ਹੈ।

*12.31 ਵਜੇ ਬਾ: ਦੁ: (*ਇਸ ਸਮੇਂ ਸਦਨ ਮਿਤੀ 3 ਸਤੰਬਰ, 2024 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

**1230/Jaspal Singh/BS khokhar**

**1430/Beant kaur**

*2.30 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

**ਮਾਣਯੋਗ ਸਪੀਕਰ :** ਹੁਣ ਬਿਲਾਂ ਤੇ ਬਹਿਸ ਹੋਵੇਗੀ।

**THE EAST PUNJAB WAR AWARDS (AMENDMENT) BILL, 2024 *(Resumption)***

**ਸਰਦਾਰ ਹਰਪਾਲ ਸਿੰਘ ਚੀਮਾ (ਵਿੱਤ ਮੰਤਰੀ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਤੁਸੀਂ ਅੱਜ ਇਸ ਇੰਪਾਰਟੈਂਟ ਬਿਲ ਦੀ ਅਮੈਂਡਮੈਂਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਵਿੱਚ ਬੜੇ ਲੰਬੇ ਅਰਸੇ ਤੋਂ ਪੰਜਾਬ ਦੇ ਲੋਕਾਂ ਵਿੱਚ ਰੜਕਦਾ ਸੀ। ਸਰਕਾਰ ਦੇ ਲੈਵਲ ਤੇ ਬਹੁਤ ਮੀਟਿੰਗਾਂ ਹੋਈਆਂ, ਬੜੀ ਜੱਦੋਜਹਿਦ ਹੋਈ ਅਤੇ ਸਰਦਾਰ ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਫੈਸਲਾ ਕੀਤਾ ਕਿ ਐਨਓਸੀ ਦੇ ਨਾਂ ਤੇ ਪੰਜਾਬ ਵਿੱਚ ਲੋਕਾਂ ਦੀ ਖੱਜਲ ਖੁਆਰੀ ਹੁੰਦੀ ਹੈ।

**ਮਾਣਯੋਗ ਸਪੀਕਰ** : ਚੀਮਾ ਜੀ, ਆਪਾਂ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ) ਬਿਲ, 2024 ਤੇ ਵਿਚਾਰ ਕਰ ਰਹੇ ਹਾਂ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਦੂਜਾ ਬਿਲ ਵੀ ਪੇਸ਼ ਹੋਇਆ ਸੀ।

**ਮਾਣਯੋਗ ਸਪੀਕਰ** : ਦੋਨੋਂ ਪੇਸ਼ ਹੋਏ ਹਨ ਅਤੇ ਇਨ੍ਹਾਂ ਤੇ ਇਕੱਠੀ ਡਿਸਕਸ਼ਨ ਵੀ ਹੋ ਸਕਦੀ ਹੈ।

**ਵਿੱਤ ਮੰਤਰੀ** : ਤੁਸੀਂ ਦੂਜੇ ਬਿਲ ਨੂੰ ਪਹਿਲਾਂ ਕਰਵਾ ਲਓ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਹੁਣ ਕੌਣ ਬਹਿਸ ਤੇ ਬੋਲਣਾ ਚਾਹੁੰਦਾ ਹੈ। ਬਾਜਵਾ ਜੀ, ਤੁਸੀਂ ਸ਼ੁਰੂ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਪੀਕਰ ਸਾਹਿਬ, ਜਦੋਂ ਆਪਾਂ ਬਿਲ ਪੇਸ਼ ਕਰਦੇ ਹਾਂ ਤਾਂ ਉਸ ਤੋਂ ਥੋੜ੍ਹਾ ਜਿਹਾ ਪਹਿਲਾਂ ਮਨਿਸਟਰ ਸਾਹਿਬ ਆਪਾਂ ਨੂੰ ਜਾਣਕਾਰੀ ਦੇ ਦੇਣ, ਉਸ ਤੋਂ ਬਾਅਦ ਬਾਕੀ ਦੇ ਮੈਂਬਰ ਡਿਸਕਸ਼ਨ ਵਿੱਚ ਭਾਗ ਲੈ ਲੈਣ।

**ਮਾਣਯੋਗ ਸਪੀਕਰ** : ਹਾਂ ਜੀ। ਹੁਣ ਕੌਣ ਬਹਿਸ ਤੇ ਬੋਲੇਗਾ। ਹਾਂ ਜੀ, ਜੋੜਾਮਾਜਰਾ ਜੀ।

**ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ ਭਲਾਈ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜੰਗੀ ਜਗੀਰ ਦੀ ਰਾਸ਼ੀ ਪਹਿਲਾਂ 10,000/- ਰੁਪਏ ਸਾਲਾਨਾ ਸੀ, ਨੂੰ ਵਧਾ ਕੇ ਅੱਜ 20,000/- ਰੁਪਏ ਕਰਨ ਦਾ ਬਿਲ ਲੈ ਕੇ ਆਏ ਹਾਂ। ਪੰਜਾਬ ਸਰਕਾਰ ਵਲੋਂ ਦਿ ਈਸਟ ਪੰਜਾਬ ਵਾਰ ਅਵਾਰਡਜ਼ ਐਕਟ, 1948 ਅਧੀਨ ਉਨ੍ਹਾਂ ਮਾਪਿਆਂ ਨੂੰ ਜੰਗੀ ਜਗੀਰ ਦਿੱਤੀ ਜਾਂਦੀ ਹੈ, ਜਿਨ੍ਹਾਂ ਦੇ ਕੇਵਲ ਇਕੋ ਇਕ ਬੱਚੇ ਜਾਂ ਦੋ ਤੋਂ ਤਿੰਨ ਬੱਚਿਆਂ ਨੇ ਦੂਸਰੇ ਵਿਸ਼ਵ ਯੁੱਧ; ਰਾਸ਼ਟਰੀ ਸੰਕਟ, 1962 ਅਤੇ 1971 ਦੌਰਾਨ ਭਾਰਤੀ ਫੌਜ ਵਿੱਚ ਸੇਵਾ ਨਿਭਾਈ ਹੋਵੇ। ਇਸ ਐਕਟ ਦਾ ਮੁੱਖ ਮੰਤਵ ਪੰਜਾਬ ਦੇ ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਮਾਨਤਾ ਦੇਣਾ ਹੈ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਉਨ੍ਹਾਂ ਦੇ ਬੱਚਿਆਂ ਦੀ ਰਾਸ਼ਟਰ ਪ੍ਰਤੀ ਕੀਤੀ ਸ਼ਾਨਦਾਰ ਸੇਵਾ ਦੇ ਇਵਜ਼ ਦੇ ਸਨਮਾਨ ਵਜੋਂ ਜੰਗੀ ਜਗੀਰ ਪ੍ਰਦਾਨ ਕਰਨਾ ਹੈ, ਜੋ ਕਿ ਸਾਲਾਨਾ ਵਿਤੀ ਸਹਾਇਤਾ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਵੱਧਦੀ ਮਹਿੰਗਾਈ ਦੇ ਮੱਦੇਨਜ਼ਰ ਸਮੇਂ ਸਮੇਂ ਸਿਰ ਦਿੱਤੀ ਜਾਣ ਵਾਲੀ ਜਗੀਰ ਦੀ ਰਾਸ਼ੀ ਵਿੱਚ ਵਾਧਾ ਕੀਤਾ ਜਾਂਦਾ ਰਿਹਾ ਹੈ। ਇਸ ਵਿੱਚ ਸਮੇਂ ਅਨੁਸਾਰ ਜਿਵੇਂ ਜਿਵੇਂ ਵਾਧਾ ਕੀਤਾ ਗਿਆ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ -

ਸਾਲ 1948 ਵਿੱਚ 100/- ਰੁਪਿਆ

ਸਾਲ 1967 ਵਿੱਚ 150/- ਰੁਪਿਆ

1.4.1981 ਤੋਂ 300/- ਰੁਪਿਆ

1.7.1992 ਤੋਂ 500/- ਰੁਪਿਆ

1.10.1995 ਤੋਂ 1200/- ਰੁਪਿਆ

1.10.2004 ਤੋਂ 5000/- ਰੁਪਿਆ

28.6.2013 ਤੋਂ 10,000/- ਰੁਪਿਆ

ਵਾਰ ਜਗੀਰ ਦੇ ਲਾਭਪਾਤਰੀਆਂ ਨੂੰ ਦਿੱਤੀ ਜਾ ਰਹੀ ਮਾਲੀ ਸਹਾਇਤਾ ਨੂੰ 10,000/- ਰੁਪਏ ਤੋਂ ਵਧਾ ਕੇ 20,000/- ਰੁਪਏ ਸਾਲਾਨਾ ਕਰਨ ਲਈ ਮੈਮੋਰੰਡਮ ਮਿਤੀ 22.2.2024 ਨੂੰ ਕੈਬਿਨਟ ਵਲੋਂ ਪ੍ਰਵਾਨ ਕੀਤਾ ਗਿਆ ਹੈ। ਦਿ ਈਸਟ ਪੰਜਾਬ ਵਾਰ ਅਵਾਰਡਜ਼ ਐਕਟ, 1948 ਦੀ ਸੋਧ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਹੈ।

**ਮਾਣਯੋਗ ਸਪੀਕਰ** : ਬਾਜਵਾ ਸਾਹਿਬ, ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਇਹ ਗੌਰਮਿੰਟ ਦਾ ਬਹੁਤ ਅੱਛਾ ਕਦਮ ਹੈ ਅਤੇ ਅਸੀਂ ਇਸ ਨੂੰ ਵੈਲਕਮ ਕਰਦੇ ਹਾਂ। ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਟੋਟਲ ਬੈਨੀਫਿਸ਼ਰੀਜ਼ ਦਾ ਨੰਬਰ ਦੱਸ ਸਕਦੇ ਹਨ?

**ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ ਭਲਾਈ ਮੰਤਰੀ:** ਸਪੀਕਰ ਸਾਹਿਬ, near about 83 ਦੇ ਕਰੀਬ ਬੈਨੀਫਿਸ਼ਰੀਜ਼ ਹਨ।

**1430/Beant kaur/Rajneesh kumar**

**ਮਾਣਯੋਗ ਸਪੀਕਰ:** ਹੋਰ ਕੋਈ ਮਾਣਯੋਗ ਮੈਂਬਰ ਸਾਹਿਬਾਨ ਇਸ ਤੇ ਬਹਿਸ ਕਰਨਾ ਚਾਹੁੰਦੇ ਹਨ?

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):** ਸਪੀਕਰ ਸਾਹਿਬ, ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਮੰਤਰੀ ਸਾਹਿਬ ਨੇ ਜੋ ਪ੍ਰਸਤਾਵ ਕਾਨੂੰਨ ਬਣਾਉਣ ਵਾਸਤੇ ਰੱਖਿਆ ਹੈ, ਇਹ ਦਿ ਈਸਟ ਪੰਜਾਬ ਵਾਰ ਅਵਾਰਡਜ਼ ਐਕਟ, 1948 ਵਿੱਚ ਸੋਧ ਸਬੰਧੀ ਹੈ। ਸਰ, ਇਹ ਦੂਜੀ ਸੰਸਾਰ ਜੰਗ ਵਿੱਚ ਅਤੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਸਾਲ 1948 ਵਿੱਚ ਇੰਡੋ ਪਾਕਿਸਤਾਨ ਵਾਰ ਦੌਰਾਨ ਜਿਹੜੇ ਸਾਡੇ ਕਾਫ਼ੀ ਫੌਜੀ ਸ਼ਹੀਦ ਹੋ ਗਏ ਸੀ, ਉਨ੍ਹਾਂ ਮਾਪਿਆਂ ਦੇ ਬੱਚਿਆਂ ਵਾਸਤੇ ਕਾਫ਼ੀ ਵੱਡੀ ਰਾਹਤ ਹੋਵੇਗੀ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਠਿੰਡੇ ਦੇ ਵਿੱਚ ਇੱਕ ਫੌਜੀ ਵਾਲਾ ਬੁੱਤ ਲੱਗਿਆ ਹੋਇਆ ਹੈ। ਉਹ ਸਰਦਾਰ ਨੰਦ ਸਿੰਘ ਜਮਾਂਦਾਰ ਸੀ ਜੋ ਕਿ ਸਾਡੇ ਬੁੱਢਲਾਡੇ ਦੇ ਵਿੱਚ ਪਿੰਡ ਬਹਾਦਰਪੁਰ ਦਾ ਜੰਮਪਲ ਸੀ। ਉਸ ਦੀ ਵੱਡੀ ਗੱਲ ਇਹ ਹੈ ਕਿ ਉਸਨੇ ਬਰਮਾ ਕੰਪੇਨ ਵਿੱਚ, ਇੰਡੀਆ ਪਾਕਿਸਤਾਨ ਵਾਰ ਸੰਨ 1947 ਅਤੇ ਉਸ ਤੋਂ ਪਹਿਲਾਂ ਯੂਨਿਟ ਸਿੱਖ ਰੈਜੀਮੈਂਟ ਦੇ ਵਿੱਚ ਕੰਮ ਕੀਤਾ ਸੀ। ਉਸ ਨੂੰ ਵਿਕਟੋਰੀਆ ਕਰਾਸ ਦਾ ਅਵਾਰਡ ਮਿਲਿਆ ਹੋਇਆ ਹੈ ਜੋ ਕਿ ਬ੍ਰਿਟਿਸ਼ ਦੇ ਵਿੱਚ ਹਾਈਐਸਟ ਅਵਾਰਡ ਹੈ। ਉਸ ਤੋਂ ਬਾਅਦ ਜਦੋਂ ਦੇਸ਼ ਅਜ਼ਾਦ ਹੋ ਗਿਆ, ਜਦੋਂ ਉਸ ਨੇ ਸਾਲ 1948 ਦੇ ਵਿੱਚ ਜੰਗ ਲੜੀ, ਉਸ ਨੂੰ ਮਹਾਂਵੀਰ ਚੱਕਰ ਵੀ ਮਿਲਿਆ। ਉਸ ਸਰਦਾਰ ਨੰਦ ਸਿੰਘ ਜਮਾਂਦਾਰ ਦਾ ਜਿਹੜਾ ਬੁੱਤ ਹੈ, ਉਸ ਦਾ ਨਾਮ ਬਠਿੰਡੇ ਵਿੱਚ ਫੌਜੀ ਵਾਲਾ ਬੁੱਤ ਦੇ ਨਾਮ ਤੋਂ ਮਸ਼ਹੂਰ ਹੈ। ਪ੍ਰੰਤੂ ਉਸ ਮਹਾਨ ਨਾਇਕ ਦਾ ਪਿੰਡ ਬਹਾਦਰਪੁਰ ਹੈ ਜੀ। ਉਸ ਦੇ ਪਿੰਡ ਵਿੱਚ ਨਾ ਉਸਦਾ ਕੋਈ ਬੁੱਤ ਲੱਗਿਆ ਹੋਇਆ ਹੈ ਅਤੇ ਨਾ ਹੀ ਕੋਈ ਹੋਰ ਯਾਦਗਾਰ ਹੈ। ਸੋ, ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਹਾਦਰਪੁਰ ਪਿੰਡ ਜੋ ਕਿ ਬਰੇਟਾ ਦੇ ਬਿਲਕੁਲ ਨਾਲ ਹੈ, ਉਸ ਪਿੰਡ ਵਿੱਚ ਇਸ ਮਹਾਨ ਸ਼ਹੀਦ ਦਾ ਬੁੱਤ ਲਗਾਇਆ ਜਾਵੇ, ਜਿਸ ਨੇ ਉਸ ਵਕਤ ਵਿਕਟੋਰੀਆ ਕਰਾਸ ਜਿੱਤਿਆ ਸੀ ਅਤੇ ਮਹਾਂਵੀਰ ਚੱਕਰ ਵੀ ਪ੍ਰਾਪਤ ਕੀਤਾ। ਉਸ ਪਿੰਡ ਦੇ ਵਿੱਚ ਇਸ ਸ਼ਹੀਦ ਦੇ ਵਾਰਸਾਂ ਦੀ ਖੋਜ ਕਰਕੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਔਰ ਮੈਂ ਉਸ ਪਿੰਡ ਵਾਸਤੇ ਸਪੈਸ਼ਲ ਗਰਾਂਟ ਦੀ ਮੰਗ ਕਰਦਾ ਹਾਂ ਜੀ। ਮੈਂ ਇੰਨਾ ਕਹਿੰਦਾ ਹੋਇਆ ਇਜਾਜ਼ਤ ਲੈਂਦਾ ਹਾਂ ਜੀ। ਮੈਂ ਇਸੇ ਸਬੰਧ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਆਪ ਜੀ ਦਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਕੀ ਤੁਸੀਂ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ)ਬਿਲ, 2024 ਦਾ ਸਮਰਥਨ ਕਰਦੇ ਹੋ?

**ਪ੍ਰਿੰਸੀਪਲ ਬੁੱਧ ਰਾਮ** : ਹਾਂ ਜੀ, ਸਪੀਕਰ ਸਾਹਿਬ, ਮੈਂ ਇਸ ਬਿਲ ਦਾ ਸਮਰਥਨ ਕਰਦਾ ਹਾਂ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ:

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਣਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਣਯੋਗ ਸਪੀਕਰ:** ਹੁਣ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ ਭਲਾਈ ਮੰਤਰੀ (ਸਰਦਾਰ ਚੇਤਨ ਸਿੰਘ ਜੌੜਾਮਾਜਰਾ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਈਸਟ ਪੰਜਾਬ ਵਾਰ ਅਵਾਰਡਜ਼ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

--------------------

**1435/Karamjit kaur/Rajneesh kumar**

**THE PUNJAB APARTMENT AND PROPERTY REGULATION (AMENDMENT) BILL, 2024 *(Resumption)***

**ਮਾਣਯੋਗ ਸਪੀਕਰ:** ਹੁਣ, ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧਨਾ) ਬਿਲ, 2024 ਤੇ ਬਹਿਸ, ਜੇਕਰ ਕੋਈ ਹੋਵੇ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਬਹੁਤ ਧੰਨਵਾਦ। ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ ਐਕਟ, 1995 ਵਿਚ ਜਿਹੜੀ ਸੋਧ ਅੱਜ ਮਾਣਯੋਗ ਮੁੱਖ ਮੰਤਰੀ ਜੀ ਨੇ ਲਿਆਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੀ ਇਕਾਨਮੀ ਨੂੰ ਸੁਧਾਰਨ ਵਿਚ ਇਕ ਬਹੁਤ ਵੱਡਾ ਕਦਮ ਹੈ। ਪੰਜਾਬ ਵਿਚ ਜਿਹੜੀ ਐਨ.ਓ.ਸੀ. ਦੀ ਕੰਡੀਸ਼ਨ ਲੱਗੀ ਹੋਈ ਸੀ, ਉਸ ਤੋਂ ਬਹੁਤ ਵੱਡੀ ਰਾਹਤ ਪੰਜਾਬ ਦੇ ਉਨ੍ਹਾਂ ਲੋਕਾਂ ਨੂੰ ਮਿਲੇਗੀ ਜੋ ਮਿਹਨਤ ਮੁਸ਼ੱਕਤ ਕਰਕੇ 500 ਗਜ਼, 200 ਗਜ਼, 150 ਗਜ਼ ਜਾਂ 100 ਗਜ਼ ਦੇ ਛੋਟੇ ਪਲਾਟ ਖਰੀਦਦੇ ਹਨ। ਉਨ੍ਹਾਂ ਨੂੰ ਅੱਜ ਪੰਜਾਬ ਵਿਚ ਵੱਡੀ ਰਾਹਤ ਮਿਲੀ ਹੈ। (ਥੰਪਿੰਗ) ਸੋ, ਮੈਂ ਇਸ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਆਮ ਲੋਕਾਂ ਬਾਰੇ ਸੋਚਿਆ ਅਤੇ ਇਹ ਸੋਧ ਲਿਆਂਦੀ। ਇਹ ਜਿਹੜਾ ਪਾਪਰਾ ਐਕਟ ਸਾਲ 1995 ਵਿਚ ਬਣਿਆ ਸੀ, ਇਹ ਇਸ ਕਰਕੇ ਬਣਿਆ ਸੀ ਕਿ ਪੰਜਾਬ ਦੇ ਵਿਚ ਅਣਅਧਿਕਾਰਤ ਕਲੋਨੀਆਂ ਨਾ ਬਣਨ ਪਰ ਪਿਛਲੀਆਂ ਸਰਕਾਰਾਂ ਦੀਆਂ ਨਕਾਮੀਆਂ ਕਰਕੇ, ਚਾਹੇ ਬੀ.ਜੇ.ਪੀ.-ਅਕਾਲੀ ਦਲ ਦੀ ਸਰਕਾਰ ਹੋਵੇ, ਚਾਹੇ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ, ਉਨ੍ਹਾਂ ਦੇ ਸਮੇਂ ਵਿਚ ਵੱਡੇ ਪੱਧਰ ਤੇ ਪੰਜਾਬ ਵਿਚ ਗੈਰ ਕਾਨੂੰਨੀ ਕਲੋਨੀਆਂ ਬਣਦੀਆਂ ਰਹੀਆਂ। ਆਪਾਂ ਸਾਰੇ ਹੀ ਵੇਖਦੇ ਹਾਂ ਕਿ

ਗੈਰ ਕਾਨੂੰਨੀ ਕਲੋਨੀਆਂ ਕਰਕੇ ਸਾਨੂੰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਗੈਰ ਕਾਨੂੰਨੀ ਹੋਣ ਕਰਕੇ ਉੱਥੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਨਹੀਂ ਮਿਲਦੀਆਂ ਕਿਉਂਕਿ ਨਾ ਉੱਥੇ ਸੀਵਰੇਜ ਪੈਂਦਾ ਹੈ, ਨਾ ਬਿਜਲੀ ਦੇ ਕੁਨੈਕਸ਼ਨ ਹੁੰਦਾ ਹੈ ਨਾ ਪਰਾਪਰ ਸੜਕਾਂ ਹੁੰਦੀਆਂ ਹਨ ਸਗੋਂ 10-10 ਫੁੱਟ ਦੀਆਂ ਛੋਟੀਆਂ ਛੋਟੀਆਂ ਗਲੀਆਂ ਹੁੰਦੀਆਂ ਹਨ। ਕੁੱਝ ਕੁ ਲੋਕ ਜਿਵੇਂ ਪ੍ਰਾਪਰਟੀ ਡੀਲਰ ਆਦਿ ਆਪਣਾ ਫਾਇਦਾ ਕਮਾ ਕੇ, ਲੋਕਾਂ ਨੂੰ ਗੁਮਰਾਹ ਕਰ ਜਾਂਦੇ ਹਨ ਅਤੇ ਲੋਕ ਵਿਲਕਦੇ ਰਹਿੰਦੇ ਹਨ। ਅੱਜ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਉਨ੍ਹਾਂ ਗਰੀਬ ਲੋਕਾਂ ਦੀ ਬਾਂਹ ਫੜੀ ਹੈ, ਜਿਹੜੇ ਲੰਮੇ ਅਰਸੇ ਤੋਂ ਵਿਲਕਦੇ ਸੀ। ਸਪੀਕਰ ਸਾਹਿਬ, ਆਪਾਂ ਦੇਖਦੇ ਹਾਂ ਕਿ ਤਹਿਸੀਲਾਂ ਵਿਚ ਰਜਿਸਟਰੀਆਂ ਤੇ ਐਨ.ਓ.ਸੀ. ਦੀ ਕੰਡੀਸ਼ਨ ਹੋਣ ਕਾਰਨ, ਜਦੋਂ ਗਰੀਬ ਆਦਮੀ ਬਿਆਨਾ ਕਰਕੇ ਰਜਿਸਟਰੀ ਕਰਵਾਉਣ ਜਾਂਦਾ ਸੀ ਤਾਂ ਉਸ ਸਮੇਂ ਉਸਨੂੰ ਪਤਾ ਲਗਦਾ ਸੀ ਕਿ ਇਸ ਵਾਸਤੇ ਐਨ.ਓ.ਸੀ. ਲੈਣੀ ਸੀ ਜਾਂ ਜਿਹੜੇ ਪਲਾਟ ਦਾ ਮੈਂ 10-20-50 ਹਜ਼ਾਰ ਜਾਂ ਲੱਖ-ਦੋ ਲੱਖ ਬਿਆਨਾ ਦੇ ਦਿੱਤਾ ਉਹ ਪੈਸੇ ਮੇਰੇ ਚਲੇ ਗਏ ਕਿਉਂਕਿ ਇਸ ਦੀ ਰਜਿਸਟਰੀ ਨਹੀਂ ਹੋ ਸਕਦੀ। ਸੋ, ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਫੈਸਲਾ ਹੋਇਆ ਹੈ ਕਿ 500 ਗਜ਼ ਤੱਕ ਦੇ ਪਲਾਟ ਦੀਆਂ ਰਜਿਸਟਰੀਆਂ ਨੂੰ ਐਨ.ਓ.ਸੀ. ਦੀ ਸ਼ਰਤ ਤੋਂ ਮੁਕਤ ਕੀਤਾ ਗਿਆ ਹੈ। (ਥੰਪਿੰਗ) ਬਿਜਲੀ ਦਾ ਕੁਨੈਕਸ਼ਨ ਲੈਣਾ ਹੋਵੇ ਜਾਂ ਰਜਿਸਟਰੀ ਕਰਵਾਉਣੀ ਹੋਵੇ ਜਾਂ ਸੀਵਰੇਜ ਦਾ ਕੁਨੈਕਸ਼ਨ ਲੈਣਾ ਹੋਵੇ। ਇਹ ਬਹੁਤ ਵੱਡਾ ਫੈਸਲਾ ਹੋਇਆ ਹੈ। ਮੈਨੂੰ ਆਸ ਹੈ ਕਿ ਇਸ ਨਾਲ ਪੰਜਾਬ ਦੇ ਖਜ਼ਾਨੇ ਵਿਚ ਵੀ ਬਹੁਤ ਪੈਸਾ ਆਵੇਗਾ ਕਿਉਂਕਿ ਰਜਿਸਟਰੀਆਂ ਰੁਕੀਆਂ ਹੋਈਆਂ ਸਨ। ਸੇਲ ਡੀਡਜ਼ ਐਗਜ਼ੀਕਿਊਟ ਨਹੀਂ ਹੋ ਰਹੀਆਂ ਸਨ। ਹੁਣ ਇਸ ਨਾਲ ਪੰਜਾਬ ਦੇ ਖਜ਼ਾਨੇ ਵਿਚ ਪੈਸਾ ਆਵੇਗਾ ਅਤੇ ਇਸੇ ਪੈਸੇ ਨਾਲ ਅਸੀਂ ਪੰਜਾਬ ਵਿਚ ਸੀਵਰੇਜ, ਬਿਜਲੀ ਦੇ ਕੰਮ ਠੀਕ ਕਰਨ ਲਈ ਯਤਨ ਕਰਾਂਗੇ। ਸੋ, ਮੈਂ ਜਿੱਥੇ ਇਸ ਬਿਲ ਲਈ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਉੱਥੇ ਇਸ ਬਿਲ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ਕਿ ਇਸ ਬਿਲ ਨੂੰ ਤੁਰੰਤ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੀ ਗੱਲ ਕਰੀਏ ਤਾਂ ਮੁਲਕ ਅਜ਼ਾਦ ਹੋਣ ਤੋਂ ਬਾਅਦ ਸਾਡੇ ਇੰਪਰੂਵਮੈਂਟ ਟਰੱਸਟਾਂ ਅਤੇ ਹਾਊਸਿੰਗ ਬੋਰਡ ਵੱਲੋਂ ਡਿਵੈਲਪਮੈਂਟ ਕੀਤੀ ਜਾਂਦੀ ਰਹੀ ਹੈ। ਖਾਸ ਤੌਰ ਤੇ ਜਿਹੜਾ ਕਾਰਪੋਰੇਸ਼ਨ ਦਾ ਅੰਦਰਲਾ ਏਰੀਆ ਹੁੰਦਾ ਹੈ, ਉੱਥੇ ਇੰਪਰੂਵਮੈਂਟ ਟਰੱਸਟਾਂ ਵੱਲੋਂ ਕਲੋਨੀਆਂ ਕੱਟੀਆਂ ਜਾਂਦੀਆਂ ਸਨ ਅਤੇ ਕਾਰਪੋਰੇਸ਼ਨ ਤੋਂ ਬਾਹਰਲੇ ਏਰੀਏ ਵਿਚ ਹਾਊਸਿੰਗ ਬੋਰਡ ਵੱਲੋਂ ਕਲੋਨੀਆਂ ਕੱਟੀਆਂ ਜਾਂਦੀਆਂ ਸਨ। ਜੇਕਰ ਮੈਂ ਲੁਧਿਆਣੇ ਦੀ ਗੱਲ ਕਰਾਂ ਤਾਂ ਚਾਹੇ ਭਾਈ ਰਣਧੀਰ ਸਿੰਘ ਨਗਰ ਬਣਿਆ, ਚਾਹੇ ਸ਼ਹੀਦ ਭਗਤ ਸਿੰਘ ਨਗਰ ਬਣਿਆ, ਚਾਹੇ ਰਿਸ਼ੀ ਨਗਰ ਬਣਿਆ, ਚਾਹੇ ਤਾਜਪੁਰ ਰੋਡ ਤੇ ਡੇਅਰੀ ਕਲੋਨੀ ਬਣੀ, ਚਾਹੇ ਟਰਾਂਸਪੋਰਟ ਨਗਰ ਬਣਿਆ।

**1440/harpreet singh/Monika sharma**

ਸੋ, ਇਸ ਤਰ੍ਹਾਂ ਦੇ ਬਹੁਤ ਸਾਰੇ ਪ੍ਰੋਜੈਕਟ ਹਨ ਜਿਹੜੇ ਉਸ ਸਮੇਂ ਦੀ ਇੰਪਰੂਵਮੈਂਟ ਟਰੱਸਟ ਵੱਲੋਂ ਬਹੁਤ ਵਧੀਆ ਪਲਾਨਡ ਕਲੋਨੀਆਂ ਕੱਟੀਆਂ ਗਈਆਂ। ਇਸੇ ਤਰ੍ਹਾਂ ਹਾਊਸਿੰਗ ਬੋਰਡ ਕਾਰਪੋਰੇਸ਼ਨ ਵੱਲੋਂ ਵੀ ਬਹੁਤ ਸਾਰੇ ਪ੍ਰੋਜੈਕਟ ਬਣਾਏ ਗਏ। ਲੇਕਿਨ 1995 ਦੇ ਵਿੱਚ ਪਾਪਰਾ ਐਕਟ ਆਇਆ। ਫਿਰ ਪੁੱਡਾ ਹੋਂਦ ਦੇ ਵਿੱਚ ਆਇਆ ਤੇ ਅਪਰੂਵਡ ਕਲੋਨੀਆਂ ਨੂੰ ਸਰਕਾਰ

ਵੱਲੋਂ ਲਾਇਸੈਂਸ ਦੇਣੇ ਸ਼ੁਰੂ ਕੀਤੇ ਗਏ। ਲੇਕਿਨ ਅਨਐਪਰੂਵਡ ਤੇ ਕੋਈ ਰੋਕ ਨਹੀਂ ਲਗਾਈ ਗਈ। ਸਖਤੀ ਕਰਨੀ ਚਾਹੀਦੀ ਸੀ। ਇੱਕ ਪਾਸੇ ਜਿਹੜਾ ਐਪਰੂਵਡ ਕਲੋਨੀ ਕੱਟਦਾ ਹੈ ਉਸ ਨੂੰ ਵੇਸਟੇਜ ਵੀ ਵੱਧ ਛੱਡਣੀ ਪੈਂਦੀ ਹੈ, ਸਰਕਾਰ ਨੂੰ ਫੀਸਾਂ ਵੀ ਵੱਧ ਦੇਣੀਆਂ ਪੈਂਦੀਆਂ ਹਨ। ਲੇਕਿਨ ਪਿਛਲੇ ਸਮੇਂ ਦੇ ਵਿੱਚ ਜਦੋਂ ਐਪਰੂਵਡ ਵਾਲੇ ਦੇ ਸਾਹਮਣੇ ਕੋਈ ਅਨਐਪਰੂਵਡ ਕਲੋਨੀ ਕੱਟ ਦਿੰਦਾ ਹੈ, ਛੋਟੀਆਂ ਗਲੀਆਂ ਛੱਡ ਕੇ ਘੱਟ ਰੇਟ ਤੇ ਪਲਾਟ ਕੱਢ ਦਿੰਦਾ ਹੈ ਤਾਂ ਫਿਰ ਐਪਰੂਵਡ ਵਾਲਾ ਕਾਮਯਾਬ ਨਹੀਂ ਹੋ ਸਕਦਾ ਹੈ। ਸਰਕਾਰਾਂ ਜਿੰਨੀਆਂ ਵੀ ਰਹੀਆਂ, ਲੋਕਾਂ ਦੀ ਜਿੰਨੀ ਡਿਮਾਂਡ ਸੀ, ਸ਼ਹਿਰ ਵੱਧ ਰਹੇ ਸੀ, ਉਨ੍ਹਾਂ ਦੀ ਐਕਸਪੈਂਸ਼ਨ ਹੋ ਰਹੀ ਸੀ, ਉਨੀ ਸਪਲਾਈ ਨਹੀਂ ਦੇ ਸਕੀਆਂ। ਪਿਛਲੀ ਦਿਨੀਂ ਮੈਂ ਗਲਾਡਾ ਵਾਲਿਆਂ ਤੋਂ ਪੁੱਛ ਰਿਹਾ ਸੀ, ਗਲਾਡਾ ਨੇ ਵੀ ਕੁਝ ਕਲੋਨੀਆਂ ਪਿਛਲੇ ਸਮੇਂ ਦੇ ਵਿੱਚ ਕੱਟੀਆਂ ਸਨ, ਲੇਕਿਨ ਪਿਛਲੇ 15-20 ਸਾਲਾਂ ਤੋਂ ਗਲਾਡਾ ਨੇ ਲੁਧਿਆਣਾ ਦੇ ਵਿੱਚ ਕੋਈ ਪ੍ਰੋਜੈਕਟ ਨਹੀਂ ਕੱਟਿਆ। ਹਾਲਾਂਕਿ ਮੋਹਾਲੀ ਦੇ ਵਿੱਚ ਗਮਾਡਾ ਨੇ ਬਹੁਤ ਵਧੀਆ ਕੰਮ ਕੀਤਾ ਹੈ। ਮੋਹਾਲੀ ਦੀ ਸਿਟੀ ਇੱਕ ਪਲਾਨਟਡ ਸਿਟੀ ਬਣ ਰਹੀ ਹੈ। ਇਸ ਵਿੱਚ ਗਮਾਡਾ ਦਾ ਕਾਫੀ ਵੱਡਾ ਯੋਗਦਾਨ ਹੈ। ਇਸੇ ਕਰਕੇ ਇੱਥੇ ਅਨਐਪਰੂਵਡ ਕਲੋਨੀਆਂ ਵੀ ਘੱਟ ਬਣੀਆਂ ਹਨ। ਇੱਥੇ ਪ੍ਰਾਈਵੇਟ ਤੌਰ ਤੇ ਵੀ ਕਾਲੋਨਾਈਜ਼ਰਜ਼ ਨੇ ਵਧੀਆ ਕੰਮ ਕੀਤਾ ਹੈ। ਆਉਣ ਵਾਲੇ ਸਮੇਂ ਦੀ ਇਹ ਲੋੜ ਹੈ ਕਿ ਜਿਵੇਂ ਇਸ ਬਿਲ ਦੇ ਵਿੱਚ 500 ਗਜ਼ ਦੇ ਪਲਾਟਾਂ ਨੂੰ ਛੋਟ ਦਿੱਤੀ ਗਈ ਹੈ, ਉਸ ਦੇ ਨਾਲ ਹੀ ਜਿਸ ਦਾ 500 ਗਜ਼ ਤੋਂ ਉੱਪਰ 505 ਗਜ਼ ਦਾ ਪਲਾਟ ਹੈ, 600 ਗਜ਼ ਦਾ ਪਲਾਟ ਹੈ, 700 ਗਜ਼ ਦਾ ਪਲਾਟ ਹੈ, ਉਸ ਬਾਰੇ ਵੀ ਕਲੈਰਿਟੀ ਹੋਣੀ ਚਾਹੀਦੀ ਹੈ ਕਿ ਉਹ ਲੋਕ ਕੀ ਕਰਨਗੇ। ਸਰਕਾਰ ਇਸ ਗੱਲ ਨੂੰ ਜ਼ਰੂਰ ਕਲੀਅਰ ਕਰੇ ਕਿ ਜਿਸ ਕਿਸੇ ਦਾ ਵੀ ਪਲਾਟ 500 ਗਜ਼ ਤੋਂ ਉੱਪਰ ਦਾ ਹੈ ਉਹ ਕੀ ਕਰਨਗੇ? ਇਸ ਦੇ ਨਾਲ ਹੀ ਜਿਹੜਾ ਸ਼ਹਿਰਾਂ ਦਾ ਮਾਸਟਰ ਪਲਾਨ ਬਣਿਆ ਹੋਇਆ ਹੈ, ਮਾਸਟਰ ਪਲਾਨ ਦੇ ਵਿੱਚ ਜਿਹੜੀਆਂ ਸੜਕਾਂ ਛੱਡੀਆਂ ਗਈਆਂ ਹਨ, ਕਿਤੇ ਮਾਸਟਰ ਪਲਾਨ ਵਿੱਚ 60 ਫੁੱਟ ਰੋਡ ਹੈ, ਸਰਕਾਰੀ ਰਸਤਿਆਂ ਨੂੰ ਐਗਜ਼ਿਸਟ ਕੀਤਾ ਗਿਆ, ਕਿਤੇ 80 ਫੁੱਟ ਕੀਤਾ ਗਿਆ, ਕਿਤੇ 100 ਫੁੱਟ ਕੀਤਾ ਗਿਆ ਕਿਉਂਕਿ ਜਦੋਂ ਵੀ ਅਸੀਂ ਕਿਸੇ ਕਲੋਨੀ ਦੇ ਪ੍ਰੋਜੈਕਟ ਦਾ ਲਾਇਸੈਂਸ ਲੈਂਦੇ ਹਾਂ ਤਾਂ ਮਾਸਟਰ ਪਲਾਨ ਵਾਲੀ ਰੋਡ ਸਾਨੂੰ ਉਥੇ ਛੱਡਣੀ ਪੈਂਦੀ ਹੈ। ਰੋਡ ਤੋਂ ਬਿਨਾਂ ਉੱਥੇ ਪਰਾਪਰ ਕਲੋਨੀ ਨਹੀਂ ਬਣ ਸਕਦੀ ਜਦੋਂ ਤੱਕ ਅਸੀਂ ਮਾਸਟਰ ਪਲਾਨ ਦੀ ਰੋਡ ਤੇ ਪ੍ਰੋਜੈਕਟ ਨਹੀਂ ਕੱਟਦੇ। ਜੇ ਮਾਸਟਰ ਪਲਾਨ ਦੀ ਰੋਡ ਤੇ ਕਿਸੇ ਨੇ ਕੋਈ ਅਨਐਪਰੂਵਡ ਕਲੋਨੀ ਬਣਾਈ ਹੋਈ ਹੈ ਜਾਂ ਕਿਸੇ ਦੇ ਪਲਾਟ ਹਨ, ਉਸ ਦੀ ਕਲੈਰਿਟੀ ਜ਼ਰੂਰ ਹੋਣੀ ਚਾਹੀਦੀ ਹੈ। ਜਿਹੜੇ ਸ਼ਹਿਰਾਂ ਦੇ ਜਾਂ ਜ਼ਿਲ੍ਹਿਆਂ ਦੇ ਪਲੈਨਿੰਗ ਦੇ ਮਸਲੇ ਹਨ, ਇਸੇ ਤਰ੍ਹਾਂ ਜਿੱਥੇ ਡਰੇਨੇਜ ਹੈ, ਉਥੇ ਕਿਸੇ ਨੇ ਘਰ ਬਣਾਇਆ ਹੋਇਆ ਜਾਂ ਉਥੇ ਕੋਈ ਬਨਾਉਣ ਦੀ ਕੋਸ਼ਿਸ਼ ਕਰੇਗਾ। ਸੋ ਇਨ੍ਹਾਂ ਗੱਲਾਂ ਵੱਲ ਬੜਾ ਧਿਆਨ ਦੇਣ ਦੀ ਲੋੜ ਹੈ। ਜੇ ਅਸੀਂ ਆਉਣ ਵਾਲੇ ਸਮੇਂ ਦੇ ਵਿੱਚ ਚਾਹੁੰਦੇ ਹਾਂ ਕਿ ਸ਼ਹਿਰਾਂ ਦੀ ਪਰਾਪਰ ਡਿਵੈਲਪਮੈਂਟ ਹੋਵੇ, ਪਰਾਪਰ ਪਲੈਨਿੰਗ ਹੋਵੇ , ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜਿੱਥੇ ਜਿੱਥੇ ਵੀ ਮਾਸਟਰ ਪਲਾਨ ਦੀਆਂ ਰੋਡਜ਼ ਹਨ , ਜੇ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਪ੍ਰੋਜੈਕਟ ਪਾਸ ਕਰਵਾਉਣਾ ਤਾਂ ਸਾਨੂੰ ਰੋਡ ਛੱਡਣੀ ਪੈਣੀ ਹੈ। ਜਿਵੇਂ ਚਾਹੇ 100 ਫੁੱਟ ਰੋਡ ਮਾਸਟਰ ਪਲਾਨ ਵਿੱਚ ਹੋਵੇ ਤਾਂ ਉਹ ਰੋਡ ਪ੍ਰੋਜੈਕਟ ਪਾਸ ਕਰਵਾਉਣ ਵੇਲੇ ਛੱਡਣੀ ਪੈਣੀ ਹੈ, ਫਿਰ ਪ੍ਰੋਜੈਕਟ ਤਿਆਰ ਕਰ ਸਕਦੇ ਹਾਂ। ਉਸ ਤੋਂ ਅੱਗੇ ਜੇਕਰ ਲੁਧਿਆਣਾ ਜਾਂ ਕੋਈ ਹੋਰ ਸ਼ਹਿਰ ਹੈ, ਉਥੋਂ ਤੱਕ ਜ਼ਰੂਰ ਬੋਰਡ ਲੱਗੇ ਹੋਣੇ ਚਾਹੀਦੇ ਹਨ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਲਈ ਇਹ ਐਗਜ਼ਿਸਟਿੰਗ ਰੋਡਜ਼ ਹਨ। ਜੇ ਕਿਸੇ ਨੇ ਲਾਇਸੈਂਸ ਲੈਣਾ, ਉਸ ਨੂੰ ਗਲਾਡਾ ਆਫਿਸ ਜਾਣਾ ਪੈਣਾ ਤਾਂ ਉਸ ਨੂੰ ਪਤਾ ਲੱਗਣਾ ਹੈ। ਲੇਕਿਨ ਆਮ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ, ਲੋਕ ਇੰਨੇ ਕੁ ਅਵੇਅਰ ਹੋਣੇ ਚਾਹੀਦੇ ਹਨ ਕਿ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੱਥੇ ਆਉਣ ਵਾਲੇ ਸਮੇਂ ਵਿੱਚ 60 ਫੁੱਟ ਚੌੜੀ ਰੋਡ ਹੈ, ਇੱਥੇ 80 ਫੁੱਟ ਚੌੜੀ ਰੋਡ ਹੈ। ਕਿਸੇ ਵੀ ਵਿਅਕਤੀ ਵੱਲੋਂ ਕੰਸਟਰਕਸ਼ਨ ਕਰਨ ਤੋਂ ਪਹਿਲਾਂ ਖਾਸ ਤੌਰ ਤੇ ਚਾਹੇ ਉਹ ਪਿੰਡਾਂ ਦੇ ਵਿੱਚ ਕਰ ਰਿਹਾ ਹੈ, ਚਾਹੇ ਖੇਤਾਂ ਦੇ ਵਿੱਚ ਕਰ ਰਿਹਾ ਹੈ, ਉਨ੍ਹਾਂ ਨੂੰ ਇਸ ਗੱਲ ਦੀ

ਜਾਣਕਾਰੀ ਹੋਣੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਰਕਬਾ ਸੜਕ ਦਾ ਰਕਬਾ ਹੈ। ਉਥੇ ਪਹਿਲਾਂ ਹੀ ਕੋਈ ਇਸ ਤਰ੍ਹਾਂ ਦੀ ਕੰਸਟਰਕਸ਼ਨ ਨਾ ਹੋਵੇ ਤਾਂ ਜੋ ਬਾਅਦ ਦੇ ਵਿੱਚ ਕੋਈ ਨੁਕਸਾਨ ਹੋਵੇ। ਇਸ ਦੇ ਨਾਲ ਜੇਕਰ ਅਸੀਂ ਕੋਈ ਕਲੋਨੀ ਦਾ ਲਾਇਸੈਂਸ ਲੈਂਦੇ ਹਾਂ ਤਾਂ ਇੰਨਾਂ ਔਖਾ ਸਿਸਟਮ ਹੈ ਕਿ ਘੱਟੋ-ਘੱਟ ਲਾਇਸੈਂਸ ਲੈਣ ਲਈ 6 ਮਹੀਨੇ ਤੋਂ ਇੱਕ ਸਾਲ ਦਾ ਟਾਈਮ ਲੱਗਦਾ ਹੈ।

**1445/amandeep kaur/Monika sharma**

**1450/Tarlochan Singh**

ਹਰ ਵਿਭਾਗ ਦੀ ਐਨ.ਓ.ਸੀ. ਲੈਣੀ ਪੈਂਦੀ ਹੈ, ਚਾਹੇ ਉਹ ਪੀ.ਡਬਲਿਯੂ.ਡੀ. ਵਿਭਾਗ ਹੈ, ਚਾਹੇ ਮੰਡੀ ਬੋਰਡ ਹੈ, ਚਾਹੇ ਪਾਵਰਕਾਮ ਹੈ, ਜੰਗਲਾਤ ਵਿਭਾਗ ਹੈ ਅਤੇ ਚਾਹੇ ਪੰਚਾਇਤ ਵਿਭਾਗ ਹੈ। ਇਹ 27 ਵਿਭਾਗ ਹਨ ਜਿਨ੍ਹਾਂ ਤੋਂ ਐਨ.ਓ.ਸੀ. ਲੈਣੀ ਪੈਂਦੀ ਹੈ। ਇਹ ਕਾਫੀ ਔਖੀ ਪ੍ਰਕਿਰਿਆ ਹੈ। ਠੀਕ ਹੈ, ਤੁਸੀਂ ਪ੍ਰਕਿਰਿਆ ਰੱਖੋ ਪਰ ਇਹ ਪ੍ਰਕਿਰਿਆ ਫਾਸਟ ਟਰੈਕ ਹੋਣੀ ਚਾਹੀਦੀ ਹੈ। ਜਿਹੜਾ ਕੋਲੋਨਾਈਜ਼ਰ ਸਹੀ ਕੰਮ ਕਰ ਰਿਹਾ ਹੈ, ਉਸ ਨੂੰ ਪਹਿਲਾਂ ਜ਼ਮੀਨ ਖਰੀਦਣੀ ਪੈਂਦੀ ਹੈ, ਕਿਉਂਕਿ ਐਨ.ਓ.ਸੀ. ਲਈ ਉਸ ਦੀ 25% ਜ਼ਮੀਨ ਦੀ ਮਾਲਕੀ ਚਾਹੀਦੀ ਹੁੰਦੀ ਹੈ। ਬਾਕੀ 75% ਜ਼ਮੀਨ ਲਈ ਜ਼ਮੀਨ ਵੇਚਣ ਵਾਲੇ ਦੀ ਸਹਿਮਤੀ ਚਾਹੀਦੀ ਹੁੰਦੀ ਹੈ। ਉਹ ਆਪਣੀ ਸਹਿਮਤੀ ਉਦੋਂ ਦਿੰਦਾ ਹੈ ਜਦੋਂ ਸਾਰੀ ਪੇਮੈਂਟ ਹੋਈ ਹੁੰਦੀ ਹੈ। ਕਰੋੜਾਂ ਰੁਪਿਆ ਖਰਚ ਕਰਨ ਤੋਂ ਬਾਅਦ ਕੋਲੋਨਾਈਜ਼ਰ ਨੂੰ ਅਪਲਾਈ ਕਰਨਾ ਪੈਂਦਾ ਹੈ ਅਤੇ ਇਸ ਉਪਰੰਤ 1 ਸਾਲ ਉਡੀਕ ਕਰਨੀ ਪੈਂਦੀ ਹੈ। ਲਾਇਸੰਸ ਪ੍ਰਾਪਤ ਹੋਣ ਤੋਂ ਬਾਅਦ ਰੇਰਾ ਦਾ ਨੰਬਰ ਲੈਣ ਲਈ ਵੀ ਘੱਟੋ ਘੱਟ 3-4 ਮਹੀਨੇ ਦਾ ਸਮਾਂ ਲੱਗ ਰਿਹਾ ਹੈ। ਪਿੱਛੇ ਜਿਹੇ ਰੇਰਾ ਦੇ ਚੇਅਰਮੈਨ ਦੀ ਕਾਫੀ ਦੇਰ ਤੱਕ ਪੋਸਟਿੰਗ ਨਹੀਂ ਸੀ ਹੋਈ, ਜਿਸ ਕਰਕੇ ਬਹੁਤ ਸਾਰੇ ਕੋਲੋਨਾਈਜ਼ਰ ਜਿਹੜੇ ਕਿ ਅਪਰੂਵਡ ਕੰਮ ਕਰਦੇ ਹਨ, ਉਨ੍ਹਾਂ ਨੂੰ ਪ੍ਰਭਾਵਿਤ ਹੋਣਾ ਪਿਆ ਸੀ। ਸੋ, ਇਸ ਪਾਸੇ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪ੍ਰਕਿਰਿਆ ਨੂੰ ਫਾਸਟ ਟਰੈਕ ਕੀਤਾ ਜਾਵੇ। ਜੇਕਰ ਸਰਕਾਰ ਨੇ ਇਲੀਗਲ ਕਲੋਨੀਆਂ ਨੂੰ ਰੋਕਣਾ ਹੈ ਤਾਂ ਸਹੀ ਕੰਮ ਕਰਨ ਵਾਲੇ ਕੋਲੋਨਾਈਜ਼ਰਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਬਾਕੀ ਸ਼ਹਿਰਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਹੋਣਗੀਆਂ ਪਰ ਜੇਕਰ ਮੈਂ ਲੁਧਿਆਣਾ ਦੀ ਗੱਲ ਕਰਾਂ ਤਾਂ ਪਿਛਲੇ ਸਮੇਂ ਜਦੋਂ ਮਾਸਟਰ ਪਲਾਨ ਬਣਿਆ ਸੀ ਤਾਂ ਨਾਰਦਰਨ ਜ਼ੋਨ ਨੂੰ ਇੰਡਸਟਰੀ ਏਰੀਆ ਬਣਾ ਦਿੱਤਾ ਗਿਆ ਅਤੇ ਸਦਰਨ ਪਾਰਟ ਨੂੰ ਰੈਜ਼ੀਡੈਂਸ਼ੀਅਲ ਬਣਾ ਦਿੱਤਾ। ਹੁਣ ਤੁਸੀਂ ਸੋਚੋ ਕਿ ਜਿੱਥੇ ਇੰਨੇ ਵੱਡੇ ਪੱਧਰ ਤੇ ਇੰਡਸਟਰੀ ਬਣਨੀ ਹੈ ਉਥੇ ਕੰਮ ਕਰਨ ਵਾਲੀ ਲੇਬਰ ਦੇ ਰਹਿਣ ਲਈ ਵੀ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਲਈ ਮਾਸਟਰ ਪਲਾਨ ਵਿੱਚ ਕੁਝ ਸੋਧਾਂ ਕਰਨ ਦੀ ਲੋੜ ਹੈ। ਸੋ, ਇਹ ਬੜਾ ਜ਼ਰੂਰੀ ਹੈ ਕਿ ਜੇਕਰ ਸੈਂਕੜੇ ਏਕੜ ਵਿੱਚ ਇੰਨੀ ਵੱਡੀ ਇੰਡਸਟਰੀ ਲੱਗ ਰਹੀ ਹੈ ਤਾਂ ਉਥੇ ਲੇਬਰ ਦੇ ਰਹਿਣ ਲਈ ਵੀ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਉਸ ਲੇਬਰ ਨੂੰ 30-40 ਕਿਲੋਮੀਟਰ ਦੂਰ ਆਪਣੇ ਘਰ ਬਣਾਉਣੇ ਪੈਣ ਅਤੇ 30-40 ਕਿਲੋਮੀਟਰ ਦੂਰ ਤੋਂ ਕੰਮ ਕਰਨ ਲਈ ਇੰਡਸਟਰੀ ਜ਼ੋਨ ਵਿੱਚ ਜਾਣਾ ਪਵੇ। ਸੋ, ਇਸ ਤਰ੍ਹਾਂ ਦੇ ਜਿਹੜੇ ਮਸਲੇ ਹਨ, ਕਿਸੇ ਵੀ ਸ਼ਹਿਰ ਦੀ ਡਿਵਲੈਪਮੈਂਟ ਦੀ ਪਲਾਨਿੰਗ ਦੇ ਮਸਲੇ ਹਨ, ਇਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਅਨ-ਅਪਰੂਵਡ ਕਲੋਨੀਆਂ ਬਣੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਸਲੱਮਜ਼ ਹੀ ਬਣੇ ਹੋਏ ਹਨ ਅਤੇ ਇਹ ਸਰਕਾਰਾਂ ਲਈ ਬਹੁਤ ਵੱਡੀ ਸਿਰਦਰਦੀ ਬਣੇ ਹੋਏ ਹਨ। ਜਦੋਂ ਵੀ ਕੋਈ ਚੋਣ ਆਉਂਦੀ ਹੈ ਤਾਂ ਹਮੇਸ਼ਾ ਡਿਵੈਲਪਮੈਂਟ ਦੇ ਮਸਲੇ ਸਾਹਮਣੇ ਆਉਂਦੇ ਹਨ, ਚਾਹੇ ਉਹ ਸੜਕਾਂ ਦੇ ਮਸਲੇ ਹੋਣ, ਚਾਹੇ ਸੀਵਰੇਜ ਪੈਣ ਵਾਲਾ ਹੈ, ਚਾਹੇ ਵਾਟਰ ਸਪਲਾਈ ਦਾ ਪ੍ਰਬੰਧ ਹੋਵੇ, ਇਹ ਮਸਲੇ ਸਾਹਮਣੇ ਆਉਂਦੇ ਹਨ।

ਪੁਰਾਣੇ ਸਮਿਆਂ ਵਿੱਚ ਪਾਰਕ ਦੱਸ ਕੇ ਲੋਕਾਂ ਨੂੰ ਪਲਾਟ ਵੇਚੇ ਗਏ ਅਤੇ ਬਾਅਦ ਵਿੱਚ ਪਾਰਕ ਦੀ ਥਾਂ ਵੀ ਵੇਚ ਦਿੱਤੀ ਗਈ ਸੀ। ਪਹਿਲਾਂ ਸੜਕਾਂ ਦਾ ਰਕਬਾ ਵੀ ਕਲੋਨਾਈਜ਼ਰ ਦੇ ਨਾਂ ਤੇ ਹੀ ਹੁੰਦਾ ਸੀ। ਉਹ ਪਹਿਲਾਂ ਪਲਾਟ ਵੇਚ ਜਾਂਦੇ ਸਨ ਅਤੇ ਜਿਹੜਾ ਰਕਬਾ ਉਨ੍ਹਾਂ ਦੇ ਨਾਂ ਤੇ ਰਹਿ ਜਾਂਦਾ ਸੀ, ਉਸ ਵਿੱਚੋਂ ਪਾਰਕ/ਸੜਕਾਂ ਵੀ ਵੇਚ ਜਾਂਦੇ ਸਨ ਅਤੇ ਲੋਕਾਂ ਵਿੱਚ ਝਗੜੇ ਪੈਦਾ ਹੁੰਦੇ ਸਨ। ਮਾਫੀਆ ਵਾਲੇ ਹਮੇਸ਼ਾ ਇਸ ਤਾਕ ਵਿੱਚ ਰਹਿੰਦੇ ਹਨ ਕਿ ਕਿਹੜਾ ਪਲਾਟ ਖਾਲੀ ਪਿਆ ਹੈ ਅਤੇ ਉਹ ਹੌਲੀ-ਹੌਲੀ ਸੜਕਾਂ ਦੇ ਰਕਬੇ ਦੀਆਂ ਰਜਿਸਟਰੀਆਂ ਕਰਵਾ ਕੇ ਕਬਜ਼ਾ ਕਰ ਲੈਂਦੇ ਸਨ।

ਪਿਛਲੇ ਸਮੇਂ ਵਿੱਚ ਗਲਾਡਾ ਵੱਲੋਂ ਇੱਕ ਸਟੈਂਪ ਲਿਆ ਗਿਆ ਕਿ ਹੁਣ ਸੜਕਾਂ ਅਤੇ ਪਾਰਕ ਦੀ ਥਾਂ ਦੀ ਰਜਿਸਟਰੀ ਸਰਕਾਰ ਦੇ ਨਾਂ ਤੇ ਕਰਵਾਈ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਇੱਕ ਚੰਗਾ ਉਪਰਾਲਾ ਹੈ। ਪਰ ਪਿੱਛੇ ਜੋ ਕੁਝ ਵੀ ਹੋ ਗਿਆ ਹੈ, ਉਸ ਵਿੱਚ ਜਿੰਨਾ ਕੁਝ ਵੀ ਹੋ ਸਕਦਾ ਹੈ ਕਿ ਜਿਹੜੀਆਂ ਮਾਸਟਰ ਪਲਾਨ ਦੀਆਂ ਸੜਕਾਂ ਹਨ, ਨਿਕਾਸੀ ਨਾਲੇ ਹਨ ਜਾਂ ਕੋਈ ਐਸੇ ਪੁਆਇੰਟਸ ਹਨ, ਜਿੱਥੇ ਕੋਈ ਘਰ ਨਹੀਂ ਬਣਦਾ, ਉਸ ਦਾ ਖਿਆਲ ਕੀਤਾ ਜਾਵੇ। ਜਿਹੜੇ ਲੋਕ ਬਾਹਰਲੀਆਂ ਸਟੇਟਾਂ ਤੋਂ ਆਉਂਦੇ ਹਨ, ਉਹ ਇੱਥੇ ਆ ਕੇ 50-70 ਗਜ ਦੇ ਪਲਾਟ ਲੈਂਦੇ ਹਨ।

ਪਿੱਛੇ ਜਿਹੇ 2014 ਵਿੱਚ ਇੱਕ ਪਾਲਿਸੀ ਆਈ ਸੀ ਕਿ 50 ਗਜ਼ ਤੋਂ ਘੱਟ ਦੀ ਕਲੋਨੀ ਲਈ ਕੋਈ ਅਪਰੂਵਲ ਦੀ ਲੋੜ ਨਹੀਂ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਵੱਡੇ ਪੱਧਰ ਤੇ 50 ਗਜ਼ ਦੀਆਂ ਹੀ ਕਲੋਨੀਆਂ ਬਣਨੀਆਂ ਸ਼ੁਰੂ ਹੋ ਗਈਆਂ। ਉਸ ਸਮੇਂ ਇਹ ਵੀ ਨਹੀਂ ਦੇਖਿਆ ਗਿਆ ਕਿ ਇਹ ਜਗ੍ਹਾ ਇੰਡਸਟਰੀ ਦੀ ਹੈ ਜਾਂ ਡਰੇਨੇਜ ਦੀ ਹੈ। ਬੱਸ 50 ਗਜ਼ ਦੀਆਂ ਕਲੋਨੀਆਂ ਦੀ ਉਸਾਰੀ ਸ਼ੁਰੂ ਹੋ ਗਈ। ਸੋ, ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਚੀਜ਼ਾਂ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ।

ਇਸ ਦੇ ਨਾਲ ਹੀ ਜਿਹੜੇ 500 ਗਜ਼ ਤੋਂ ਛੋਟੇ ਪਲਾਟ ਮਾਲਕਾਂ ਨੇ ਅੱਜ ਤੱਕ ਫੀਸਾਂ ਜਮ੍ਹਾਂ ਕਰਵਾ ਦਿੱਤੀਆਂ ਹਨ, ਜੇਕਰ ਕੱਲ੍ਹ ਨੂੰ ਉਹ ਸਰਕਾਰ ਤੋਂ ਰਿਫੰਡ ਮੰਗਣਗੇ ਤਾਂ ਇਸ ਬਾਰੇ ਵੀ ਕਲੈਰਿਟੀ ਹੋਣੀ ਚਾਹੀਦੀ ਹੈ ਕਿ ਇਸ ਕੇਸ ਵਿੱਚ ਕੀ ਕੀਤਾ ਜਾਵੇਗਾ। ਇਸ ਗੱਲ ਦੀ ਕਲੈਰਿਟੀ ਹੋਣੀ ਚਾਹੀਦੀ ਹੈ ਕਿ ਇਸ ਕਾਨੂੰਨ ਨੂੰ ਪਾਸ ਕਰਨ ਨਾਲ ਸਰਕਾਰ ਜਾਂ ਲੋਕਾਂ ਨੂੰ ਜਿਹੜੀਆਂ ਦਿੱਕਤਾਂ ਆਉਣ ਦੀ ਸੰਭਾਵਨਾ ਹੈ, ਉਹ ਨਾ ਆਉਣ। ਜਿਵੇਂ ਵੀ ਹੋਵੇ ਪਿਛਲੇ ਮਸਲੇ ਹੱਲ ਕੀਤੇ ਜਾਣ ਅਤੇ ਆਉਣ ਵਾਲੇ ਸਮੇਂ ਲਈ ਸਖਤੀ ਕੀਤੀ ਜਾਵੇ ਤਾਂ ਜੋ ਕੋਈ ਵੀ ਕਲੋਨਾਈਜ਼ਰ ਅਨ-ਆਥੋਰਾਈਜ਼ਡ ਕਲੋਨੀ ਕੱਟਣ ਬਾਰੇ ਸੋਚ ਵੀ ਨਾ ਸਕੇ।

**1450/Tarlochan Singh/Shubham jain**

ਆਉਣ ਵਾਲੇ ਸਮੇਂ ਲਈ ਬੜੀ ਸਖਤੀ ਕੀਤੀ ਜਾਵੇ ਤਾਂ ਜੋ ਅਨਅਪਰੂਵਡ ਕਲੋਨੀ ਕੱਟਣ ਬਾਰੇ ਕੋਈ ਸੋਚ ਵੀ ਨਾ ਸਕੇ। ਜੋ ਅਪਰੂਵਡ ਕਲੋਨੀ ਕੱਟਣ ਵਾਲਿਆਂ ਨੂੰ ਅਸੀਂ ਪੂਰੀ ਸਹੂਲਤ ਦੇਵਾਂਗੇ, ਉਨ੍ਹਾਂ ਨੂੰ ਫਾਸਟ ਟ੍ਰੈਕ ਕਰਾਂਗੇ, ਸਰਕਾਰ ਵੱਲੋਂ ਪੂਰਾ

ਸਹਿਯੋਗ ਹੋਵੇਗਾ, ਅਫਸਰਸ਼ਾਹੀ ਵੱਲੋਂ ਪੂਰਾ ਸਹਿਯੋਗਹੋਵੇਗਾ ਤਾਂ ਆਉਣ ਵਾਲੇ ਸਮੇਂ ਵਿੱਚ ਅਸੀਂ ਇਨ੍ਹਾਂ ਸਲੱਮਜ਼ ਅਤੇ ਅਨਅਪਰੂਵਡ ਕਲੋਨੀਆਂ ਨੂੰ ਬਣਨ ਤੋਂ ਰੋਕ ਸਕਦੇ ਹਾਂ। ਮੇਰੀ ਜ਼ਰੂਰੀ ਬੇਨਤੀ ਹੈ ਕਿ ਮਾਸਟਰ ਪਲਾਨ ਤੇ ਲੋਕਾਂ ਨੂੰ ਜ਼ਰੂਰ ਜਾਗਰੂਕ ਕੀਤਾ ਜਾਵੇ ਕਿ ਕਿੱਥੇ ਕਿੱਥੇ ਤੱਕ ਫਿਊਚਰ ਪਲਾਨਿੰਗ ਹੈ ਤਾਂ ਜੋ ਉਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਆਵੇ। ਇਸ ਦੇ ਨਾਲ ਹੀ ਗਲਾਡਾ ਵੱਲੋਂ ਕਰੋੜਾਂ ਰੁਪਏ ਦੀਆਂ ਫੀਸਾਂ ਵੀ ਲਈਆਂ ਜਾਂਦੀਆਂ ਹਨ ਤੇ ਨਾਲ ਡਿਵੈਲਪਮੈਂਟ ਦੇ ਇਸ਼ੂਜ਼ ਵੀ ਹਨ ਜਿਵੇਂ ਅਪਰੂਵਡ ਕਲੋਨੀਆਂ ਲਈ ਉੱਥੇ ਤੱਕ ਸੀਵਰੇਜ਼ ਪਹੁੰਚਾਉਣਾ ਜਾਂ ਉੱਥੋਂ ਦੀਆਂ ਸੜਕਾਂ ਬਣਾ ਕੇ ਦੇਣੀਆਂ। ਜਿਹੜੇ ਸਰਕਾਰ ਵੱਲੋਂ ਐਕਸਟਰਨਲ ਡਿਵੈਲਪਮੈਂਟ ਚਾਰਜਿਜ਼ ਜਾਂ ਇੰਟਰਨਲ ਡਿਵੈਲਪਮੈਂਟ ਚਾਰਜਿਜ਼ ਲਏ ਜਾਂਦੇ ਹਨ, ਉਹ ਕਲੋਨਾਈਜ਼ਰ ਦੇ ਉੱਪਰ, ਉਨ੍ਹਾਂ ਦੀ ਡਿਵੈਲਪਮੈਂਟ ਤੇ ਉਨ੍ਹਾਂ ਦੇ ਏਰੀਏ ਵਿੱਚ ਖਰਚ ਕੀਤੇ ਜਾਣੇ ਬੜੇ ਜ਼ਰੂਰੀ ਹਨ। ਉਨ੍ਹਾਂ ਨੂੰ ਸਰਕਾਰ ਵੱਧ ਤੋਂ ਵੱਧ ਸਹੂਲਤਾਂ ਦੇਵੇ ਤੇ ਸਰਕਾਰ ਸਾਥ ਦੇਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅਨਅਪਰੂਵਡ ਕਲੋਨੀਆਂ ਤੇ ਰੋਕ ਲੱਗ ਸਕੇ। ਸੋ, ਜਿਹੜਾ ਇਹ ਬਿਲ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਲੱਖਾਂ ਲੋਕਾਂ ਨਾਲ ਸਬੰਧਿਤ ਹੈ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਕਮਾਈ ਕੀਤੀ ਹੈ ਤੇ ਕਿਸੇ ਕੋਲ 100 ਗਜ਼ ਦਾ ਪਲਾਟ ਹੈ, ਕਿਸੇ ਕੋਲ 200 ਗਜ਼ ਦਾ ਹੈ, ਕਿਸੇ ਕੋਲ 500 ਗਜ਼ ਦਾ ਪਲਾਟ ਹੈ, ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਲੇਕਿਨ ਮੈਂ ਫਿਰ ਉਹੀ ਗੱਲ ਕਰਦਾ ਹਾਂ ਕਿ ਜੇ ਕਿਸੇ ਕੋਲ 501 ਗਜ਼ ਹੈ ਜਾਂ 510 ਗਜ਼ ਹੈ ਜਾਂ 600 ਗਜ਼ ਹੈ, ਉਨ੍ਹਾਂ ਬਾਰੇ ਵੀ ਕਲੈਰਿਟੀ ਹੋਵੇ ਤਾਂ ਜੋ ਕੱਲ੍ਹ ਨੂੰ ਭੰਬਲਭੂਸਾ ਨਾ ਪਿਆ ਹੋਵੇ ਕਿ ਉਹ ਲੋਕ ਕਿੱਧਰ ਜਾਣ ਕਿ ਉਹ ਐਨ.ਓ.ਸੀ. ਲੈਣ ਜਾਂ ਨਾ ਲੈਣ। ਇਸ ਗੱਲ ਨੂੰ ਜ਼ਰੂਰ ਕਲੀਅਰ ਕਰ ਦਿਓ। ਪਿਛਲੀ ਪਾਲਿਸੀ ਜਦੋਂ ਸਾਲ 2018 ਵਿੱਚ ਆਈ ਸੀ ਤਾਂ ਉਸ ਸਮੇਂ ਇੱਕ ਡੇਟ ਨਿਸ਼ਚਿਤ ਕੀਤੀ ਗਈ ਸੀ ਕਿ ਉਸ ਤਰੀਕ ਤੋਂ ਪਹਿਲਾਂ ਜਿਨ੍ਹਾਂ ਦੇ ਸੇਲ ਐਗਰੀਮੈਂਟ ਹਨ, ਉਨ੍ਹਾਂ ਨੂੰ ਐਨ.ਓ.ਸੀ. ਦਿੱਤੀ ਜਾਵੇਗੀ ਜਾਂ ਕਲੋਨੀ ਰੈਗੂਲਰਾਈਜ਼ ਕੀਤੀ ਜਾਵੇਗੀ ਤੇ ਬਾਅਦ ਵਿੱਚ ਗੂਗਲ ਅਰਥ ਦੀ ਸ਼ਰਤ ਲਗਾ ਦਿੱਤੀ ਗਈ ਜਿਹੜੀ ਕਿ ਕਈ ਵਾਰੀ ਸਾਲ ਜਾਂ ਦੋ ਸਾਲ ਤੱਕ ਅਪਡੇਟ ਹੀ ਨਹੀਂ ਹੁੰਦੀ ਹੈ। ਇਸ ਬਾਰੇ ਵੀ ਕਲੀਅਰ ਕੀਤਾ ਜਾਵੇ। ਉਸ ਦੀਆਂ ਕਲੈਰੀਫਿਕੇਸ਼ਨਜ਼ ਆਈਆਂ ਹਨ ਪਰ ਥੱਲੇ ਲੈਵਲ ਤੇ ਅਜੇ ਤੱਕ ਲਾਗੂ ਨਹੀਂ ਹੋ ਰਹੀਆਂ ਹਨ। ਜਿਨ੍ਹਾਂ ਤੋਂ ਕਰੋੜਾਂ ਰੁਪਏ ਜਮ੍ਹਾਂ ਕਰਵਾ ਲਏ ਗਏ ਚਾਹੇ ਉਹ ਕਲੋਨਾਈਜ਼ਰ ਹਨ, ਚਾਹੇ ਪਲਾਟ ਹੋਲਡਰ ਹਨ ਤਾਂ ਉਨ੍ਹਾਂ ਦਾ ਵੀ ਮਸਲਾ ਸਰਕਾਰ ਨਾਲ ਨਾਲ ਹੱਲ ਕਰੇ ਤਾਂ ਜੋ ਪਿਛਲੇ ਮਸਲੇ ਹੱਲ ਹੋਣ ਅਤੇ ਆਉਣ ਵਾਲੇ ਸਮੇਂ ਵਿੱਚ ਬਹੁਤ ਵਧੀਆ ਢੰਗ ਨਾਲ ਡਿਵੈਲਪਮੈਂਟ ਦਾ ਕੰਮ ਚੱਲ ਸਕੇ। ਸੋ, ਜਿਹੜਾ ਇਹ ਬਿਲ ਲੈ ਕੇ ਆਏ ਹਨ, ਮੈਂ ਇਸ ਦੇ ਹੱਕ ਵਿੱਚ ਹਾਂ ਪਰ ਜਿਹੜੀਆਂ ਮੈਂ ਗੱਲਾਂ ਕਹੀਆਂ ਹਨ, ਇਨ੍ਹਾਂ ਤੇ ਜ਼ਰੂਰ ਗੌਰ ਕੀਤਾ ਜਾਵੇ ਤਾਂ ਜੋ ਸਾਰੇ ਲੋਕਾਂ ਨੂੰ ਇਸ ਦੀ ਰਾਹਤ ਮਿਲੇ। ਸੋ, ਧੰਨਵਾਦ ਜੋ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ। ਧੰਨਵਾਦ ਜੀ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਧੰਨਵਾਦ ਸਪੀਕਰ ਸਾਹਿਬ, ਅੱਜ ਦਾ ਜੋ ਇਤਿਹਾਸਕ ਫੈਸਲਾ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਲਿਆ ਹੈ ਮੈਂ ਸਮਝਦਾ ਹਾਂ ਕਿ ਪਿਛਲੇ ਸਮੇਂ ਦੀਆਂ ਸਰਕਾਰਾਂ ਨੇ ਜੋ ਲੋਕਾਂ ਨੂੰ ਦਰਦ ਦਿੱਤਾ ਸੀ ਅੱਜ ਉਸ ਦਾ ਅਸਲੀ ਰੋਗ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਦੂਰ ਕੀਤਾ ਹੈ। (ਥੰਪਿੰਗ) ਮੈਨੂੰ ਦੱਸਦੇ ਹੋਏ ਇਸ ਗੱਲ ਦਾ ਮਾਣ ਮਹਿਸੂਸ ਹੁੰਦਾ ਹੈ ਕਿ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਸਰਦਾਰ ਮਨਪ੍ਰੀਤ ਸਿੰਘ ਇਆਲੀ ਨੇ ਵੀ ਜੋ ਦੱਸਿਆ ਹੈ ਕਿ ਇਹ ਵਾਕੱਈ ਰੋਗ ਹੈ, ਇਹ ਐਸਾ ਰੋਗ ਸੀ ਕਿ ਜਿਹੜਾ ਕਦੇ ਕਿਸੇ ਗਰੀਬ ਨੇ ਸੋਚਿਆ ਨਹੀਂ ਸੀ ਕਿ ਮੇਰੇ ਜ਼ਖਮਾਂ ਤੇ ਕੋਈ ਮੱਲਮ ਲਗਾਏਗਾ ਪਰ ਸਰਦਾਰ ਭਗਵੰਤ ਸਿੰਘ ਮਾਨ ਨੇ ਅੱਜ ਇਸ ਵਿਧਾਨ ਸਭਾ ਵਿੱਚ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਗਰੀਬਾਂ ਦੀ ਤੇ ਆਮ

ਆਦਮੀ ਪਾਰਟੀ ਦੀ ਸਰਕਾਰ ਹੈ (ਥੰਪਿੰਗ) ਔਰ ਅੱਜ ਜਿਹੜਾ ਇਹ ਫੈਸਲਾ ਲਿਆ ਹੈ ਮੈਂ ਸਰਦਾਰ ਭਗਵੰਤ ਸਿੰਘ ਮਾਨ ਦਾ ਪੰਜਾਬ ਤੇ ਖਾਸ ਕਰਕੇ ਲੁਧਿਆਣਾ ਵਾਸੀਆਂ ਵੱਲੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਔਰ ਮੈਂ ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਹੀ ਇਤਿਹਾਸਕ ਫੈਸਲੇ ਆਉਣ ਵਾਲੇ ਸਮੇਂ ਵਿੱਚ ਵੀ ਲਏ ਜਾਣਗੇ। ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ. ਨਗਰ)**: ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਔਰ ਮੈਂ ਨਾਲ ਹੀ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਇਤਿਹਾਸਕ ਫੈਸਲਾ ਲਿਆ ਤੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ 20ਵੀਂ ਧਾਰਾ ਵਿੱਚ ਅੱਜ ਸੋਧ ਕਰਨ ਜਾ ਰਹੇ ਹਨ।

**1455/mehak/Shubham jain**

**1500/Sukhpiar Singh**

ਧਾਰਾ 20 ਵਿੱਚ ਅੱਜ ਸੋਧ ਕਰਨ ਜਾ ਰਹੇ ਹਾਂ। ਮੈਂ ਸਮਝਦਾ ਹਾਂ ਕਿ ਇਹ ਸੋਧ ਪੰਜਾਬ ਲਈ ਮੀਲ ਪੱਥਰ ਸਾਬਤ ਹੋਵੇਗੀ। ਜਿੱਥੇ ਇਹ ਸੋਧ ਪੰਜਾਬ ਦੇ ਲੋਕਾਂ ਨੂੰ ਪਿਛਲੇ ਦਿਨੀਂ ਹੋ ਰਹੀ ਐਨ.ਓ.ਸੀ. ਦੀ ਖੱਜਲ-ਖੁਆਰੀ ਤੋਂ ਬਚਾਏਗੀ, ਉੱਥੇ ਹੀ ਅਣਅਥੋਰਾਈਜ਼ਡ ਕਲੋਨੀਆਂ ਤੇ ਮੁਕੰਮਲ ਤੌਰ ਤੇ ਰੋਕ ਲੱਗ ਜਾਵੇਗੀ। ਇਹ ਪੰਜਾਬ ਦਾ ਬੜਾ ਵੱਡਾ ਦੁਖਾਂਤ ਹੈ ਕਿ 100 ਕਲੋਨੀਆਂ ਵਿੱਚੋਂ ਮੇਰੇ ਖਿਆਲ ਨਾਲ ਸਿਰਫ 5 ਕਲੋਨੀਆਂ ਅਥੋਰਾਈਜ਼ਡ ਬਣੀਆਂ, ਬਾਕੀ 95% ਪੰਜਾਬ ਵਿੱਚ ਸਿਰਫ ਔਰ ਸਿਰਫ ਅਣਅਥੋਰਾਈਜ਼ਡ ਡਿਵੈਲਪਮੈਂਟ ਹੋਈ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਯੂ.ਪੀ. ਵਿੱਚ ਇੱਕ ਵੀ ਕਲੋਨੀ ਅਣਅਥੋਰਾਈਜ਼ਡ ਨਹੀਂ ਹੈ ਲੇਕਿਨ ਪੰਜਾਬ ਵਿੱਚ ਸਿਰਫ ਔਰ ਸਿਰਫ ਅਣਅਥੋਰਾਈਜ਼ਡ ਡਿਵੈਲਪਮੈਂਟ ਹੈ, ਹੋਰ ਕੁਝ ਨਹੀਂ ਹੈ। ਮੈਂ ਇਆਲੀ ਸਾਹਿਬ ਨਾਲ ਸਹਿਮਤ ਹਾਂ ਕਿ ਇਹ ਬੜਾ ਵੱਡਾ ਦੁਖਾਂਤ ਹੋਇਆ ਹੈ। ਮੈਂ ਇਹ ਗੱਲ ਵੀ ਦੱਸਣੀ ਚਾਹੁੰਦਾ ਹਾਂ, ਜਿਵੇਂ ਚੀਮਾ ਸਾਹਿਬ ਨੇ ਕਿਹਾ ਸੀ ਕਿ ਇਹ ਸਭ ਕੁਝ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਦੇਖ-ਰੇਖ ਵਿੱਚ ਹੋਇਆ ਅਤੇ ਉਨ੍ਹਾਂ ਸਰਕਾਰਾਂ ਵਿੱਚ ਬੈਠੇ ਕੁਝ ਲੋਕਾਂ ਨੂੰ ਇਸ ਕੰਮ ਵਾਸਤੇ ਸਰਪ੍ਰਸਤੀ ਹਾਸਲ ਸੀ ਜਿਸ ਕਰਕੇ ਪੰਜਾਬ ਅੱਜ ਕੰਕਰੀਟ ਦਾ ਸਲੱਮ ਬਣ ਚੁੱਕਿਆ ਹੈ। ਸਮਝ ਲਵੋ ਕਿ ਉਹ ਪੱਕੀਆਂ ਝੌਂਪੜੀਆਂ ਹਨ। 50, 100 ਅਤੇ 200 ਗਜ਼ ਦੀ ਜਗ੍ਹਾ ਵਿੱਚ 10-10 ਫੁੱਟ ਦੀਆਂ ਸੜਕਾਂ ਹਨ ਔਰ ਉਹ ਸੜਕਾਂ ਇੰਨੀਆਂ ਛੋਟੀਆਂ ਹਨ ਕਿ ਉੱਥੋਂ ਗੱਡੀਆਂ ਨਹੀਂ ਲੰਘ ਸਕਦੀਆਂ। ਅੱਜ ਪੰਜਾਬ ਦੇ ਸਾਰੇ ਲੋਕਾਂ ਕੋਲ ਗੱਡੀਆਂ ਹਨ ਅਤੇ ਪਾਰਕਿੰਗ ਪਿੱਛੇ ਲੜਾਈਆਂ ਹੋ ਰਹੀਆਂ ਹਨ ਅਤੇ ਹੋਣਗੀਆਂ। ਕਿਸੇ ਨੇ ਇਸ ਗੱਲ ਦਾ ਧਿਆਨ ਨਹੀਂ ਦਿੱਤਾ ਅਤੇ ਇਹ ਕਲੋਨੀਆਂ ਦੇਖਦੇ ਹੀ ਦੇਖਦੇ ਡਿਵੈਲਪ ਹੋਣ ਦਿੱਤੀਆਂ ਗਈਆਂ। ਮੈਂ ਸਮਝਦਾ ਹਾਂ ਕਿ ਪਿਛਲੀਆਂ ਸਰਕਾਰਾਂ ਵੱਲੋਂ ਕੀਤਾ ਇਹ ਕੰਮ ਪੰਜਾਬ ਲਈ ਬੜਾ ਧੋਖਾ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਮੈਂ ਮਾਣਯੋਗ ਮੁੱਖ ਮੰਤਰੀ ਜੀ ਦਾ ਇੱਕ ਵਾਰੀ ਫਿਰ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਉਂਦੇ ਸਾਰ ਹੀ ਅਣਅਥੋਰਾਈਜ਼ਡ ਕਲੋਨੀਆਂ ਤੇ ਰੋਕ ਲਗਾ ਦਿੱਤੀ ਅਤੇ ਐਨ.ਓ.ਸੀ. ਸਿਸਟਮ ਲਾਗੂ ਕਰ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਐਨ.ਓ.ਸੀ. ਲੈਣ ਲਈ ਲੋਕਾਂ ਨੂੰ ਥੋੜ੍ਹੀ-ਬਹੁਤ ਦੁਖ ਤਕਲੀਫ ਸਹਿਣੀ ਪਈ ਹੈ ਪਰ ਮੈਨੂੰ ਇਹ ਲੱਗਦਾ ਹੈ ਕਿ ਆਪਾਂ ਜਦੋਂ ਕੋਈ ਚੰਗਾ ਕੰਮ ਕਰਦੇ ਹਾਂ ਤਾਂ ਮਾੜੀਆਂ-ਮੋਟੀਆਂ ਦੁਖ ਤਕਲੀਫਾਂ ਸਹਿਣੀਆਂ ਪੈਂਦੀਆਂ ਸੀ। ਜਦੋਂ ਦੇਸ਼ ਦੀ ਆਜ਼ਾਦੀ ਲਈ ਸੀ ਤਾਂ ਉਸ ਸਮੇਂ ਕਿੰਨੀਆਂ ਹੀ ਕੁਰਬਾਨੀਆਂ ਦਿੱਤੀਆਂ ਸਨ। ਥੋੜ੍ਹੀ ਬਹੁਤੀ ਹੋਈ ਤਕਲੀਫ ਲਈ ਅਸੀਂ ਮੁਆਫੀ ਵੀ ਮੰਗਦੇ ਹਾਂ ਪਰ ਜਿਹੜੀ ਐਨ.ਓ.ਸੀ. ਸ਼ੁਰੂ ਕੀਤੀ ਗਈ ਸੀ, ਉਹ ਇਸੇ ਮਕਸਦ ਨਾਲ ਕੀਤੀ ਗਈ

ਸੀ ਕਿ ਅਣਅਥੋਰਾਈਜ਼ਡ ਕਲੋਨੀਆਂ ਬੰਦ ਹੋਣ ਅਤੇ ਇਹ ਸੋਧ ਬਿਲ ਆਇਆ ਹੈ ਜਿਸ ਵਿੱਚ 500 ਗਜ਼ ਦੇ ਪਲਾਟਾਂ ਨੂੰ ਜਿਨ੍ਹਾਂ ਨੇ 31 ਜੁਲਾਈ ਤੱਕ ਐਗਰੀਮੈਂਟ ਕਰ ਲਏ ਜਾਂ ਜਿਨ੍ਹਾਂ ਨੇ ਪਾਵਰ ਆਫ ਅਟਾਰਨੀਆਂ ਲੈ ਲਈਆਂ, ਉਨ੍ਹਾਂ ਨੂੰ ਕੋਈ ਐਨ.ਓ.ਸੀ. ਲੈਣ ਦੀ ਲੋੜ ਨਹੀਂ ਹੈ ਲੇਕਿਨ 31 ਜੁਲਾਈ ਤੋਂ ਬਾਅਦ ਜਿਹੜਾ ਵੀ ਕੋਈ ਇਹੋ ਜਿਹਾ ਕੰਮ ਕਰਦਾ ਹੈ, ਉਸ ਦੀ ਰਜਿਸਟਰੀ ਨਹੀਂ ਹੋਵੇਗੀ ਅਤੇ ਉਸ ਤੇ ਮੁਕੰਮਲ ਤੌਰ ਤੇ ਰੋਕ ਹੋਵੇਗੀ। ਇਹ ਆਪਣੇ ਆਪ ਹੀ ਜਿਹੜੀਆਂ ਅਣਅਥੋਰਾਈਜ਼ਡ ਕਲੋਨੀਆਂ ਬਣ ਰਹੀਆਂ ਸੀ, ਉਨ੍ਹਾਂ ਤੇ ਰੋਕ ਲੱਗ ਜਾਵੇਗੀ। 1995 ਵਿੱਚ ਅਪਾਰਟਮੈਂਟ ਐਕਟ ਬਣਿਆ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 2 ਕਲੋਨੀਆਂ ਅਥੋਰਾਈਜ਼ਡ ਬਣੀਆਂ ਸੀ ਜਿਸ ਵਿੱਚੋਂ ਇੱਕ ਮੈਂ ਬਣਾਈ ਸੀ ਅਤੇ ਮੈਂ 5 ਸਾਲ ਇੰਨਾ ਹੈਰਾਨ ਹੋਇਆ ਸੀ। 1995 ਵਿੱਚ ਪਾਪਰਾ ਐਕਟ ਆਇਆ ਸੀ ਜਿਸ ਵਿੱਚ ਅੱਜ ਸੋਧ ਕੀਤੀ ਜਾ ਰਹੀ ਹੈ। ਇਹ ਹਾਲਾਂਕਿ ਐਕਟ ਇੰਨਾ ਵਧੀਆ ਸੀ, ਜਿਵੇਂ ਇਆਲੀ ਸਾਹਿਬ ਨੇ ਦੱਸਿਆ ਹੈ ਕਿ ਕੰਸੈਂਟ ਨਾਲ ਵੀ ਹੋ ਸਕਦਾ ਸੀ, ਉਸ ਵਿੱਚ ਰਜਿਸਟਰੀਆਂ ਪੂਰੀਆਂ ਕਰਵਾਉਣੀਆਂ ਪੈਂਦੀਆਂ ਸੀ। ਇਹ ਕੰਸੈਂਟ ਨਾਲ ਵੀ ਹੋ ਜਾਂਦਾ ਸੀ ਲੇਕਿਨ ਇਸ ਵਿੱਚ ਇੱਕੋ ਨੁਕਸ ਰੱਖਿਆ ਗਿਆ ਕਿ ਅਣਅਥੋਰਾਈਜ਼ਡ ਕਲੋਨੀਆਂ ਰੋਕਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਜੇ ਕੀਤਾ ਵੀ ਗਿਆ ਤਾਂ ਉਹ ਬਹੁਤ ਮਾਮੂਲੀ ਸੀ ਲੇਕਿਨ ਹੁਣ ਜਿਹੜੀ ਅੱਜ ਸੋਧ ਹੋਣ ਜਾ ਰਹੀ ਹੈ, ਉਸ ਵਿੱਚ ਜਿਹੜਾ ਬੰਦਾ ਅਣਅਥੋਰਾਈਜ਼ਡ ਕਲੋਨੀ ਬਣਾਉਂਦਾ ਹੈ, ਉਸ ਨੂੰ 25 ਲੱਖ ਰੁਪਏ ਤੋਂ ਲੈ ਕੇ 5 ਕਰੋੜ ਰੁਪਏ ਤੱਕ ਜ਼ੁਰਮਾਨਾ ਹੈ ਅਤੇ 5 ਸਾਲ ਤੋਂ ਲੈ ਕੇ 10 ਸਾਲ ਤੱਕ ਦੀ ਸਜ਼ਾ ਹੈ। ਵੈਸੇ ਤਾਂ ਹੋਣਾ ਹੀ ਨਹੀਂ ਹੈ ਕਿਉਂਕਿ ਜੇ ਰਜਿਸਟਰੀ ਹੀ ਨਹੀਂ ਹੋਣੀ ਤਾਂ ਅਣਅਥੋਰਾਈਜ਼ਡ ਕਲੋਨੀ ਵੀ ਨਹੀਂ ਬਣਨੀ।

**1500/Sukhpiar Singh/Abhishek gautam**

ਅੱਜ ਐਕਟ ਵਿੱਚ ਸੋਧ ਕਰਕੇ ਮਾਣਯੋਗ ਮੁੱਖ ਮੰਤਰੀ ਜੀ ਨੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ ਅਤੇ ਇਸ ਨਾਲ ਪੰਜਾਬ ਦਾ ਬੜਾ ਵੱਡਾ ਭਲਾ ਹੋਵੇਗਾ। ਸਪੀਕਰ ਸਾਹਿਬ, ਆਉਣ ਵਾਲੇ ਸਮੇਂ ਵਿੱਚ ਪੰਜਾਬ ਵੀ ਜਿਵੇਂ ਹਿਮਾਚਲ ਪ੍ਰਦੇਸ਼, ਹਰਿਆਣਾ ਵਿਖੇ ਅਰਬਨ ਅਸਟੇਟਾਂ ਬਣੀਆਂ ਹੋਈਆਂ ਹਨ, ਉਨ੍ਹਾਂ ਦੇ ਮੁਕਾਬਲੇ ਹੋਵੇਗਾ ਕਿਉਂਕਿ ਉਥੇ ਅਣਐਥਰਾਈਜ਼ਡ ਕਾਲੋਨੀਆਂ ਨਹੀਂ ਬਣਨ ਦਿੱਤੀਆਂ ਗਈਆਂ। ਪੰਜਾਬ ਵੀ ਉਨ੍ਹਾਂ ਦੇ ਬਰਾਬਰ ਖੜ੍ਹਾ ਹੋ ਜਾਵੇਗਾ। ਮੈਨੂੰ ਇਸ ਦਾ ਪੂਰਾ ਯਕੀਨ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਇਸ ਗੱਲ ਤੋਂ ਸ਼ੁਕਰੀਆ ਕਰਦਾ ਹਾਂ ਕਿ ਉਨ੍ਹਾਂ ਨੇ ਐਨ.ਓ.ਸੀ. ਖਤਮ ਕਰਕੇ 500 ਗਜ਼ ਦੇ ਪਲਾਟ ਵਾਲਿਆਂ ਨੂੰ ਰਾਹਤ ਦਿੱਤੀ ਹੈ ਅਤੇ ਨਾਲ ਹੀ ਜਿਹੜੀਆਂ ਅਣਐਥਰਾਈਜ਼ਡ ਕਾਲੋਨੀਆਂ ਬਣ ਰਹੀਆਂ ਹਨ, ਉਨ੍ਹਾਂ ਨੂੰ ਠੱਲ੍ਹ ਪਾਈ ਹੈ। ਜਿਹੜਾ ਅਣਐਥਰਾਈਜ਼ਡ ਕਾਲੋਨੀ ਬਣਾਏਗਾ, ਉਸ ਲਈ ਸਜ਼ਾ ਦਾ ਪ੍ਰਾਵਾਧਾਨ ਕੀਤਾ ਹੈ। ਮੈਂ ਇਸ ਬਿਲ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਮੈਂ ਸਮਝਦਾ ਹਾਂ ਕਿ ਇਹ ਬਿਲ ਪਾਸ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਪਾਪਰਾ ਐਕਟ, 2024 ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਸੂਬੇ ਦੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਾਂਗਾ ਜਿਨ੍ਹਾਂ ਨੇ ਆਪਣੇ ਬੋਲ ਪੁਗਾਉਂਦੇ ਹੋਏ ਪੰਜਾਬ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਹੈ ਕਿਉਂਕਿ ਸਾਲ 2014 ਵਿੱਚ ਇਸ ਐਕਟ ਵਿੱਚ ਸੋਧ ਹੋਈ ਸੀ, ਉਸ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਆਈਆਂ ਸਨ, ਉਨ੍ਹਾਂ ਨੇ ਲੋਕਾਂ ਨੂੰ ਲਾਲੀਪੋਪ ਦੇ ਕੇ ਜਾਂ ਲਾਰੇ ਲਗਾ ਕੇ ਚਲੀਆਂ ਗਈਆਂ ਪਰ ਕਿਤੇ ਨਾ ਕਿਤੇ ਇਸ ਐਕਟ ਨੂੰ ਅੱਗੇ ਲਿਆਉਣ ਵਿੱਚ ਜਿੰਨਾ ਸਮਾਂ ਲੱਗਿਆ,

ਉਸ ਵਿੱਚ ਸੀ.ਐਮ. ਸਾਹਿਬ ਇੰਨਾ ਇਸ ਚੀਜ਼ ਤੇ ਜ਼ੋਰ ਪਾ ਰਹੇ ਸਨ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਵਾਅਦਾ ਕੀਤਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਇੱਕ ਬਹੁਤ ਵੱਡੀ ਰਾਹਤ ਦੇਣੀ ਹੈ ਕਿਉਂਕਿ ਕਈ ਲੋਕ ਅਜਿਹੇ ਸਨ, ਜਿਨ੍ਹਾਂ ਨੇ 50-50 ਗਜ਼ ਜਾਂ 100-100 ਗਜ਼ ਦੇ ਪਲਾਟ ਲੈ ਕੇ ਬਹੁਤ ਮਜ਼ਬੂਰੀ ਨਾਲ ਘਰ ਬਣਾਏ ਸਨ। ਪਰੰਤੂ ਕਿਤੇ ਨਾ ਕਿਤੇ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਸੀ ਕਿ ਇਹ ਕਾਲੋਨੀ ਡਿਕਲੇਅਰ ਹੈ ਜਾਂ ਨਹੀਂ। ਇਹ ਕਾਲੋਨੀ ਔਥਰਾਈਜ਼ਡ ਹੈ ਜਾਂ ਅਣਔਥਰਾਈਜ਼ਡ ਹੈ। ਪਰ ਜਦੋਂ ਪਾਣੀ ਦਾ ਕੁਨੈਕਸ਼ਨ, ਸੀਵਰੇਜ ਦਾ ਕੁਨੈਕਸ਼ਨ ਅਤੇ ਬਿਜਲੀ ਦੇ ਮੀਟਰ ਲਈ ਦਫਤਰਾਂ ਵਿੱਚ ਜਾਂਦੇ ਸਨ ਤਾਂ ਲੋਕਾਂ ਨੂੰ ਧੱਕੇ ਖਾਣੇ ਪੈਂਦੇ ਸਨ। ਸਪੀਕਰ ਸਾਹਿਬ, ਜਦੋਂ ਸੀ.ਐਮ. ਸਾਹਿਬ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਸੰਭਾਲੀ ਸੀ ਤਾਂ ਉਨ੍ਹਾਂ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜਦੋਂ ਵੀ ਐਕਟ ਵਿੱਚ ਸੋਧ ਕੀਤੀ ਜਾਵੇਗੀ ਤਾਂ ਬਹੁਤ ਵੱਡੀ ਰਾਹਤ ਦਿੱਤੀ ਜਾਵੇਗੀ। ਪਿਛਲੇ ਦਿਨੀਂ ਸੀ.ਐਮ. ਸਾਹਿਬ ਲੁਧਿਆਣਾ ਵਿਖੇ ਆਏ ਸਨ, ਉਨ੍ਹਾਂ ਨੇ ਵਪਾਰੀਆਂ ਅਤੇ ਲੋਕਾਂ ਨਾਲ ਵੀ ਵਾਅਦਾ ਕੀਤਾ ਸੀ। ਇੱਥੇ ਇਆਲੀ ਸਾਹਿਬ ਬੈਠੇ ਹਨ, ਜਿੰਨੇ ਵੀ ਕਾਲੋਨਾਈਜ਼ਰ ਸਨ, ਉਨ੍ਹਾਂ ਨਾਲ ਵੀ ਵਾਅਦਾ ਕੀਤਾ ਸੀ ਕਿ ਜਦੋਂ ਵੀ ਐਕਟ ਵਿੱਚ ਸੋਧ ਹੋਵੇਗੀ ਤਾਂ ਸਭ ਦੀ ਰਾਇ ਨਾਲ ਹੀ ਹੋਵੇਗੀ। ਜੋ ਵੀ ਕਰਾਂਗੇ, ਸਭ ਪੰਜਾਬ ਦੇ ਹਿੱਤ ਲਈ ਹੀ ਕਰਾਂਗੇ। ਸੀ.ਐਮ. ਸਾਹਿਬ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਦਾ ਇੱਕ-ਇੱਕ ਬੋਲ ਪੁਗਾਇਆ ਹੈ, ਇਸ ਲਈ ਮੈਂ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਜਿਹੜੀ 500 ਗਜ਼ ਤੱਕ ਦੇ ਪਲਾਟ ਲਈ ਰਾਹਤ ਦਿੱਤੀ ਗਈ ਹੈ, ਉਸ ਵਿੱਚ ਮੈਂ ਸਮਝਦਾ ਹਾਂ ਕਿ ਬਹੁਤ ਸਾਰਾ ਤਬਕਾ ਅਜਿਹਾ ਹੈ, ਜੋ 200-250 ਗਜ਼ ਤੱਕ ਦੇ ਪਲਾਟ ਵਾਲਾ ਹੈ, ਕਿਉਂਕਿ ਗਰੀਬ ਤਬਕਾ 200-250 ਗਜ਼ ਦੇ ਪਲਾਟ ਤੱਕ ਸੀਮਿਤ ਰਹਿ ਜਾਂਦਾ ਹੈ। ਇਹ ਬਹੁਤ ਵਧੀਆ ਕਦਮ ਚੁੱਕਿਆ ਗਿਆ ਹੈ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਮੈਂ ਇਸ ਲਈ ਸਾਰੇ ਹਾਊਸ ਅਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਯੂਨਾਨੀਮਸਲੀ ਇਸ ਬਿਲ ਨਾਲ ਲੋਕਾਂ ਨੂੰ ਰਾਹਤ ਦੇਣ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰਕਾਰ ਨੇ 500 ਗਜ਼ ਤੱਕ ਦੇ ਜਿਹੜੇ ਇਲਲੀਗਲ ਕਾਲੋਨੀਆਂ ਵਿੱਚ ਪਲਾਟ ਹਨ, ਉਨ੍ਹਾਂ ਨੂੰ ਅਪਰੂਵ ਕਰਨ ਦਾ ਬਿਲ ਲਿਆਂਦਾ ਹੈ। ਗੱਲ ਇਹ ਹੈ ਕਿ ਜਿਹੜੀਆਂ ਇਲਲੀਗਲ ਕਾਲੋਨੀਆਂ ਹੁੰਦੀਆਂ ਹਨ, ਉਨ੍ਹਾਂ ਵਿੱਚ ਰੋਡਜ਼ ਡਿਵੈਲਪਮੈਂਟ ਹੁੰਦੀ ਹੈ ਅਤੇ ਫੀਸ ਸਰਕਾਰ ਨੂੰ ਦਿੱਤੀ ਜਾਂਦੀ ਹੈ। ਇੱਕ ਸਾਲ ਉਸ ਦੀ ਪਰਮਿਸ਼ਨ ਲੈਣ ਲਈ ਲੱਗ ਜਾਂਦਾ ਹੈ। 50 ਤੋਂ 60 ਪਰਸੈਂਟ saleable area ਹੁੰਦਾ ਹੈ। ਇਲਲੀਗਲ ਕਾਲੋਨੀਆਂ ਵਿੱਚ ਨਾ ਤਾਂ ਡਿਵੈਲਪਮੈਂਟ ਹੁੰਦੀ ਹੈ, ਨਾ ਹੀ ਸੜਕਾਂ ਬਣੀਆਂ ਹੁੰਦੀਆਂ ਹਨ ਅਤੇ ਨਾ ਹੀ ਸੀਵਰੇਜ ਪਿਆ ਹੁੰਦਾ ਹੈ। ਇਸ ਤੋਂ ਇਲਾਵਾ ਬਿਜਲੀ ਦਾ ਕੁਨੈਕਸ਼ਨ ਵੀ ਨਹੀਂ ਹੁੰਦਾ। ਜਿਹੜੀ ਆਮਦਨ ਹੁੰਦੀ ਹੈ, ਉਹ ਇਲਲੀਗਲ ਕਾਲੋਨੀ ਵਾਲੇ ਆਪਣੀ ਜੇਬ ਵਿੱਚ ਪਾ ਲੈਂਦੇ ਹਨ ਪਰੰਤੂ ਅੱਜ ਜਦੋਂ ਸਰਕਾਰ ਇਨ੍ਹਾਂ ਇਲਲੀਗਲ ਕਾਲੋਨੀਆਂ ਨੂੰ ਅਪਰੂਵ ਕਰ ਰਹੀ ਹੈ, ਕੀ ਜਿਹੜਾ ਇਨ੍ਹਾਂ ਇਲਲੀਗਲ ਕਾਲੋਨੀਆਂ ਵਿੱਚ ਇਨਫਰਾਸਟਰੱਕਚਰ ਡਿਵੈਲਪ ਕਰਨ ਦੀ ਲੋੜ ਪਵੇਗੀ, ਕੀ ਸਰਕਾਰ ਇਹ ਸਾਰਾ ਆਪਣੇ ਖਜ਼ਾਨੇ ਵਿੱਚੋਂ ਪੇਅ ਕਰੇਗੀ? ਉਨ੍ਹਾਂ ਦੀਆਂ ਸੜਕਾਂ ਕੌਣ ਬਣਾਏਗਾ? ਸੀਵਰੇਜ ਕੌਣ ਪਾਵੇਗਾ? ਉਨ੍ਹਾਂ ਕਾਲੋਨੀਆਂ ਵਿੱਚ ਬਿਜਲੀ ਦਾ ਕੁਨੈਕਸ਼ਨ ਕੌਣ ਦੇਵੇਗਾ? ਸਾਨੂੰ ਇਹ ਕੰਡੀਸ਼ਨ ਰੱਖਣੀ ਚਾਹੀਦੀ ਹੈ ਕਿ ਕੀ ਪੈਸੇ ਅਸੀਂ ਚਾਰਜ ਪੈਨੇਲਿਟੀ ਅੱਜ ਤੋਂ ਬਾਅਦ ਦੀ ਕਰ ਰਹੇ ਹਾਂ? ਜਿਹੜੀ ਸਰਕਾਰ ਆਉਂਦੀ ਹੈ, ਉਹ ਪੰਜ ਸਾਲ ਬਾਅਦ ਇਲਲੀਗਲ ਕਾਲੋਨੀਆਂ ਨੂੰ ਲੀਗਲ ਕਰ ਦਿੰਦੀ ਹੈ।

**1505/Manika Rani/Abhishek gautam**

ਸੋ, ਜਿਹੜੇ ਇਲਲੀਗਲ ਕਲੋਨਾਈਜ਼ਰ ਹਨ ਉਨ੍ਹਾਂ ਨੂੰ ਪਤਾ ਹੈ ਕਿ ਪੰਜ ਸਾਲ ਵਿੱਚ ਤਾਂ ਕੰਮ ਹੋ ਹੀ ਜਾਣਾ ਹੈ। ਪਲਾਟ ਕੱਟ ਕੇ ਵੇਚ ਕੇ ਅਗਾਂਹ ਚਲੇ ਜਾਂਦੇ ਹਨ। ਸਰ, ਇਸ ਬਿਲ ਵਿੱਚ ਕੰਡੀਸ਼ਨ ਇਹ ਹੋਣੀ ਚਾਹੀਦੀ ਹੈ ਕਿ ਕਲੋਨੀ ਉਹੀ ਲੀਗਲ ਕੀਤੀ ਜਾਵੇਗੀ, ਜਿਹੜਾ ਕਾਲੋਨਾਈਜ਼ਰ ਆਈਡੈਂਟੀਫਾਈਡ ਹੈ ਕਿ ਇਹ ਕਲੋਨੀ ਕਿਸ ਵੱਲੋਂ ਕੱਟੀ ਗਈ ਹੈ। ਉਹ ਇਹ ਸਾਰੀਆਂ ਬੇਸਿਕ ਅਮੈਨਿਟੀਜ਼ ਪੂਰੀਆਂ ਕਰੇ ਤਾਂ ਕਿ ਸਰਕਾਰ ਅਤੇ ਕਮੇਟੀ ਉੱਤੇ ਬੋਝ ਨਾ ਆਵੇ। ਅੱਜ ਆਪਾਂ ਸਾਰੇ ਇਲੈਕਟਿਡ ਮੈਂਬਰ ਹਾਂ। ਕਮੇਟੀਆਂ ਕੋਲ ਪੈਸੇ ਨਹੀਂ ਹਨ ਐਗਜਿਸਟਿੰਗ ਇਨਫਰਾਸਟਰੱਕਚਰ ਕਰੀਏਟ ਕਰਨ ਲਈ। ਇਨ੍ਹਾਂ ਕਲੋਨੀਆਂ ਦੀ ਜਿਹੜੀ ਪਾਪੂਲੇਸ਼ਨ ਹੈ ਉਸ ਤੋਂ ਬਗੈਰ ਅਸੀਂ ਐਸ.ਟੀ.ਪੀ. ਡਿਜਾਇਨ ਕੀਤੇ ਹੋਏ ਹਨ। ਉਸ ਦਾ ਲੋਡ ਵੀ ਇਨ੍ਹਾਂ ਤੇ ਪੈਣਾ ਹੈ ਅਤੇ ਖਰਚਾ ਕਿੰਨਾ ਹੋਣਾ ਇਸ ਤੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਇਨ੍ਹਾਂ ਬੰਦਿਆਂ ਨੇ ਪੈਸੇ ਵੀ ਕਮਾਏ ਹਨ ਅਤੇ ਇਨ੍ਹਾਂ ਨਾ ਸੀ.ਐਲ.ਯੂ. ਦਿੱਤੀ ਅਤੇ ਜੇਕਰ ਅਸੀਂ ਕਹਿੰਦੇ ਹਾਂ ਕਿ ਅੱਜ ਇਹ ਕਲੋਨੀ ਅਪਰੂਵ ਹੋ ਜਾਵੇ they should pay for all the basic amenities and the CLU ਉਸ ਤੋਂ ਬਾਅਦ ਜੇਕਰ ਇਹ ਕਲੋਨੀਆਂ ਸਰਕਾਰ ਅਪਰੂਵ ਕਰਨਾ ਚਾਹੁੰਦੀ ਹੈ ਤਾਂ ਕਰੇ। ਮੇਰੀ ਇਹ ਸੁਜੈਸ਼ਨ ਹੈ।

**ਮਾਣਯੋਗ ਸਪੀਕਰ**:ਸ਼੍ਰੀ ਮਹਿੰਦਰ ਭਗਤ ਜੀ।

**ਸ਼੍ਰੀ ਮਹਿੰਦਰ ਭਗਤ (ਜਲੰਧਰ, ਪੱਛਮੀ)**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਇਤਿਹਾਸਿਕ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਹਾਊਸ ਵਿੱਚ ਪਹਿਲੀ ਵਾਰ ਬਾਇ ਇਲੈਕਸ਼ਨ ਜਿੱਤ ਕੇ ਆਇਆ ਹਾਂ। (ਥੰਪਿੰਗ) ਮੈਂ ਸਾਰੇ ਹੀ ਸਾਥੀ, ਐਮ.ਐਲ.ਏ. ਸਾਹਿਬਾਨ, ਮਨਿਸਟਰ ਸਾਹਿਬਾਨ ਜਿਨ੍ਹਾਂ ਨੇ ਮੇਰਾ ਸਹਿਯੋਗ ਦਿੱਤਾ ਹੈ ਖਾਸ ਕਰਕੇ ਸਾਡੇ ਸੀ.ਐਮ. ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਜੋ ਅੱਜ ਬਹੁਤ ਅਹਿਮ ਮਸਲਾ ਆਇਆ ਹੈ। ਇਸ ਤੇ ਬੋਲਣ ਦੀ ਇਜਾਜ਼ਤ ਦੇਣ ਲਈ ਧੰਨਵਾਦ। ਬੜੇ ਸਾਲਾਂ ਤੋਂ ਜਿੱਥੇ ਵੀ ਅਸੀਂ ਜਾਂਦੇ ਸੀ ਉੱਥੇ ਇਹੋ ਸੁਣਨ ਨੂੰ ਮਿਲਦਾ ਸੀ ਕਿ ਗਰੀਬ ਲੋਕ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਦੇ ਨਾਲ ਕੋਈ 100 ਗਜ ਦਾ ਜਾਂ ਕੋਈ 150 ਗਜ ਦਾ ਆਪਣਾ ਘਰ ਬਣਾਇਆ ਹੁੰਦਾ ਸੀ ਉੱਥੇ ਉਨ੍ਹਾਂ ਨੂੰ ਬਿਜਲੀ ਦਾ ਕੁਨੈਕਸ਼ਨ ਨਹੀਂ ਮਿਲਦਾ ਸੀ ਅਤੇ ਨਾ ਹੀ ਉਨ੍ਹਾਂ ਦੀ ਰਜਿਸਟਰੀ ਹੁੰਦੀ ਸੀ। ਇਹ ਕਬਜ਼ਾ ਟਾਈਪ ਰਹਿੰਦੇ ਸੀ ਅਤੇ ਉਹ ਆਪਣੇ ਬੱਚਿਆਂ ਨੂੰ ਮੌਤਾਂ ਹੋਣ ਤੋਂ ਬਾਅਦ ਕਬਜ਼ਾ ਦੇ ਕੇ ਜਾਂਦੇ ਸਨ ਅਤੇ ਉਨ੍ਹਾਂ ਦੀ ਰਜਿਸਟਰੀ ਨਹੀਂ ਸੀ ਹੋਈ ਹੁੰਦੀ। ਸੋ, ਮੁੱਖ ਮੰਤਰੀ ਸਾਹਿਬ ਨੇ ਜਿਹੜੀ ਇਹ ਇਤਿਹਾਸਕ ਅਮੈਂਡਮੈਂਟ ਕੀਤੀ ਹੈ ਮੈਂ ਇਸ ਦਾ ਸਮਰਥਨ ਕਰਦਾ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਸਾਰਾ ਹਾਊਸ ਇਸ ਨੂੰ ਸਮਰਥਨ ਦੇ ਕੇ ਪਾਸ ਕਰੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਰਜਨੀਸ਼ ਕੁਮਾਰ ਦਹੀਯਾ ਜੀ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.)**: ਬਹੁਤ ਬਹੁਤ ਧੰਨਵਾਦ ਜੀ। ਅੱਜ ਜਦੋਂ ਇਹ ਬਿਲ ਪੇਸ਼ ਹੋਇਆ ਤਾਂ ਵਾਕਿਆ ਹੀ ਪਰਾਊਡ ਫੀਲ ਹੋਇਆ ਕਿ ਜੋ ਗੱਲਾਂ ਇਲੈਕਸ਼ਨ ਤੋਂ ਪਹਿਲਾਂ ਅਸੀਂ ਲੋਕਾਂ ਵਿੱਚ ਕੰਪੇਨ ਕਰਨ ਵੇਲੇ ਕਹਿੰਦੇ ਸੀ, ਜੋ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਦੇ ਸੀ ਅਤੇ ਸਰਕਾਰ ਬਣਨ ਤੋਂ ਬਾਅਦ ਹਰੇਕ ਹਲਕੇ ਦੇ ਐਮ.ਐਲ.ਏ. ਸਾਹਿਬਾਨ ਵੱਲੋਂ ਲੋਕਾਂ ਦੀਆਂ ਉਹ ਦੁੱਖ ਤਕਲੀਫਾਂ ਸੀ.ਐਮ. ਸਾਹਿਬ ਦੇ ਅੱਗੇ ਰੱਖੀਆਂ ਗਈਆਂ। ਪਿੱਛੇ ਇਸ ਸਰਕਾਰ ਵਿੱਚ ਜਿੰਨੇ ਵੀ ਸੈਸ਼ਨ ਹੋਏ, ਸੈਸ਼ਨ ਵਿੱਚ ਹਰੇਕ ਐਮ.ਐਲ.ਏ. ਸਾਹਿਬਾਨ ਨੇ ਐਨ.ਓ.ਸੀਜ਼ ਬਾਰੇ ਗੱਲ ਕੀਤੀ। ਅੱਜ ਇਹ ਬਿਲ

ਲਿਆ ਕੇ ਮਾਨਯੋਗ ਸੀ.ਐਮ. ਸਾਹਿਬ ਨੇ ਕਰੋੜਾਂ ਲੋਕਾਂ ਦੇ ਸੁਪਨਿਆਂ ਨੂੰ ਸਕਾਰ ਕੀਤਾ ਹੈ ਜਿਹੜੇ ਕਿ ਆਪਣਾ ਛੋਟਾ ਜਿਹਾ ਆਸ਼ਿਆਨਾ ਬਣਾਉਣ ਦਾ ਸੁਪਨਾ ਦੇਖ ਰਹੇ ਸਨ। ਸਰ, ਮੈਂ ਸਮਝਦਾ ਹਾਂ ਕਿ ਅੱਜ ਦਾ ਦਿਨ ਬਹੁਤ ਇਤਿਹਾਸਕ ਹੈ ਅਤੇ ਇਸ ਬਿਲ ਦੇ ਆਉਣ ਨਾਲ ਮੈਨੂੰ ਇਹ ਗੱਲ ਕਹਿੰਦੇ ਖੁਸ਼ੀ ਹੋ ਰਹੀ ਹੈ ਕਿ ਮਾਣਯੋਗ ਸੀ.ਐਮ. ਸਾਹਿਬ ਨੇ ਅੱਜ ਨਾ ਇਹ ਬਿਲ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਮਾਣਯੋਗ ਸੀ.ਐਮ. ਸਾਹਿਬ ਦਾ ਇਹ ਬਿਲ, ਸਰਕਾਰ ਦਾ ਇਹ ਬਿਲ ਆਉਣ ਵਾਲੇ ਸਾਲ 2027 ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਗੌਰਮਿੰਟ-2 ਦੀ ਨੀਂਹ ਪੱਥਰ ਹੈ। (ਥੰਪਿੰਗ) ਸਰ, ਮੈਂ ਜਦੋਂ ਇਸ ਬਿਲ ਨੂੰ ਪੜ੍ਹ ਰਿਹਾ ਸੀ ਤਾਂ ਇੱਕ ਇੱਕ ਲਾਈਨ ਨੂੰ ਬਾਖੂਬੀ ਇਸ ਤਰੀਕੇ ਨਾਲ ਐਕਸਪਲੇਨ ਕੀਤਾ ਗਿਆ ਕਿ ਜਿਵੇਂ ਜਿਵੇਂ ਪੜ੍ਹ ਰਹੇ ਸਨ ਤਾ ਚਿਹਰੇ ਤੇ ਖੁਸ਼ੀ ਆ ਰਹੀ ਸੀ। ਮੈਨੂੰ ਇੱਕ ਗੱਲ ਯਾਦ ਆ ਗਈ, ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਅਸੀਂ 15-20 ਸਾਲ ਇੱਥੇ ਹੀ ਹਾਂ ਅਸੀਂ ਕਿਤੇ ਵੀ ਨਹੀਂ ਜਾਂਦੇ। ਅੱਜ ਇਸ ਬਿਲ ਨੇ ਉਹ ਗੱਲ ਸਾਬਿਤ ਕਰ ਦਿੱਤੀ।(ਥੰਪਿੰਗ)

**1510/Gurpreet kaur/BS khokhar**

**ਮਾਣਯੋਗ ਸਪੀਕਰ** : ਠੀਕ ਹੈ ਜੀ, ਥੈਂਕ ਯੂ। ਤੁਸੀਂ ਕਨਕਲੂਡ ਕਰ ਲਵੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਸਰ, ਪਲੀਜ਼ ਮੇਰੀ ਬੇਨਤੀ ਹੈ ਕਿ ਮੈਂ ਥੋੜ੍ਹਾ ਜਿਹਾ ਸਮਾਂ ਲਵਾਂਗਾ ਕਿਉਂਕਿ ਇਸ ਬਿਲ ਵਿੱਚ ਬਹੁਤ ਕੁਝ ਹੈ। ਹਰ ਇੱਕ ਮੀਡੀਅਮ ਕਲਾਸ ਫੈਮਿਲੀ ਜਾਂ ਗਰੀਬ ਬੰਦਾ ਜਾਂ ਮੁਲਾਜ਼ਮ ਹੈ, ਉਸ ਦਾ ਸੁਪਨਾ ਹੁੰਦਾ ਹੈ ਕਿ ਘਰ ਬਣਾਉਣਾ ਹੈ, ਉਸ ਦਾ ਘਰ 5 ਮਰਲੇ, 10 ਮਰਲੇ ਜਾਂ ਵੱਧ ਤੋਂ ਵੱਧ ਇੱਕ ਕਨਾਲ ਜਿਹੜੀ ਕਿ 500 ਗਜ਼ ਤੱਕ ਦਾ ਹੀ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਮਾਣਯੋਗ ਸੀ.ਐਮ. ਸਾਹਿਬ ਨੂੰ ਸਪੋਰਟ ਕਰਨ ਵਿੱਚ ਜਿਹੜੀ ਅਫਸਰਸ਼ਾਹੀ ਨੇ ਵੀ ਯੋਗਦਾਨ ਦਿੱਤਾ ਹੈ, ਮੈਂ ਇਸ ਹਾਊਸ ਨੂੰ ਕਹਾਂਗਾ ਕਿ ਉਨ੍ਹਾਂ ਵਾਸਤੇ ਵੀ ਇਸ ਹਾਊਸ ਵਿੱਚ ਤਾੜੀਆਂ ਮਾਰਨ, ਜਿਨ੍ਹਾਂ ਨੇ ਕਿ ਇਸ ਬਿਲ ਨੂੰ ਤਿਆਰ ਕੀਤਾ ਹੈ। (ਥੰਪਿੰਗ) ਮੈਂ ਕਹਿਣਾ ਚਾਹਾਂਗਾ ਕਿ ਇਹ ਪੰਜਾਬ ਦੇ ਲੋਕਾਂ ਲਈ ਇੱਕ ਬਹੁਤ ਵੱਡਾ ਬੈਨੇਫਿਟ ਹੈ ਕਿਉਂਕਿ ਇਸ ਤੋਂ ਪਹਿਲਾਂ ਮਿਡਲ ਕਲਾਸ ਅਤੇ ਆਮ ਲੋਕਾਂ ਦੀ ਗੱਲ ਸੀ.ਐਮ. ਸਾਹਿਬ ਨੇ ਸੁਣੀ ਅਤੇ ਉਨ੍ਹਾਂ ਦੀ ਗੱਲ ਨੂੰ ਅਤੇ ਉਨ੍ਹਾਂ ਦੇ ਸੁਪਨੇ ਨੂੰ ਸੱਚ ਕੀਤਾ ਜਦੋਂ 600 ਯੂਨਿਟ ਬਿਜਲੀ ਮੁਫਤ ਦਿੱਤੀ ਗਈ। ਸੀ.ਐਮ. ਸਾਹਿਬ ਦਾ ਇਹ ਕਹਿਣਾ ਸੀ ਕਿ ਜਦੋਂ ਆਪਾਂ 600 ਯੂਨਿਟ ਮੁਫਤ ਦੇ ਰਹੇ ਹਾਂ ਤਾਂ ਉਨ੍ਹਾਂ ਨੂੰ ਘਰ ਬਣਾਉਣ ਦੀ ਇਜਾਜ਼ਤ ਕਿਉਂ ਨਹੀਂ ਦੇ ਰਹੇ? ਜਿੰਨੇ ਵੀ ਐਮ.ਐਲ.ਏਜ਼ ਸਾਹਿਬਾਨ ਇੱਥੇ ਬੈਠੇ ਹਨ, ਉਨ੍ਹਾਂ ਸਾਰਿਆਂ ਕੋਲ ਬਹੁਤ ਸਾਰੀ ਦੁਨੀਆਂ ਆਉਂਦੀ ਸੀ ਕਿ ਸਾਨੂੰ ਮੀਟਰ ਨਹੀਂ ਮਿਲ ਰਿਹਾ। ਅਸੀਂ ਰਜਿਸਟਰੀ ਤਾਂ ਕਰਵਾ ਲਈ ਹੈ ਪਰੰਤੂ ਸਾਨੂੰ ਮੀਟਰ ਨਹੀਂ ਮਿਲ ਰਿਹਾ ਔਰ ਕਈ ਵਾਰ ਤਾਂ ਇਸ ਤਰ੍ਹਾਂ ਦੇ ਹਾਲਾਤ ਹੁੰਦੇ ਸੀ ਕਿ ਸਾਡੇ ਕੋਲ ਇਸ ਤਰ੍ਹਾਂ ਫਾਈਲ ਸੁੱਟ ਕੇ ਚਲੇ ਜਾਂਦੇ ਸੀ ਅਤੇ ਕਹਿੰਦੇ ਸੀ ਕਿ ਜਿਸ ਦਿਨ ਮੀਟਰ ਲੱਗ ਗਿਆ ਸਾਨੂੰ ਦੱਸ ਦਿਓ। ਸਰ, ਇਸ ਨਾਲ ਜਿੱਥੇ ਪੰਜਾਬ ਸਰਕਾਰ ਦੀ ਆਮਦਨ ਵਧੇਗੀ, ਖਜ਼ਾਨਾ ਮਜ਼ਬੂਤ ਹੋਵੇਗਾ ਅਤੇ ਇਸ ਦੇ ਨਾਲ ਹੀ ਲੋਕਾਂ ਦੀ ਖੱਜਲ-ਖੁਆਰੀ ਵੀ ਘਟੇਗੀ ਅਤੇ ਖਤਮ ਹੋਵੇਗੀ। ਅਰਬਨ ਡਿਵੈਲਪਮੈਂਟ ਡਿਪਾਰਟਮੈਂਟ ਅਤੇ ਲੋਕਲ ਬਾਡੀਜ਼ ਡਿਪਾਰਟਮੈਂਟ ਨੂੰ ਵੀ ਇਸ ਵਿੱਚ ਇਨਵਾਲਵ ਕੀਤਾ ਗਿਆ ਹੈ। ਮੈਂ ਪੜ੍ਹ ਰਿਹਾ ਸੀ ਕਿ 31 ਜੁਲਾਈ, 2024 ਤੱਕ ਕੋਈ ਐਨ.ਓ.ਸੀ. ਦੀ ਜ਼ਰੂਰਤ ਨਹੀਂ ਹੋਵੇਗੀ। ਇਸ ਦੇ ਲਈ ਇੱਕ ਸਪੇਸੀਫਾਈਡ ਡੇਟ ਦਿੱਤੀ ਗਈ ਹੈ। ਇਸ ਤੋਂ ਬਾਅਦ ਵੀ ਜੇਕਰ ਕਿਸੇ ਵਾਜਬ ਕਾਰਨ ਕਰਕੇ ਜੇਕਰ ਉਹ ਸੇਲ ਡੀਡ ਜਾਂ ਡਾਕੂਮੈਂਟਸ ਐਗਜ਼ੀਕਿਊਟ ਨਾ ਕਰਵਾ ਪਾਇਆ ਤਾਂ ਉਸ ਦੀ ਇਤਲਾਹ ਉਨ੍ਹਾਂ ਦੇ ਕੋਲ ਜਾਏਗੀ ਔਰ ਜਿਹੜਾ ਸਾਰਾ ਪ੍ਰਾਸੈੱਸ ਹੈ, ਉਹ ਬਹੁਤ ਸੌਖਾ ਕਰ

ਦਿੱਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਜਿਹੜੇ ਵੀ ਲੋਕ ਆਪਣਾ ਮਾਲਕਾਨਾ ਹੱਕ ਲੈਣ ਵਾਸਤੇ ਅਤੇ ਡਾਕੂਮੈਂਟਸ ਨੂੰ ਐਗਜ਼ੀਕਿਊਟ ਕਰਵਾਉਣ ਵਾਸਤੇ ਜਾਣਗੇ ਉਦੋਂ ਹੀ ਖੁਸ਼ੀ ਖੁਸ਼ੀ ਵਾਪਸ ਆਉਣਗੇ ਅਤੇ ਇੱਕ ਗੱਲ ਕਹਿਣਗੇ ਕਿ ਭਗਵੰਤ ਮਾਨ, ਜ਼ਿੰਦਾਬਾਦ।

**ਮਾਣਯੋਗ ਸਪੀਕਰ** : ਬੈਠੋ, ਬੈਠੋ ਹੁਣ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਬਹੁਤ ਮਿਹਰਬਾਨੀ, ਸਪੀਕਰ ਸਾਹਿਬ। ਇਹ ਬਿਲ ਅੱਛਾ ਹੈ। ਮੈਂ ਆਪਣੇ ਨੌਜਵਾਨ ਸਾਥੀ ਰਾਣਾ ਜੀ ਨੂੰ ਮੁਬਾਰਕਬਾਦ ਦੇਣਾ ਚਾਹਾਂਗਾ, ਉਨ੍ਹਾਂ ਨੇ ਬਹੁਤ ਵਾਜਬ ਗੱਲਾਂ ਇਸ ਬਿਲ ਦੇ ਬਾਰੇ ਕੀਤੀਆਂ। ਸਰ, ਇਲਲੀਗਲ ਕਾਲੋਨੀਆਂ ਪਹਿਲਾਂ ਵੀ ਬਣਦੀਆਂ ਰਹੀਆਂ ਹਨ। ਅੱਜ ਦੇ ਦਿਨ ਵੀ ਮੈਂ ਦੱਸਣਾ ਚਾਹਾਂਗਾ ਕਿ ਇਹ ਕੰਮ ਅਜੇ ਵੀ ਨਹੀਂ ਹਟਿਆ ਹੈ। ਅੱਜ ਦੇ ਦਿਨ ਵੀ ਇਹ ਕੰਮ ਚੱਲ ਰਿਹਾ ਹੈ। ਇਸ ਪ੍ਰੈਕਟਿਸ ਨੂੰ ਰੋਕਣ ਦੀ ਲੋੜ ਹੈ। ਸਾਡੇ ਅਜ਼ੀਜ਼, ਰਾਣਾ ਜੀ ਨੇ ਬਹੁਤ ਹੀ ਵਾਜਬ ਪੁਆਇੰਟ ਇੱਥੇ ਰੱਖੇ ਹਨ ਜਿਵੇਂ ਇਆਲੀ ਸਾਹਿਬ ਨੇ ਵੀ ਕਿਹਾ ਹੈ ਕਿ ਜੇਕਰ 500 ਗਜ਼ ਤੱਕ ਅਲਾਓ ਕੀਤਾ ਹੈ ਤਾਂ ਉਸ ਤੋਂ ਉੱਪਰ ਵਾਲਿਆਂ ਨੂੰ ਵੀ ਅਲਾਓ ਕਰ ਦਿਓ। Illegal is illegal. It may be 50 yards or 500 or more than 500. ਫਿਰ ਉਸ ਤੋਂ ਬਾਅਦ ਗੂਗਲ ਦੀ ਸਟਿਪੁਲੇਸ਼ਲ ਲਗਾਈ ਹੈ ਜੇਕਰ ਉਹ ਵੇਖਿਆ ਜਾਵੇ ਤਾਂ ਉਹ ਦੋ-ਦੋ ਸਾਲ ਤੋਂ ਅਪਗ੍ਰੇਡ ਹੀ ਨਹੀਂ ਹੋਏ। ਉਹ ਵੀ ਰੋਕ ਦੇਣਾ ਚਾਹੀਦਾ ਹੈ। ਤੀਸਰੀ ਜਿਹੜੀ ਸਭ ਤੋਂ ਵੱਡੀ ਗੱਲ ਕਹੀ ਹੈ ਤੇ ਮੈਂ ਉਨ੍ਹਾਂ ਦੀ ਗੱਲ ਦੀ ਤਾਈਦ ਵੀ ਕਰਦਾ ਹਾਂ ਕਿ ਕਲੋਨਾਈਜ਼ਰ ਨੇ ਇਲਲੀਗਲ ਕਾਲੋਨੀ ਕੱਟੀ ਹੈ ਅਤੇ ਪੈਸੇ ਲੈ ਕੇ ਚਲਾ ਗਿਆ ਹੈ। ਉਹ ਸਾਰੀਆਂ ਸੜਕਾਂ, ਸੀਵਰੇਜ ਦਾ ਕੰਮ, ਬਿਜਲੀ ਦਾ ਕੰਮ ਤਾਂ ਉੱਥੇ ਹੀ ਰਹਿ ਗਿਆ। ਇਸ ਲਈ ਕਿਰਪਾ ਕਰਕੇ ਜਿਹੜੇ ਇਹ ਨਾਨ ਆਇਡੈਂਟੀਫਾਈਡ ਬੰਦੇ ਹਨ, ਉਨ੍ਹਾਂ ਤੋਂ ਪੈਸੇ ਤਾਂ ਲਏ ਜਾਣ। ਇਨ੍ਹਾਂ ਦਾ ਕੰਮ ਜ਼ਰੂਰ ਕਰੋ, ਅਸੀਂ ਇਸ ਦਾ ਵੈਲਕਮ ਕਰਦੇ ਹਾਂ ਔਰ ਅੱਗੇ ਤੋਂ ਪਾਬੰਦ ਕਰੋ ਕਿ ਜਿਸ ਤਰ੍ਹਾਂ ਸਰਦਾਰ ਕੁਲਵੰਤ ਸਿੰਘ ਜੀ ਨੇ ਗੱਲ ਕਹੀ ਸੀ ਕਿ ਕੋਈ ਵੀ ਇਲਲੀਗਲ ਕਾਲੋਨੀ ਨਾਲ ਦੇ ਸੂਬਿਆਂ ਵਿੱਚ ਨਹੀਂ ਬਣਦੀ, ਅਸੀਂ ਵੀ ਪਾਬੰਦ ਕਰ ਸਕਦੇ ਹਾਂ। ਸਾਡਾ ਇੱਕ ਸਾਥੀ ਅਫਸਰਾਂ ਦੀ ਤਾਰੀਫ ਕਰ ਰਿਹਾ ਸੀ, ਜੇਕਰ ਅਫਸਰਾਂ ਦਾ ਇਸ ਵਿੱਚ ਹੱਥ ਨਾ ਹੋਵੇ ਤਾਂ ਕੋਈ ਵੀ ਕਾਲੋਨੀ ਇਲਲੀਗਲ ਬਣ ਹੀ ਨਹੀਂ ਸਕਦੀ। (ਹਾਸਾ) ਇਸ ਵਿੱਚ ਸਾਰਿਆਂ ਨਾਲੋਂ ਵੱਡਾ ਹੱਥ ਹੀ ਇਨ੍ਹਾਂ ਦਾ ਹੈ। ਤੁਸੀਂ ਅਤੇ ਅਸੀਂ ਤਾਂ ਪੰਜ ਸਾਲਾਂ ਬਾਅਦ ਬਦਲ ਜਾਣਾ ਹੈ ਪਰ ਇਹ ਤਾਂ ਪੱਕੇ ਹੀ ਇੱਥੇ ਹਨ। ਇਨ੍ਹਾਂ ਦੀ ਬਹੁਤੀ ਤਾਰੀਫ ਨਾ ਕਰੋ। ਇਨ੍ਹਾਂ ਦੀ ਤਾਰੀਫ ਨਾਲ ਤੁਹਾਡੀ ਗੱਲ ਨਹੀਂ ਬਣਨੀ। ਇਸ ਗੱਲ ਕਾਰਨ, ਮੈਂ ਤੁਹਾਨੂੰ ਗੁਜਾਰਿਸ਼ ਕਰਦਾ ਹਾਂ ਕਿ ਜਿਹੜੀ ਗੱਲ ਰਾਣਾ ਜੀ ਨੇ ਕਹੀ ਹੈ, ਮੈਂ ਉਨ੍ਹਾਂ ਦੀ ਗੱਲ ਦੀ ਤਾਈਦ ਕਰਦਾ ਹਾਂ। ਇਹ ਜਿਹੜੇ ਕਲੋਨਾਈਜ਼ਰ ਹਨ

**1515/Rajneet Kaur/BS khokhar**

ਜਿਹੜੇ ਕਿ ਅਸਲ ਗੁਨਾਹਗਾਰ ਹਨ। ਲੋਕਾਂ ਨੂੰ ਲੁੱਟ ਕੇ ਸਸਤੇ ਪਲਾਟ ਵੇਚ ਕੇ ਉੱਥੇ ਕਿਸੇ ਕਿਸਮ ਦਾ ਕੋਈ ਪ੍ਰੋਵੀਜ਼ਨ ਨਹੀਂ ਕਰਦੇ। ਉਹ ਪੈਸੇ ਲੁੱਟ ਕੇ ਅੱਗੇ ਚਲੇ ਜਾਂਦੇ ਹਨ ਅਤੇ ਪੰਜਵੇਂ, ਸੱਤਵੇਂ ਅਤੇ ਦਸਵੇਂ ਸਾਲ ਜਿਹੜੀ ਸਰਕਾਰ ਆਉਂਦੀ ਹੈ, ਉਹ ਇਨ੍ਹਾਂ ਨੂੰ ਰੈਗੂਲਰ ਕਰ ਦਿੰਦੀ ਹੈ। ਜਿਹੜੇ ਲੀਗਲ ਕਾਲੋਨੀਆਂ ਕੱਟਣ ਵਾਲੇ ਇਯਾਲੀ ਸਾਹਿਬ ਵਰਗੇ, ਕੁਲਵੰਤ ਸਿੰਘ ਵਰਗੇ ਬੈਠੇ ਹਨ, let us promote those kind of people. ਕਿਸੇ ਏਰੀਏ ਵਿੱਚ ਜੇਕਰ ਗਰੀਬ ਲੋਕ ਵੀ ਕੁਝ ਚੰਗਾ ਬਣਾਉਣਾ ਚਾਹੁੰਦੇ ਹਨ ਤਾਂ ਉਸ ਕਿਸਮ ਦਾ ਏਰੀਆ ਵੀ ਬਣ ਸਕਦਾ ਹੈ। ਸੋ, ਇਹ ਜਿਹੜਾ ਇੱਕ ਅਰਬਨ ਸਲੱਮ ਅਸੀਂ ਪੰਜਾਬ ਵਿੱਚ

ਬਣਾ ਰਹੇ ਹਾਂ, ਉਸ ਨੂੰ ਰੋਕਣ ਦੀ ਲੋੜ ਹੈ। ਜੋ ਤੁਸੀਂ ਕੀਤਾ ਹੈ, ਅਸੀਂ ਸਪੋਰਟ ਕਰਾਂਗੇ but ਇਸ ਵਿੱਚ ਜਿਹੜੀਆਂ ਕਮੀਆਂ ਪੇਸ਼ੀਆਂ ਹਨ, ਸਰਦਾਰ ਹਰਪਾਲ ਸਿੰਘ ਜੀ, ਉਨ੍ਹਾਂ ਕਮੀਆਂ ਪੇਸ਼ੀਆਂ ਨੂੰ ਜ਼ਰੂਰ ਦੂਰ ਕੀਤਾ ਜਾਵੇ। ਉਨ੍ਹਾਂ ਸਬੰਧੀ ਪੁਰਾਣੀਆਂ ਸਰਕਾਰਾਂ ਬਾਰੇ ਜੋ ਮਰਜ਼ੀ ਕਹਿੰਦੇ ਰਹੀਏ, ਹੁਣ ਵੀ ਇਹ ਹੀ ਕੰਮ ਚੱਲੀ ਜਾਂਦਾ ਹੈ। Illegal colonies hundreds are still being made in all of Punjab. ਜੇ ਬਹੁਤੀ ਗੱਲ ਕਰੋਗੇ ਤਾਂ ਮੈਂ ਤੁਹਾਨੂੰ ਇਨ੍ਹਾਂ ਬਾਰੇ ਹੋਰ ਵੀ ਬਹੁਤ ਕੁਝ ਦੱਸ ਸਕਦਾ ਹਾਂ। ਸੋ, ਮੈਂ ਚਾਹੁੰਦਾ ਹਾਂ ਕਿ ਇਸ ਨੂੰ ਵਿਵਾਦ ਵਿੱਚ ਕਰੀਏਟ ਨਾ ਕਰੀਏ। ਇਸ ਬਿਲ ਨੂੰ ਅਸੀਂ ਸਪੋਰਟ ਕਰਾਂਗੇ ਪਰ ਜਿਹੜੀਆਂ ਇਸਦੀਆਂ ਕਮੀਆਂ ਪੇਸ਼ੀਆਂ ਹਨ, ਉਹ ਦੂਰ ਕੀਤੀਆਂ ਜਾਣ। ਥੈਂਕ ਯੂ।

**Mr. Speaker:** Thank You. ਸੀ.ਐਮ. ਸਾਹਿਬ, ਅੱਜ ਬੜੀ ਵਧਾਈ ਦੀ ਗੱਲ ਹੈ। ਸਾਰੇ ਹਿੰਦੁਸਤਾਨ ਵਿੱਚੋਂ ਇੱਕ ਡਾਟਾ ਮੰਗਵਾਇਆ ਸੀ ਔਰ ਬਹੁਤੀਆਂ ਵਿਧਾਨ ਸਭਾਵਾਂ ਵਿੱਚ ਬਿਲਾਂ ਤੇ ਡਿਸਕਸ਼ਨ ਨਹੀਂ ਹੁੰਦੀ ਸੀ। ਅੱਜ ਤੁਸੀਂ ਇਹ ਬਿਲ ਲੈ ਕੇ ਆਏ ਹੋ ਔਰ ਬੜੀ healthy discussion ਹੋ ਰਹੀ ਹੈ। ਮੇਰੇ ਮਨ ਨੂੰ ਤਸੱਲੀ ਹੋਈ ਹੈ ਕਿ ਆਪਾਂ ਸਹੀ ਕੰਮ ਕਰ ਰਹੇ ਹਾਂ। (ਥੰਪਿੰਗ) ਮੈਂ ਹੁਣ ਕੁਲਦੀਪ ਧਾਲੀਵਾਲ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਗੱਲ ਰੱਖਣ।

**ਪ੍ਰਬੰਧਕੀ ਸੁਧਾਰ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਜਿਹੜਾ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਨੇ ਬਹੁਤ ਹੀ ਇਤਿਹਾਸਿਕ ਬਿਲ ਵਿਧਾਨ ਸਭਾ ਵਿੱਚ ਪੇਸ਼ ਕੀਤਾ ਹੈ, ਉਸ ਤੇ ਵਿਚਾਰ ਦੇਣ ਦਾ ਮੌਕਾ ਦਿੱਤਾ ਹੈ। ਪਹਿਲਾਂ ਤਾਂ ਮੈਂ ਇਸ ਬਿਲ ਦੀ ਬਹੁਤ ਹਮਾਇਤ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਮੁੱਦਾ ਹੈ, ਜਿਹੜਾ ਅੱਜ ਪੰਜਾਬ ਦੇ ਮਿਡਲ ਕਲਾਸ ਲੋਕਾਂ, ਗਰੀਬ ਲੋਕਾਂ ਦਾ ਹੱਲ ਹੋਣ ਜਾ ਰਿਹਾ ਹੈ, ਇਹ ਸਰ, ਬਹੁਤ ਵੱਡਾ ਮੁੱਦਾ ਹੈ। ਇਹ ਇੰਨਾ ਕੁ ਵੱਡਾ ਮੁੱਦਾ ਹੈ ਜਿਹੜਾ ਕਿ ਸੀ.ਐਮ. ਸਾਹਿਬ ਨੇ ਹੱਲ ਕੀਤਾ ਹੈ। ਅਸੀਂ ਪਹਿਲਾਂ ਵੀ ਜਦੋਂ ਸੀ.ਐਮ. ਸਾਹਿਬ ਨੂੰ ਕੈਬਨਿਟ ਮੀਟਿੰਗਾਂ ਵਿੱਚ ਜਾਂ ਵੈਸੇ ਵੀ ਮਿਲਦੇ ਸੀ ਤਾਂ ਅਸੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦੇ ਸੀ ਕਿ ਸਰ, ਇਸ ਦਾ ਕੋਈ ਹੱਲ ਕੱਢੋ। ਇਸ ਦਾ ਆਪਾਂ ਕੋਈ ਹੱਲ ਕੱਢੀਏ ਕਿਉਂਕਿ ਹਾਈ ਕੋਰਟ ਵਿੱਚ ਕੇਸ ਸੀ। ਸਹਿਜੇ ਸਹਿਜੇ ਇਸ ਦਾ ਹੱਲ ਆਇਆ ਔਰ ਲੋਕ ਸਭਾ ਦੀਆਂ ਇਲੈਕਸ਼ਨਾਂ ਸਮੇਂ ਜਦੋਂ ਅਸੀਂ ਗਏ, ਜਿਹੜਾ ਮੇਰਾ ਤਜ਼ਰਬਾ ਹੋਇਆ ਮੈਨੂੰ ਲੱਗਾ ਕਿ ਸਭ ਤੋਂ ਵੱਡਾ ਲੋਕਾਂ ਦਾ ਮੁੱਦਾ ਹੀ ਇਹੀ ਹੈ। ਸਰ, ਅੰਮ੍ਰਿਤਸਰ ਜ਼ਿਲ੍ਹੇ ਵਿੱਚ ਮੈਂ ਲੋਕ ਸਭਾ ਦਾ ਉਮੀਦਵਾਰ ਸੀ। ਮੈਨੂੰ ਅੰਮ੍ਰਿਤਸਰ ਦੀ ਨੁੱਕਰ-ਨੁੱਕਰ ਵਿੱਚ ਜਾ ਕੇ ਲੋਕਾਂ ਨਾਲ ਮਿਲਣ ਦਾ ਮੌਕਾ ਮਿਲਿਆ। ਲੋਕਾਂ ਦਾ ਜਿਹੜਾ ਹਾਲ ਸੀ, ਲੋਕਾਂ ਨਾਲ ਜਿਹੜੀ ਠੱਗੀ ਵੱਜੀ, ਸਰ, ਜੇਕਰ ਤੁਸੀਂ ਵੀ ਉਹ ਸੁਣਦੇ ਤਾਂ ਤੁਹਾਨੂੰ ਲੱਗਣਾ ਸੀ ਕਿ ਦਿਨੇਂ ਠੱਗੀਆਂ ਕਿਵੇਂ ਵੱਜਦੀਆਂ ਹਨ।

**ਮੁੱਖ ਮੰਤਰੀ (ਬੈਠੇ ਬੈਠੇ)** : ਇਹ ਠੱਗੀ ਕਦੋਂ ਵੱਜੀ?

**ਪ੍ਰਬੰਧਕੀ ਸੁਧਾਰ ਮੰਤਰੀ**: ਮੈਂ ਦੱਸਣ ਲੱਗਾ ਹਾਂ ਜੀ।

**ਮੁੱਖ ਮੰਤਰੀ**: ਹਾਂ ਜੀ, ਦੱਸੋ।

**ਪ੍ਰਬੰਧਕੀ ਸੁਧਾਰ ਮੰਤਰੀ**: ਐਲ.ਓ.ਪੀ. ਸਾਹਿਬ ਹੁਣੇ ਕਹਿਣੇ ਲੱਗੇ ਸੀ ਕਿ ਅਫਸਰਾਂ ਦੀਆਂ ਬਹੁਤੀਆਂ ਸਿਫਤਾਂ ਨਾ ਕਰੋ। ਸਰ, ਪਿਛਲੇ 30 ਸਾਲ ਵਿੱਚ ਬਾਜਵਾ ਸਾਹਿਬ ਜਾਣਦੇ ਹਨ, ਅੰਮ੍ਰਿਤਸਰ ਮਾਨਾਵਾਲਾ ਜਦੋਂ ਲੰਘਦੇ ਹਾਂ, ਜਿੱਥੋਂ ਕਾਲੋਨੀਆਂ ਦਾ

ਕੰਮ ਸ਼ੁਰੂ ਹੁੰਦਾ ਹੈ, ਬਾਈਪਾਸ ਦੇ ਬਾਹਰ ਬਾਹਰ ਜਿੰਨੀਆਂ ਕਾਲੋਨੀਆਂ ਕੱਟੀਆਂ ਗਈਆਂ, ਪੂਰੇ ਅੰਮ੍ਰਿਤਸਰ ਦੇ ਚਾਰ ਚੁਫੇਰੇ ਸਰ, ਇਕੱਲੀ-ਇਕੱਲੀ ਕਾਲੋਨੀ ਬਾਰੇ ਕਿਸੇ ਬੰਦੇ ਨੂੰ ਪੁੱਛ ਲਵੋ। ਚਾਹੇ ਰਿਕਸ਼ੇ ਵਾਲੇ ਨੂੰ ਪੁੱਛ ਲਵੋ, ਇੱਕ ਮਿੰਟ ਵਿੱਚ ਲੀਡਰ ਦਾ ਨਾਮ ਲੈ ਦੇਣਗੇ ਕਿ ਇਹ ਫਲਾਣੇ ਅਕਾਲੀ ਲੀਡਰ ਦੀ ਹੈ ਜੀ। ਇਹ ਫਲਾਣੇ ਕਾਂਗਰਸੀ ਲੀਡਰ ਦੀ ਹੈ, ਇਹ ਫਲਾਣੇ ਐਮ.ਐਲ.ਏ. ਦੀ ਹੈ ਜੀ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ ਅਤੇ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਤਾਂ ਹੈਰਾਨ ਸੀ ਕਿ ਵਿਚਾਰੇ ਲੋਕਾਂ ਨਾਲ ਸ਼ਰੇਆਮ ਠੱਗੀ ਵੱਜੀ ਹੈ ਔਰ ਇਹ ਜਾਣਦੇ ਹਨ ਐਲ.ਓ.ਪੀ. ਸਾਹਿਬ ਅੰਮ੍ਰਿਤਸਰ ਵਿੱਚ ਬਹੁਤ ਸਾਰੀਆਂ ਕਾਲੋਨੀਆਂ ਨੂੰ ਜਾਣਦੇ ਹਨ।

**ਮੁੱਖ ਮੰਤਰੀ (ਬੈਠੇ ਬੈਠੇ)**: ਇਨ੍ਹਾਂ ਦੀਆਂ ਵੀ ਹਨ ਜੀ।

**ਪ੍ਰਬੰਧਕੀ ਸੁਧਾਰ ਮੰਤਰੀ**: ਇਨ੍ਹਾਂ ਦੀਆਂ ਵੀ ਹੋਣਗੀਆਂ ਪਰ ਕਿਸ ਕਿਸ ਦੀਆਂ ਹਨ ਇਨ੍ਹਾਂ ਨੂੰ ਪਤਾ ਹੈ। ਸਰ, ਇਨ੍ਹਾਂ ਨੂੰ ਪਤਾ ਹੈ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ ਅਤੇ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ, ਬੇਬੁਨਿਆਦ ਗੱਲਾਂ ਨਾ ਕਰੋ। ਸੀ.ਐਮ. ਸਾਹਿਬ ਬੇਬੁਨਿਆਦ ਗੱਲਾਂ ਨਾ ਕਰੋ। ਬੇਬੁਨਿਆਦ ਗੱਲਾਂ ਕਰਨ ਦੀ ਆਦਤ ਹੈ ਤੁਹਾਨੂੰ। ਕੋਈ ਇੱਕ ਹੈ ਤਾਂ name ਕਰੋ ਕਿਸੇ ਦਾ। ਕੋਈ ਹੈ ਤਾਂ name ਕਰੋ।

**ਪ੍ਰਬੰਧਕੀ ਸੁਧਾਰ ਮੰਤਰੀ**: ਬੇਬੁਨਿਆਦ ਗੱਲਾਂ ਨਹੀਂ ਕਰਦੇ ਜੀ, ਬੁਨਿਆਦ ਵਾਲੀ ਗੱਲ ਕਰਦੇ ਹਾਂ।

**ਮਾਣਯੋਗ ਸਪੀਕਰ**: ਬਾਜਵਾ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਹਾਨੂੰ ਐਕਸ਼ਨ ਕਰਨ ਤੋਂ ਕਿਸ ਨੇ ਰੋਕਿਆ ਹੈ।

**ਪ੍ਰਬੰਧਕੀ ਸੁਧਾਰ ਮੰਤਰੀ**: ਸਰ, ਜੀ ਐਕਸ਼ਨ ਕਰਾਂਗੇ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਬਾਜਵਾ ਜੀ, ਬੈਠੋ। (ਵਿਘਨ, ਸ਼ੋਰ।) ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਬਾਜਵਾ ਸਾਹਿਬ, ਬੈਠੋ। ਤੁਸੀਂ ਪਲੀਜ਼ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਸੀਂ ਜੇ ਕੋਈ ਐਕਸ਼ਨ ਲੈਣਾ ਹੈ, ਤਾਂ ਐਕਸ਼ਨ ਕਰਦੇ ਕਿਉਂ ਨਹੀਂ? ਕਰੋ ਐਕਸ਼ਨ।

**ਪ੍ਰਬੰਧਕੀ ਸੁਧਾਰ ਮੰਤਰੀ**: ਸਰ ਜੀ, ਲੋਕਾਂ ਦਾ ਦੁੱਖ ਸੁਣੋ। ਸੁਣਦੇ ਕਿਓਂ ਨਹੀਂ?

**ਮਾਣਯੋਗ ਸਪੀਕਰ**: ਧਾਲੀਵਾਲ ਸਾਹਿਬ, ਚੇਅਰ ਨੂੰ ਐਡਰੈੱਸ ਕਰੋ। (ਵਿਘਨ, ਸ਼ੋਰ)

**1520/Kuldeep kaur/Rajneesh kumar**

**ਮਾਣਯੋਗ ਸਪੀਕਰ**: ਬਾਜਵਾ ਜੀ ਬੈਠੋ। ਬਾਜਵਾ ਜੀ ਬੈਠੋ(ਵਿਘਨ...ਸ਼ੋਰ)। ਬਾਜਵਾ ਜੀ, ਬੈਠੋ ਪਲੀਜ਼। ਬਾਜਵਾ ਸਾਹਿਬ ਬੈਠੋ, ਬੈਠੋ। ਉਨ੍ਹਾਂ ਨੂੰ ਗੱਲ ਕੰਪਲੀਟ ਕਰਨ ਦਿਓ। ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਬੈਠੋ ਬਾਜਵਾ ਸਾਹਿਬ, ਬੈਠੋ। ਤੁਸੀਂ (ਪ੍ਰਸ਼ਾਸਨਿਕ ਸੁਧਾਰ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ) ਚੇਅਰ ਨੂੰ ਐਡਰੈੱਸ ਕਰੋ। ਬਾਜਵਾ ਜੀ, ਤੁਸੀਂ ਬੈਠੋ ਜੀ।

**ਪ੍ਰਬੰਧਕੀ ਸੁਧਾਰ ਮੰਤਰੀ**: ਸਰ ਜੀ, ਲੋਕਾਂ ਦਾ ਦੁੱਖ ਤਾਂ ਸੁਣ ਲਓ। ਸਰ ਜੀ, ਲੋਕਾਂ ਦਾ ਦੁੱਖ ਸੁਣੋ। ਤੁਸੀਂ ਸੁਣਦੇ ਕਿਉਂ ਨਹੀਂ? (ਵਿਘਨ...ਸ਼ੋਰ)।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਟਰੇਜ਼ਰੀ ਬੈਂਚਿਜ਼ ਦੀਆਂ ਸੀਟਾਂ ਤੇ ਖੜ੍ਹੇ ਮੰਤਰੀ ਸਾਹਿਬਾਨ ਅਤੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: ਧਾਲੀਵਾਲ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਗੱਲ ਕਰਨੀ ਹੈ ਤਾਂ ਕੋਈ ਬੁਨਿਆਦ ਦੀ ਗੱਲ ਕਰੋ। ਤੁਹਾਨੂੰ ਡਿਸਕਸ਼ਨ ਕਰਨ ਤੋਂ ਕਿਸ ਨੇ ਰੋਕਿਆ ਹੈ? ਜੇਕਰ ਐਕਸ਼ਨ ਕਰਨਾ ਹੈ ਤਾਂ ਕਰਦੇ ਕਿਉਂ ਨਹੀਂ? ਤੁਸੀਂ ਐਕਸ਼ਨ ਕਰੋ।

**ਪ੍ਰਬੰਧਕੀ ਸੁਧਾਰ ਮੰਤਰੀ:** ਲੋਕਾਂ ਦਾ ਦੁੱਖ ਸੁਣੋ। ਸੁਣਦੇ ਕਿਉਂ ਨਹੀਂ?

**ਮਾਣਯੋਗ ਸਪੀਕਰ**: ਧਾਲੀਵਾਲ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਮੁੱਖ ਮੰਤਰੀ (ਬੈਠੇ ਬੈਠੇ):** ਬਿਲ ਆ ਜਾਣ ਦਿਉ, ਐਕਸ਼ਨ ਕਰਾਂਗੇ।

**ਪ੍ਰਬੰਧਕੀ ਸੁਧਾਰ ਮੰਤਰੀ :** ਐਕਸ਼ਨ ਵੀ ਕਰਾਂਗੇ, ਬਿਲ ਤਾਂ ਆਉਣ ਦਿਉ। ਐਕਸ਼ਨ ਕਰਾਂਗੇ।

**ਮੁੱਖ ਮੰਤਰੀ (ਬੈਠੇ ਬੈਠੇ):** ਸਾਨੂੰ ਸਭ ਪਤਾ ਹੈ, ਟੋਲ ਪਲਾਜ਼ੇ ਕਿਥੋਂ ਸੀ ਅਤੇ ਕਿਵੇਂ ਸੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ, ਪ੍ਰਬੰਧਕੀ ਸੁਧਾਰ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਪ੍ਰਸ਼ਾਸਕੀ ਸੁਧਾਰ ਮੰਤਰੀ ਸ਼੍ਰੀ ਅਮਨ ਅਰੋੜਾ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸਰਦਾਰ ਚੇਤਨ ਸਿੰਘ ਜੋੜਾਮਾਜਰਾ ਸਮੇਤ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸੀਟਾਂ ਤੇ ਖੜ੍ਹੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮੁੱਖ ਮੰਤਰੀ (ਬੈਠੇ ਬੈਠੇ):** ਅਸੀਂ ਐਕਸ਼ਨ ਲੈ ਲਵਾਂਗੇ। ਸਰਕਾਰ ਤਾਂ ਨਹੀਂ ਖਤਮ ਹੋ ਗਈ, ਸਬਰ ਕਰੋ।

**ਰੱਖਿਆ ਸੇਵਾਵਾਂ ਭਲਾਈ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ):** ਸੁਣਨ ਦਾ ਤਾਂ ਮਾਦਾ ਰੱਖੋ। ਸੁਣੋ। (ਵਿਘਨ...ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਮਾਣਯੋਗ ਸਪੀਕਰ**: ਤੁਸੀਂ ਬੈਠੋ। ਪਲੀਜ਼ ਬੈਠੋ ਤੁਸੀਂ। ਬੈਠੋ ਜੀ, ਬੈਠੋ।

**ਰੱਖਿਆ ਸੇਵਾਵਾਂ ਭਲਾਈ ਮੰਤਰੀ** : ਤੁਹਾਨੂੰ ਬੋਲਣ ਦਾ ਮੌਕਾ ਦਿੱਤਾ, ਤੁਸੀਂ ਉਦੋਂ ਬੋਲ ਲਿਆ ਹੈ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਡਿਸਕਸ਼ਨ ਹੋਣ ਦੇਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਮਾਣਯੋਗ ਸਪੀਕਰ**: ਬਾਜਵਾ ਜੀ, ਬੈਠੋ, ਬੈਠੋ, ਬੈਠੋ। ਮਾਣਯੋਗ ਮੈਂਬਰ ਸਾਹਿਬਾਨ, ਬੈਠੋ, ਬੈਠੋ। ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। (ਵਿਘਨ..ਸ਼ੋਰ)। ਸਾਰੇ ਮਾਣਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਦੇਖੋ, ਇਹ ਬੜਾ ਮੁਕੱਦਸ ਹਾਊਸ ਹੈ। ਬੜੀ ਵਧੀਆ ਡਿਸਕਸ਼ਨ ਚਲ ਰਹੀ ਸੀ। ਬਾਜਵਾ ਜੀ, ਜਦੋਂ ਤੁਸੀਂ ਬੋਲਦੇ ਸੀ ਤਾਂ ਇਨ੍ਹਾਂ ਨੇ ਨਹੀਂ ਇੰਟਰੱਪਟ ਕੀਤਾ ਅਤੇ ਜਦੋਂ ਇਹ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੋਲਦੇ ਹੁੰਦੇ ਹਨ ਤਾਂ ਆਪਾਂ ਨੂੰ ਵੀ ਨਹੀਂ ਇੰਟਰੱਪਟ ਕਰਨਾ ਚਾਹੀਦਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਤਿਕਾਰਯੋਗ ਮਨਿਸਟਰ, ਜਿਸ ਦੇ ਆਪਣੇ ਡਿਪਾਰਟਮੈਂਟ ਦਾ ਬਿਲ ਹੋਵੇ, ਉਹ ਹੀ ਇਕੱਲਾ ਬੋਲ ਸਕਦਾ ਹੈ।

**ਮਾਣਯੋਗ ਸਪੀਕਰ:** ਮੈਂ ਇੱਕ ਬੇਨਤੀ ਕਰਦਾ ਹਾਂ ਕਿ ਜਦੋਂ ਮਾਣਯੋਗ ਆਪੋਜੀਸ਼ਨ ਦੇ ਮੈਂਬਰ ਸਾਹਿਬਾਨ ਬੋਲਦੇ ਹਨ ਤਾਂ ਟਰੇਜ਼ਰੀ ਬੈਂਚਿਜ਼ ਤੋਂ ਕਿਸੇ ਨੇ ਇੰਟਰੱਪਟ ਨਹੀਂ ਕੀਤਾ। ਹੁਣ ਜਦੋਂ ਟਰੇਜ਼ਰੀ ਬੈਂਚਿਜ਼ ਦੇ ਮਾਣਯੋਗ ਮੈਂਬਰ ਬੋਲਦੇ ਹਨ ਤਾਂ ਉਦੋਂ ਤੁਸੀਂ ਇੰਟਰੱਪਟ ਨਾ ਕਰੋ। ਕਿਰਪਾ ਕਰਕੇ ਬੈਠੋ। (ਵਿਘਨ...ਸ਼ੋਰ)।

(ਇਸ ਸਮੇਂ ਰੱਖਿਆ ਸੇਵਾਵਾਂ ਭਲਾਈ ਮੰਤਰੀ ਵਿਰੋਧੀ ਧਿਰ ਦੇ ਨੇਤਾ ਨਾਲ ਉੱਚੀ ਉੱਚੀ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਮਾਣਯੋਗ ਸਪੀਕਰ**: ਬੈਠੋ ਜੀ ਬੈਠੋ। ਕੋਈ ਕਿਸੇ ਮਾਣਯੋਗ ਮੈਂਬਰ ਦੇ ਖਿਲਾਫ ਅਨਪਾਰਲੀਮੈਂਟਰੀ ਲੈਂਗੂਏਜ ਨਾ ਵਰਤੀ ਜਾਵੇ।

(ਇਸ ਸਮੇਂ ਰੱਖਿਆ ਸੇਵਾਵਾਂ ਭਲਾਈ ਮੰਤਰੀ, ਸਰਦਾਰ ਚੇਤਨ ਸਿੰਘ ਜੋੜਾਮਾਜਰਾ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸੀਟਾਂ ਤੇ ਖੜ੍ਹੇ ਮੈਂਬਰਾਂ ਨਾਲ ਬਹਿਸ ਕਰਦੇ ਹੋਏ ਆਪਣੀ ਸੀਟ ਤੋਂ ਅੱਗੇ ਆ ਕੇ ਫਲੋਰ ਦੇ ਨਜ਼ਦੀਕ ਆ ਗਏ ਸਨ।)

**ਮਾਣਯੋਗ ਸਪੀਕਰ**: ਫਲੋਰ ਕਰਾਸ ਨਾ ਕੀਤੀ ਜਾਵੇ। ਜੋੜਾਮਾਜਰਾ ਜੀ, ਪਿੱਛੇ ਹਟ ਜਾਓ। (ਵਿਘਨ...ਸ਼ੋਰ) ਬਾਜਵਾ ਜੀ ਪਲੀਜ਼ ਬੈਠੋ।

**1525/Pawan sharma/Rajneesh kumar**

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਟਰੇਜ਼ਰੀ ਬੈਂਚਿਜ ਤੋਂ ਕਈ ਮੈਂਬਰ ਅਤੇ ਮੰਤਰੀ ਸਾਹਿਬਾਨ ਵੀ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਣਯੋਗ ਸਪੀਕਰ** : ਬਾਜਵਾ ਜੀ, ਪਲੀਜ਼ ਤੁਸੀਂ ਬੈਠੋ। ਮੈਂ ਗੱਲ ਕਰਦਾ ਹਾਂ। ਪਹਿਲਾਂ ਤੁਸੀਂ ਬੈਠੋ। ਮੈਂ ਗੱਲ ਕਰਦਾ ਹਾਂ। ਮੈਂ ਇਧਰ ਗੱਲ ਕਰਦਾ ਹਾਂ (ਟਰੇਜ਼ਰੀ ਬੈਂਚਿਜ ਵੱਲ ਇਸ਼ਾਰਾ) ਤੁਸੀਂ ਬੈਠੋ, ਤੁਸੀਂ ਬੈਠੋ। ਕਿਰਪਾ ਕਰਕੇ ਤੁਸੀਂ ਬੈਠੋ। ਮੈਂ ਗੱਲ ਕਰਦਾ ਹਾਂ, ਤੁਸੀਂ ਬੈਠੋ। ਤੁਸੀਂ ਬੈਠੋ। ਮੈਂ ਗੱਲ ਕਰ ਰਿਹਾ ਹਾਂ। (ਵਿਘਨ)(ਸ਼ੋਰ) ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਬੈਠਣਗੇ। (ਵਿਘਨ)(ਸੋਰ) ਬੈਠੋ ਜੀ। ਐਲ.ਓ.ਪੀ. ਸਾਹਿਬ ਬੈਠੋ। ਸਾਰੇ ਮਾਣਯੋਗ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਜਾਣ। ਸਾਰੇ ਮਾਣਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਜਾਣ। (ਵਿਘਨ)(ਸੋਰ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਟਰੇਜ਼ਰੀ ਬੈਂਚਿਜ ਤੋਂ ਕਈ ਮੈਂਬਰ ਅਤੇ ਮੰਤਰੀ ਸਾਹਿਬਾਨ ਵੀ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਣਯੋਗ ਸਪੀਕਰ**: ਸਾਰੇ ਮਾਣਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਜਾਣ। ਸਾਰੇ ਮਾਣਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਜਾਣ। ਬੈਠੋ ਜੀ, ਬੈਠੋ। ਬਾਜਵਾ ਸਾਹਿਬ, ਤੁਸੀਂ ਬੈਠੋ ਜੀ। ਬਾਜਵਾ ਜੀ, ਬਾਜਵਾ ਸਾਹਿਬ, ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਮੇਰੀ ਬੇਨਤੀ ਹੈ ਕਿ ਤੁਸੀਂ ਬੈਠੋ, ਮੈਂ ਗੱਲ ਕਰ ਰਿਹਾ ਹਾਂ। ਮੈਂ ਹਰੇਕ ਚੀਜ਼ ਦਾ ਨੋਟਿਸ ਲੈ ਰਿਹਾ ਹਾਂ। ਤੁਸੀਂ ਬੈਠੋ। ਨੇਤਾ ਵਿਪਕਸ ਔਰ ਵਿਪਕਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਠੋ । ਮੈਂ ਗੱਲ ਕਰਦਾ ਹਾਂ ਜੀ, ਤੁਸੀਂ ਬੈਠੋ । ਪਲੀਜ਼, ਤੁਸੀਂ ਵੀ ਬੈਠੋ (ਟਰੇਜ਼ਰੀ ਬੈਂਚਿਜ ਵੱਲ ਇਸ਼ਾਰਾ) ਪਲੀਜ਼ ਤੁਸੀਂ ਬੈਠੋ। ਇਕ ਵਾਰ ਬੈਠੋ ਤਾਂ ਸਹੀ। ਮੈਂ ਗੱਲ ਕਰਦਾ ਹਾਂ। ਤੁਸੀਂ ਬੈਠੋ, ਬੈਠੋ, ਬਾਜਵਾ ਜੀ ਬੈਠੋ। ਤੁਸੀਂ ਬੈਠੋ। ਮੈਂ ਗੱਲ ਕਰ ਰਿਹਾ ਹਾਂ, ਤੁਹਾਡੀ ਗੱਲ ਕਰ ਰਿਹਾ ਹਾਂ, ਤੁਸੀਂ ਬੈਠੋ। ਬਹਿ ਜਾਉ। ਮਾਨ ਸਾਹਿਬ ਤੁਸੀਂ ਵੀ ਆਪਣੀ ਜਗ੍ਹਾ ਉਤੇ ਬੈਠੋ। ਚੇਅਰ ਦੀ ਇਜਾਜ਼ਤ ਤੋਂ ਬਿਨਾਂ ਜੋ

ਵੀ ਗੱਲ ਕੀਤੀ ਗਈ ਹੈ ਉਹ ਰਿਕਾਰਡ ਨਾ ਕੀਤੀ ਜਾਵੇ। ਬਾਜਵਾ ਸਾਹਿਬ, ਤੁਸੀਂ ਬੈਠੋ। ਜੇ ਕੋਈ ਕਿਸੇ ਦਾ ਨਾਂ ਆਊਟ ਆਫ ਕੰਟੈਸਟ ਲਿਆ ਗਿਆ ਹੈ ਤਾਂ ਐਕਸਪੰਜ ਕੀਤਾ ਜਾਵੇਗਾ। ਤੁਸੀਂ ਬੈਠੋ, ਪਲੀਜ਼ ਤੁਸੀਂ ਬੈਠੋ। ਤੁਸੀਂ ਬੈਠੋ। ਸ਼੍ਰੀਮਾਨ ਅਮਨ ਅਰੋੜਾ ਜੀ।

**ਪ੍ਰਸ਼ਾਸਕੀ ਸੁਧਾਰ ਅਤੇ ਸ਼ਿਕਾਇਤ ਨਿਵਾਰਣ ਮੰਤਰੀ (ਸ਼੍ਰੀ ਅਮਨ ਅਰੋੜਾ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਬੜੇ ਇੰਪਾਰਟੈਂਟ ਬਿਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਮੈਨੂੰ ਪੰਜ ਸੱਤ ਮਿੰਟ ਦੇ ਦਿਉ ਕਿਉਂਕਿ ਜਿਹੜੇ ਮੇਰੇ ਸਾਥੀਆਂ ਦੇ ਚਾਹੇ ਬਾਜਵਾ ਸਾਹਿਬ, ਇਆਲੀ ਸਾਹਿਬ ਦੇ, ਰਾਣਾ ਇੰਦਰ ਪ੍ਰਤਾਪ ਸਿੰਘ ਜੀ ਦੇ ਜਿਹੜੇ ਇਸ਼ੂਜ ਹਨ, ਕਨਸਰਨਜ਼ ਹਨ, ਉਹ ਜੈਨੂਅਨ ਹਨ ਪਰ ਉਹ ਕਨਸਰਨਜ਼ ਆਲਰੇਡੀ ਇਸ ਬਿਲ ਦੇ ਵਿੱਚ ਐਡਰੈਸਡ ਹਨ। ਇਸ ਕਰਕੇ ਦੋ ਮਿੰਟ ਮੈਨੂੰ ਸੁਣ ਲੈਣਾ। ਸਰ, ਬੇਨਤੀ ਇਹ ਹੈ ਕਿ ਮੇਰੇ ਸਤਿਕਾਰਯੋਗ ਸਾਥੀਆਂ ਨੇ ਬੜੇ ਵਿਸਥਾਰ ਦੇ ਵਿੱਚ ਇਹ ਸਾਰਾ ਭੰਬਲਭੂਸਾ ਦੋ ਸਾਲ ਤੋਂ ਪਿਆ ਹੋਇਆ ਸੀ, ਉਸ ਦੇ ਬਾਰੇ ਬੜੇ ਵਿਸਥਾਰ ਨਾਲ ਗੱਲ ਕੀਤੀ ਹੈ। 1995 ਵਿਚ ਪਾਪਰਾ ਐਕਟ ਆਇਆ ਸੀ, 2014 ਵਿਚ ਉਸ ਦੀ ਅਮੈਂਡਮੈਂਟ ਹੋਈ। ਸਰ, ਪਰਪੱਜ਼ ਤਾਂ ਇਹ ਸੀ ਕਿ ਸਾਰੇ ਦੇ ਸਾਰੇ ਜਿਹੜੇ ਰੀਅਲ ਅਸਟੇਟਸ ਦਾ ਬਿਜ਼ਨਿਸ ਹੈ ਉਸ ਨੂੰ ਸਟਰੀਮ ਲਾਈਨ ਕਰ ਲਿਆ ਜਾਵੇ ਪਰ ਅਲਟੀਮੇਟਲੀ ਹੋਇਆ ਕੀ ਕਿ ਅਨਫਾਰਚੂਨੇਟਲੀ ਪਿਛਲੀਆਂ ਸਰਕਾਰਾਂ ਦੀ ਪੈਟਰਨਾਈਜ਼ ਕਰਕੇ ਲਗਾ ਲਵੋ ਜਾਂ ਨੀਚੇ ਅਫਸਰਾਂ ਦੀ ਮਿਲੀਭੁਗਤ ਕਰਕੇ ਲਗਾ ਲਵੋ ਉਹ ਜਿਹੜੇ ਅਰਬਨ ਸਲੰਮਜ ਸਨ, ਉਹ ਏਨੇ ਕੁ ਬਣਦੇ ਗਏ, ਕੰਕਰੀਟ ਦਾ ਜੰਗਲ ਏਨਾ ਕੁ ਬਣਦਾ ਗਿਆ ਕਿ ਲੀਗਲ ਕਲੋਨੀਆਂ ਜਿਹੜੀਆਂ ਸੀ, ਉਹ ਕਾਲੋਨਾਈਜ਼ਰਜ ਡੀਮਾਰਲਾਈਜ਼ ਹੁੰਦੇ ਗਏ ਤੇ ਇਲਲੀਗਲ ਅਣਆਥੋਰਾਈਜ਼ਡ ਕਲੋਨੀਆਂ ਬਣਦੀਆਂ ਗਈਆਂ ਉਸ ਨੂੰ ਦਰੁੱਸਤ ਕਰਨ ਦੇ ਲਈ ਸੋ ਕਾਲਡ 2014 ਤੋਂ ਬਾਅਦ ਫਿਰ ਦੁਬਾਰਾ ਅਮੈਂਡਮੈਂਟ 2016 ਵਿਚ ਆਈ, ਫਿਰ ਦੁਬਾਰਾ 2018 ਵਿਚ ਅਮੈਂਡਮੈਂਟ ਆਈ ਪਰ ਕਿਉਂਕਿ ਉਹ ਅਮੈਂਡਮੈਂਟਸ ਇਸ ਤਰੀਕੇ ਦੀਆਂ ਸਨ ਕਿ ਇੱਕ ਕਾਮਨ ਮੈਨ, ਜਿਹੜਾ ਆਮ ਬੰਦਾ ਹੈ ਉਸ ਦੇ ਕਨਸਰਨ ਐਡਰੈਸ ਨਹੀਂ ਹੁੰਦੇ ਸੀ, ਜਿਹੜੇ ਇਲਲੀਗਲ ਕਾਲੋਨਾਈਜ਼ਰ ਹੈ ਉਸ ਨੂੰ ਬੈਨੀਫਿਟ ਦੇ ਦਿੱਤਾ ਜਾਂਦਾ ਸੀ ਜਿਸ ਦੀ ਵਜ੍ਹਾ ਕਰਕੇ ਉਹ ਵਧਦੀਆਂ ਵਧਦੀਆਂ ਅੱਜ 14,000 ਦੇ ਕਰੀਬ ਉਹ ਕਲੋਨੀਆਂ ਪਹੁੰਚ ਗਈਆਂ। ਸਰ, ਹੁਣ ਇਸ ਦੇ ਵਿੱਚ ਇਹ ਔਰ ਸਾਡੇ, ਜਦੋਂ ਦੀ ਸਾਡੀ ਸਰਕਾਰ ਬਣੀ, ਮਾਣਯੋਗ ਸਰਦਾਰ ਭਗਵੰਤ ਮਾਨ ਜੀ ਅਗਵਾਈ ਵਿਚ ਬਣੀ। ਸਰ, ਸਾਡੇ ਗਲ ਤਾਂ ਇਹ ਸਿਆਪਾ ਵੈਸੇ ਹੀ ਪੈ ਗਿਆ ਜਦ ਹਾਈ ਕੋਰਟ ਨੇ 4 ਅਪ੍ਰੈਲ, 2022 ਨੂੰ ਇਹ ਕਹਿ ਦਿੱਤਾ ਕਿ ਜੇ ਤੁਸੀਂ ਪਾਪਰਾ ਐਕਟ ਨੂੰ ਮੰਨਣਾ ਹੀ ਨਹੀਂ ਤਾਂ ਤੁਸੀਂ ਇਸ ਨੂੰ ਸਕਰੈਬ ਕਿਉਂ ਨਹੀਂ ਕਰ ਦਿੰਦੇ, ਕਿਉਂਕਿ ਪਾਪਰਾ ਐਕਟ ਬਣਿਆ ਹੋਇਆ ਹੈ, ਉਸ ਦੇ ਮੁਤਾਬਿਕ ਜਿਹੜੀ ਲੀਗਲ ਕਲੋਨੀਆਂ ਹਨ, ਉਹ ਬਣ ਨਹੀਂ ਰਹੀਆਂ, ਇਲਲੀਗਲ ਬਣੀ ਜਾ ਰਹੀਆਂ ਹਨ ਤਾਂ ਤੁਸੀਂ ਉਸ ਨੂੰ ਸਕਰੈਬ ਕਿਉਂ ਨਹੀਂ ਕਰਦੇ, ਤੁਸੀਂ ਜਿਹੜੀਆਂ ਵਾਰ ਵਾਰ ਰੈਗੂਲਾਈਜੇਸ਼ਨ ਪਾਲਿਸੀਆਂ ਕਿਉਂ ਲੈ ਕੇ ਆਉਂਦੇ ਹੋ। ਸਰ, ਇਸ ਦੇ ਬਾਰੇ ਮਾਣਯੋਗ ਸੀ.ਐਮ.ਸਾਹਿਬ ਦੀ ਅਗਵਾਈ ਵਿਚ ਤਕਰੀਬਨ ਦੋ ਸਾਲ, ਸਵਾ ਦੋ ਸਾਲ ਸਾਨੂੰ ਲੱਗੇ ਜ਼ਰੂਰ ਹਨ ਪਰ ਹੱਲ ਇਸ ਦੇ ਇਸ ਤਰ੍ਹਾਂ ਦੇ ਕਰ ਦਿੱਤੇ ਕਿ ਜਿਸ ਨਾਲ ਪਿਛਲਿਆਂ ਦਾ ਵੀ ਹੱਲ ਹੋ ਜਾਵੇਗਾ ਅਤੇ ਅੱਗੇ ਵਾਸਤੇ ਵੀ deterring ਹੋ ਜਾਵੇਗੀ। (ਥੰਪਿੰਗ) ਇਸ ਦੇ ਲਈ 100 ਪਰਸੈਂਟ ਵਧਾਈ ਦੇ ਹੱਕਦਾਰ ਸੀ.ਐਮ.ਸਾਹਿਬ ਹਨ, ਜਿਨ੍ਹਾਂ ਨੇ ਇਸ ਦੇ ਉਪਰ ਬੜੇ ਵਿਸਥਾਰ ਦੇ ਨਾਲ ਕੰਮ ਕੀਤਾ ਹੈ। ਸਰ, ਹੁਣ ਇਸ ਪਾਲਿਸੀ ਦੇ ਕੰਟਰੋਲਜ ਕੀ ਹਨ, ਉਹ ਇਹ ਹਨ ਕਿ ਜਿਨ੍ਹਾਂ ਲੋਕਾਂ ਨੇ 31 ਜੁਲਾਈ, 2024 ਤੱਕ 500 ਗਜ਼ ਤੱਕ ਦੇ ਪਲਾਟ ਦਾ ਰਜਿਸਟਡ ਬਿਆਨਾ ਕਰ ਲਿਆ, ਪਾਵਰ ਆਫ ਅਟਾਰਨੀ ਕਰ ਲਈ, ਪੱਕੇ ਦੇ ਵਿੱਚ ਬੈਂਕ ਵਿਚ ਬਿਆਨੇ ਦੀ ਜਾਂ ਸਾਈ ਦੀ ਟਰਾਂਜੈਕਸ਼ਨ ਹੋ ਗਈ ਤਾਂ ਉਹ ਜਿਹੜੇ ਹਨ, ਉਨ੍ਹਾਂ ਬਾਰੇ ਸ਼ਾਇਦ

ਜਿਹੜੀ ਡੇਟ ਸੀ.ਐਮ.ਸਾਹਿਬ ਤੈਅ ਕਰਨਗੇ, 2 ਨਵੰਬਰ ਜਾਂ ਜਿਹੜੀ ਵੀ ਇਨ੍ਹਾਂ ਨੂੰ ਠੀਕ ਲੱਗੇਗੀ, 2 ਨਵੰਬਰ ਤੱਕ, ਉਹ ਬੰਦਾ ਆਪਦੀ ਰਜਿਸਟਰੀ ਕਰਕੇ ਆਪਦਾ ਘਰ ਪਾ ਸਕੇਗਾ, ਜਿਹੜਾ ਉਸ ਨੇ ਸਾਰੀ ਉਮਰ ਦੀ ਮਿਹਨਤ ਕਮਾਈ ਨਾਲ ਆਪਣਾ ਘਰ ਪਾਉਣਾ ਹੈ, ਉਸ ਨੂੰ ਇਹ ਐਡਵਾਂਟੇਜ ਦੇ ਦਿੱਤਾ ਗਿਆ ਹੈ ..

**1530/Jaspal Singh/Monika sharma**

**1535/Beant kaur**

ਇਸ ਦੇ ਨਾਲ ਨਾਲ ਇਹ ਵੀ ਬੈਨੀਫਿਟ ਹੈ ਕਿ ਉਨ੍ਹਾਂ ਨੂੰ ਐਨਓਸੀ ਦੀ ਲੋੜ ਨਹੀਂ ਰਹਿਣੀ। ਉਹ ਤਹਿਸੀਲਦਾਰ ਕੋਲ ਜਾਣ, ਉਨ੍ਹਾਂ ਦੀ ਰਜਿਸਟਰੀ ਹੋ ਜਾਵੇਗੀ। ਇਸ ਵਿੱਚ ਜਿਹੜੇ ਮੇਰੇ ਵੀਰਾਂ ਦੇ ਕਨਸਰਨਜ਼ ਹਨ, ਚਾਹੇ ਬਾਜਵਾ ਸਾਹਿਬ ਦੇ, ਰਾਣਾ ਸਾਹਿਬ ਦੇ ਜਾਂ ਇਯਾਲੀ ਸਾਹਿਬ ਦੇ ਹਨ, ਐਡਰੈੱਸ ਕਰਨ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ 3-4 ਇਸ਼ੂ ਰੇਜ਼ ਕੀਤੇ ਹਨ। ਇਯਾਲੀ ਸਾਹਿਬ ਨੇ ਸਭ ਤੋਂ ਪਹਿਲਾਂ ਅਨਅਪਰੂਵਡ ਕਲੋਨੀਆਂ ਦੀ ਗੱਲ ਕੀਤੀ ਹੈ, ਰਾਣਾ ਜੀ ਨੇ ਵੀ ਗੱਲ ਕੀਤੀ ਹੈ। ਰਾਣਾ ਜੀ, ਇਹ ਜਿਹੜੀ ਰੈਗੂਲੇਰਾਈਜ਼ੇਸ਼ਨ ਪਾਲਿਸੀ ਹੈ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਪ੍ਰਸ਼ਾਸਕੀ ਸੁਧਾਰ ਅਤੇ ਸ਼ਿਕਾਇਤ ਨਿਵਾਰਣ ਮੰਤਰੀ**: ਇਸ ਨਾਲ ਇਲਲੀਗਲ ਕਲੋਨੀਆਂ ਰੈਗੂਲੇਰਾਈਜ਼ ਨਹੀਂ ਹੋਣਗੀਆਂ। ਅਨਅਪਰੂਵਡ ਇਲਲੀਗਲ ਕਲੋਨੀਆਂ ਵਿੱਚ 500 ਗਜ਼ ਦੇ ਇੰਡੀਵਿਜ਼ੂਅਲ ਪਲਾਟ ਹਨ ਉਹ ਰੈਗੂਲੇਰਾਈਜ਼ ਹੋਣਗੇ। ਇਕ ਡੈਟਰੈਂਟ ਇਹ ਹੋ ਗਿਆ। ਜਿਹੜੇ ਲੋਕ ਇਲਲੀਗਲ ਕਲੋਨੀਆਂ ਕੱਟਦੇ ਸੀ, ਪਿਛਲੀਆਂ ਸਰਕਾਰਾਂ ਤੋਂ ਰੈਗੂਲੇਰਾਈਜ਼ ਕਰਵਾ ਜਾਂਦੇ ਸਨ, ਉਹ ਅੱਗੇ ਤੋਂ ਅਜਿਹੀਆਂ ਕਲੋਨੀਆਂ ਨਹੀਂ ਕੱਟਣਗੇ। ਦੂਜਾ ਡੈਟਰੈਂਟ ਇਹ ਹੈ ਕਿ 500 ਗਜ਼ ਦੇ ਪਲਾਟ, ਜਿਨ੍ਹਾਂ ਦਾ 31 ਜੁਲਾਈ ਤੋਂ ਪਹਿਲਾਂ ਬਿਆਨਾ ਨਹੀਂ ਹੋਇਆ, ਪਾਵਰ ਆਫ ਅਟਾਰਨੀ ਨਹੀਂ ਹੋਈ, ਅਸਲ ਵਿੱਚ ਪੈਸਿਆਂ ਦੀ ਸਹੀ ਐਕਸਚੇਂਜ਼ ਨਹੀਂ ਹੋਈ, ਉਹ ਕਲੋਨੀ ਹੋਲਡਰਾਂ ਕੋਲ ਹੀ ਪਿਆ ਰਹਿ ਜਾਵੇਗਾ। ਰਾਣਾ ਜੀ, ਪਹਿਲਾਂ ਕੀ ਹੁੰਦਾ ਸੀ? ਸਪੋਜ਼ ਕਿਸੇ ਇਲਲੀਗਲ ਕਲੋਨੀ ਵਿੱਚ 100 ਪਲਾਟ ਹਨ, 40 ਵੇਚ ਦਿੱਤੇ ਅਤੇ ਜਿਹੜੇ ਬਾਕੀ 60 ਰਹਿ ਗਏ ਸਨ, ਉਹ ਉਨ੍ਹਾਂ 60 ਨੂੰ ਵੇਚਣ ਲਈ ਅੱਗੇ ਹੋਰ ਇਲਲੀਗਲ ਕਲੋਨੀ ਕੱਟਦਾ ਸੀ, ਹੁਣ ਉਹ ਉਸੇ ਕੋਲ ਹੀ ਪਏ ਰਹਿ ਜਾਣਗੇ। ਤੀਜਾ ਡੈਟਰੈਂਟ ਇਹ ਹੈ ਕਿ ਪਹਿਲਾਂ ਕਾਲੋਨਾਈਜ਼ਰ ਨੂੰ 2 ਲੱਖ ਤੋਂ 7 ਲੱਖ ਦਾ ਜ਼ੁਰਮਾਨਾ ਸੀ, ਉਹ ਵੱਧ ਕੇ 25 ਲੱਖ ਤੋਂ 5 ਕਰੋੜ ਹੋ ਗਿਆ ਹੈ ਅਤੇ 3 ਤੋਂ 5 ਸਾਲ ਦੀ ਸਜ਼ਾ ਸੀ, ਉਹ ਵਧਾ ਕੇ 5 ਤੋਂ 10 ਸਾਲ ਕਰ ਦਿੱਤੀ ਗਈ ਹੈ। ਸੀਐਮ ਸਾਹਿਬ ਨੇ ਅਲਟੀਮੇਟਲੀ ਇਸ ਪਾਲਿਸੀ ਨਾਲ ਪਿਛਲੇ ਬੰਦਿਆਂ ਨੂੰ ਬੈਨੀਫਿਟ ਦੇ ਦਿੱਤਾ ਹੈ। ਜਿਹੜੇ ਲੋਕ ਇਲਲੀਗਲ ਕਲੋਨੀਆਂ ਕੱਟਦੇ ਹਨ, ਜਿਸ ਦਾ ਖਮਿਆਜ਼ਾ ਲੀਗਲ ਕਾਲੋਨਾਈਜ਼ਰ ਨੂੰ ਅਤੇ ਸਭ ਤੋਂ ਵੱਧ ਆਮ ਲੋਕਾਂ ਨੂੰ, ਛੋਟੇ ਅਤੇ ਦਰਮਿਆਨੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ, ਉਨ੍ਹਾਂ ਦੀ ਭਲਾਈ ਵਾਸਤੇ ਇਹ ਡੈਟਰੈਂਟ ਕਰ ਦਿੱਤਾ ਕਿ ਇਲਲੀਗਲ ਕਾਲੋਨਾਈਜ਼ਰਾਂ ਕੋਲ ਪਿਛਲੇ ਪਲਾਟ ਪਏ ਰਹਿ ਜਾਣਗੇ। ਉਹ ਹੁਣ ਨਵੀਂ ਕਲੋਨੀ ਨਹੀਂ ਕੱਟ ਸਕਣਗੇ। ਇਸ ਵਾਸਤੇ ਮੈਂ ਸੀਐਮ ਸਾਹਿਬ ਦਾ ਉਚੇਚੇ ਤੌਰ ਤੇ ਧੰਨਵਾਦ ਕਰਾਂਗਾ। ਇੱਥੇ ਪਿਛਲੀ ਸਰਕਾਰ ਤੋਂ ਸਰਕਾਰੀਆ ਸਾਹਿਬ ਬੈਠੇ ਹਨ, 14,000 ਇਲਲੀਗਲ ਕਲੋਨੀਆਂ ਬਣ ਗਈਆਂ ਹਨ, ਹੁਣ ਇਹ ਪਾਲਿਸੀ ਜਦੋਂ ਇੰਨ ਬਿੰਨ ਹੇਠਾਂ ਤੱਕ ਲਾਗੂ ਹੋ ਜਾਂਦੀ ਹੈ, ਜਿਸ ਵਾਸਤੇ ਸੀਐਮ ਸਾਹਿਬ ਦੀ ਅਗਵਾਈ ਵਿੱਚ

ਸਰਕਾਰ ਵਚਨਬੱਧ ਹੈ, ਮੈਂ ਤੁਹਾਨੂੰ ਗਰੰਟੀ ਨਾਲ ਕਹਿੰਦਾ ਹਾਂ ਕਿ ਇਕ ਨਵੀਂ ਕਲੋਨੀ ਇਲਲੀਗਲ ਨਹੀਂ ਕੱਟੇਗੀ। (ਥੰਪਿੰਗ) ਇਸ ਵਾਸਤੇ ਸੀਐਮ ਸਾਹਿਬ ਉਚੇਚੇ ਤੌਰ ਤੇ ਵਧਾਈ ਦੇ ਪਾਤਰ ਹਨ।

**ਮਾਣਯੋਗ ਸਪੀਕਰ** : ਅਮਨ ਜੀ, ਕਨਕਲੂਡ ਕਰੋ ਜੀ।

**ਪ੍ਰਸ਼ਾਸਕੀ ਸੁਧਾਰ ਅਤੇ ਸ਼ਿਕਾਇਤ ਨਿਵਾਰਣ ਮੰਤਰੀ**: ਠੀਕ ਹੈ ਜੀ। ਸਪੀਕਰ ਸਾਹਿਬ, ਇਸ ਵਿੱਚ ਗੂਗਲ ਇਮੇਜਿਜ਼ ਦਾ ਕੋਈ ਇਸ਼ੂ ਨਹੀਂ ਹੈ। ਜਿਹੜੇ ਪਹਿਲਾਂ ਫੀਸਾਂ ਭਰ ਚੁੱਕੇ ਹਨ, ਉਹ ਕੰਟੀਨਿਊ ਕਰਨਗੇ। ਜਿਹੜੇ ਬੰਦੇ ਨੇ ਸੌਦਾ ਲੈ ਲਿਆ, ਉਨ੍ਹਾਂ ਨੇ ਫੀਸ ਆਲਰੇਡੀ ਭਰੀ ਹੋਵੇਗੀ। ਜਿਹੜਾ ਕੋਈ ਨਵਾਂ ਗਲਤ ਕੰਮ ਹੋ ਰਿਹਾ ਹੈ, ਉਹ ਨਹੀਂ ਹੋਵੇਗਾ। ਇਨ੍ਹਾਂ 2-3 ਚੀਜ਼ਾਂ ਨਾਲ ਬਹੁਤ ਵੱਡਾ ਬੈਨੀਫਿਟ ਆਮ ਛੋਟੇ ਤੇ ਦਰਮਿਆਨੇ ਬੰਦਿਆਂ ਨੂੰ ਹੋਵੇਗਾ। ਅੱਗੇ ਤੋਂ ਇਲਲੀਗਲ ਕਲੋਨੀਆਂ ਨਾ ਕੱਟਣ, ਉਨ੍ਹਾਂ ਵਾਸਤੇ ਸਾਰੀਆਂ ਪ੍ਰੋਵੀਜ਼ਨਜ਼ ਇਸ ਵਿੱਚ ਰਜਿਸਟਰਡ ਹਨ। ਸੋ, ਮੈਂ ਇਸ ਅਨਪ੍ਰੈਸੀਡੈਂਟਡ ਪਾਲਿਸੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦਾ ਹਾਂ ਅਤੇ ਸੀਐਮ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ, ਜਿਨ੍ਹਾਂ ਨੇ ਪੰਜਾਬ ਦੇ ਲੱਖਾਂ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਇਸ ਇਕ ਪਾਲਿਸੀ ਨਾਲ ਜੜ੍ਹੋਂ ਖਤਮ ਕਰ ਦਿੱਤਾ ਹੈ। ਧੰਨਵਾਦ।(ਥੰਪਿੰਗ)

**1535/Beant kaur/Monika sharma**

**1540/Karamjit kaur**

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਪਾਪਰਾ ਐਕਟ (ਸੋਧ) ਬਿਲ , 2024 ਤੇ ਬਹੁਤ ਗੰਭੀਰ ਬਹਿਸ ਚੱਲ ਰਹੀ ਹੈ ਅਤੇ ਇਸ ਦੀ ਲੋੜ ਵੀ ਸੀ। It is a need of Hour. ਇਹ ਸਮੇਂ ਦੀ ਲੋੜ ਹੈ। ਮੇਰੇ ਵਿਰੋਧੀ ਧਿਰ ਦੇ ਬਹੁਤ ਸਾਰੇ ਸਾਥੀਆਂ ਨੇ ਇਸ ਸਬੰਧੀ ਬੋਲਿਆ। ਕਈਆਂ ਨੇ ਇਸ ਨੂੰ ਸਮਰਥਨ ਵੀ ਦਿੱਤਾ ਹੈ ਅਤੇ ਨਾਲ ਸੁਝਾਉ ਵੀ ਦਿੱਤੇ ਹਨ। ਸਰਦਾਰ ਮਨਪ੍ਰੀਤ ਸਿੰਘ ਇਯਾਲੀ ਸਾਹਿਬ ਨੇ ਸਮਰਥਨ ਵੀ ਦਿੱਤਾ ਹੈ ਅਤੇ ਨਾਲ ਸੁਝਾਉ ਵੀ ਦਿੱਤੇ ਹਨ ਕਿਉਂਕਿ ਉਹ ਖੁਦ ਕਲੋਨਾਈਜ਼ਰ ਹਨ, ਉਹ ਇਸ ਕਿੱਤੇ ਨਾਲ ਸਬੰਧਤ ਹਨ। ਕੋਈ ਵੀ ਬੰਦਾ ਕੋਈ ਵੀ ਕਿੱਤਾ ਕਰ ਸਕਦਾ ਹੈ। ਇਹ ਕੋਈ ਮਾੜਾ ਕੰਮ ਨਹੀਂ। ਕੱਲ੍ਹ ਨੂੰ ਕੋਈ ਟਰਾਂਸਪੋਰਟ ਸਬੰਧੀ ਬਿਲ ਆਵੇ, ਉਸ ਤੇ ਅਕਾਲੀ ਦਲ ਵਲੋਂ ਕੋਈ ਨਾ ਬੋਲੇ ਤਾਂ ਚੰਗਾ ਨਹੀਂ ਲਗਦਾ। ਕਿਉਂਕਿ ਉਹ ਵੀ ਤਾਂ ਟਰਾਂਸਪੋਰਟ ਦੇ ਕਿੱਤੇ ਵਿੱਚ ਹਨ, ਉਹ ਸੁਝਾਉ ਦੇ ਸਕਦੇ ਹਨ। ਟਿਕਟਾਂ ਕਿੰਨੀਆਂ ਹੋਣੀਆਂ ਚਾਹੀਦੀਆਂ ਹਨ, ਰੂਟ ਕਿੰਨੇ ਹੋਣੇ ਚਾਹੀਦੇ ਹਨ, 30 ਕਿਲੋਮੀਟਰ ਨੂੰ ਕਿਵੇਂ ਕਿਵੇਂ ਵਧਾ ਕੇ, ਫਿਰ 30-30 ਕਰਕੇ, ਕਿਵੇਂ ਅਬੋਹਰ ਤੋਂ ਪਠਾਨਕੋਟ ਲੈ ਕੇ ਜਾਣਾ ਹੈ, ਇਹ ਉਨ੍ਹਾਂ ਦਾ ਕੰਮ ਹੈ।

ਸਪੀਕਰ ਸਾਹਿਬ, ਐਨ.ਓ.ਸੀ. ਸ਼ਬਦ ਕਹਿ ਦੇਣਾ, ਬੱਸ ਇੰਨਾ ਕੁ ਕਾਫ਼ੀ ਹੈ। ਬਾਕੀ ਇਸ ਵਿੱਚ ਜੋ ਮਰਜ਼ੀ ਬੋਲੀ ਜਾਵੇ, ਮੁੱਖ ਬਿੰਦੂ, ਪਾਪਰਾ ਐਕਟ ਕਹੀ ਜਾਵੇ ਪਰ ਲੋਕਾਂ ਨੂੰ ਸਿਰਫ ਇੰਨਾ ਸਮਝ ਆਉਂਦਾ ਹੈ ਕਿ ਜੇ ਅਸੀਂ ਕਿਧਰੇ ਪਲਾਟ ਲਿਆ ਸੀ, ਮੇਰਾ ਬਾਪੂ ਰਿਟਾਇਰ ਹੋਇਆ ਸੀ, ਜਿੰਨੇ ਪੈਸੇ ਮਿਲੇ ਸੀ, ਉਹ ਪੈਸੇ ਫਲਾਣੀ ਕਲੋਨੀ ਵਿੱਚ ਲਗਾ ਦਿੱਤੇ। ਪ੍ਰੰਤੂ ਬਾਅਦ ਵਿੱਚ ਪਤਾ ਲੱਗਿਆ ਕਿ ਸਬੰਧਤ ਕਲੋਨੀ ਇਲਲੀਗਲ ਹੈ। ਉਸ ਕਲੋਨੀ ਦਾ ਮਾਲਕ ਕੋਈ ਲੀਡਰ ਸੀ, ਜਾਂ ਲੀਡਰ ਦੀ ਸ਼ਹਿ ਵਾਲਾ ਬੰਦਾ ਸੀ, ਉਹ ਕਲੋਨੀ ਕੱਟ ਕੇ ਚਲਾ ਗਿਆ ਜੀ। ਬਾਅਦ ਦੇ ਵਿੱਚ ਜਦੋਂ ਉਸ ਕਲੋਨੀ ਵਾਸਤੇ ਮੀਟਰ ਲਗਵਾਉਣ ਗਏ ਤਾਂ ਉਹ ਕਹਿੰਦੇ ਕਿ ਇਹ ਕਲੋਨੀ ਤਾਂ ਇਲਲੀਗਲ ਹੈ। ਜਦੋਂ ਸੀਵਰੇਜ਼ ਵਾਸਤੇ ਅਤੇ ਪਾਣੀ ਦੇ ਮੀਟਰ ਲਗਾਉਣ ਦੀ ਗੱਲ ਕੀਤੀ ਤਾਂ ਪਤਾ ਲੱਗਿਆ ਕਿ ਇਹ ਤਾਂ ਕਲੋਨੀ ਹੀ ਇਲਲੀਗਲ ਹੈ। ਜਦੋਂ ਲਾਈਟਾਂ ਲਗਾਉਣ ਲਈ

ਬਿਜਲੀ ਦੇ ਮੀਟਰ ਬਾਰੇ ਗੱਲ ਕੀਤੀ ਤਾਂ ਉਹ ਵੀ ਕਹਿੰਦੇ ਕਿ ਇਹ ਤਾਂ ਕਲੋਨੀ ਹੀ ਇਲਲੀਗਲ ਹੈ। ਪ੍ਰੰਤੂ ਪਲਾਟ ਖਰੀਦਣ ਵਾਲਾ ਸੋਚਦਾ ਹੈ ਕਿ ਸਾਡੇ ਪੈਸੇ ਤਾਂ ਲੀਗਲ ਸੀ। ਸਾਡੇ ਪੈਸੇ ਤਾਂ ਨਕਲੀ ਨਹੀਂ ਸੀ, ਜੇ ਕਲੋਨੀ ਨਕਲੀ ਹੈ। ਉਹ ਸੋਚਦੇ ਹਨ ਕਿ ਅਸੀਂ ਫਿਰ ਕਿੱਥੇ ਪੈਸੇ ਲਗਾ ਦਿੱਤੇ। ਫਿਰ ਸੋਚਦੇ ਹਨ ਕਿ ਕਲੋਨੀ ਕੱਟਣ ਵਾਲੇ ਬੰਦੇ ਨਾਲ ਗੱਲ ਕੀਤੀ ਜਾਵੇ। ਫਿਰ ਉਹ ਬੰਦਾ ਕੀ ਕਰਦਾ ਸੀ? ਮੇਰੇ ਕੋਲ ਰਿਕਾਰਡ ਪਿਆ ਹੈ। ਉਹ ਬੰਦਾ ਕਲੋਨੀ ਵਿੱਚ ਪਲਾਟ ਖਰੀਦਣ ਵਾਲਿਆਂ ਨੂੰ ਲੀਡਰਾਂ ਦੇ ਗਲ਼ ਪਾ ਜਾਂਦਾ ਸੀ ਕਿ ਉਨ੍ਹਾਂ ਤੋਂ ਵੋਟਾਂ ਵੇਲੇ ਇਹ ਕੰਮ ਕਰਵਾ ਲਇਓ। ਵੋਟਾਂ ਵੇਲੇ ਤਾਂ ਫਿਰ ਤੁਹਾਨੂੰ ਪਤਾ ਹੀ ਹੈ ਜੀ, ਮੈਨੂੰ ਵੀ ਪਤਾ ਹੀ ਹੈ ਕਿ ਫਿਰ ਤਾਂ ਸਾਰਾ ਕੁਝ ਹੀ ਲੀਗਲ ਹੋ ਜਾਂਦਾ ਹੈ। ਫਿਰ ਲੀਡਰ ਕਹਿੰਦੇ ਹਨ ਕਿ ਐਂ ਇਲਲੀਗਲ ਕਿਵੇਂ ਹੋ ਗਈ, ਅਸੀਂ ਲੀਗਲ ਕਰਵਾ ਦਿਆਂਗੇ, ਐਂ ਕੰਮ ਚਲਦਾ ਰਿਹਾ ਜਨਾਬ। ਮੇਰੇ ਕੋਲ ਹੁਣ 3 ਸਾਲ ਦਾ ਤਜਰਬਾ ਹੈ। ਜਦੋਂ ਮੈਂ ਇਸ ਸਬੰਧੀ ਫੈਸਲਾ ਕਰਨਾ ਸੀ, ਮੈਂ ਕੋਈ ਐਵੇਂ ਨਹੀਂ ਕਰ ਦਿੱਤਾ। ਮੈਂ ਕੋਈ ਬੱਚਾ ਨਹੀਂ ਹਾਂ, ਮੈਂ ਹੁਣ ਤਿੰਨ ਸਾਲ ਦਾ ਮੁੱਖ ਮੰਤਰੀ ਹਾਂ। ਐਲ.ਓ.ਪੀ. ਸਾਹਿਬ, ਸੁਣ ਲਵੋ। (ਥੰਪਿੰਗ) ਮੈਂ ਹੁਣ ਕੋਈ inexperienced ਨਹੀਂ ਹਾਂ, ਮੈਂ experienced ਹਾਂ। ਦੇਸ਼ ਦੇ ਟਾੱਪ ਫਾਈਵ experienced ਮੁੱਖ ਮੰਤਰੀਆਂ ਵਿੱਚ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦਾ ਨਾਮ ਆਉਂਦਾ ਹੈ। (ਥੰਪਿੰਗ) ਐਵੇਂ ਨਾ ਸਮਝਿਆ ਕਰੋ ਕਿ ਓ ਤੂੰ ਚੱਲ ਓਏ, ਤੂੰ ਕੀ ਹੈਂ ਓਏ। ਇਹ ਤੁਹਾਡੀਆਂ ਆਪਣੀਆਂ ਸੋਚਾਂ ਹਨ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**ਮੁੱਖ ਮੰਤਰੀ:** ਮੈਂ ਇਸਦਾ ਕੁਝ ਨਹੀਂ ਕਰ ਸਕਦਾ। ਜਿਹੜੇ ਨਹੀਂ ਬਣ ਸਕੇ, ਮੈਂ ਉਸ ਵਿੱਚ ਕੀ ਕਰਾਂ ਜੀ? ਸਰ, ਉਹ ਬਣ ਵੀ ਨਹੀਂ ਸਕਦੇ। ਪਜਾਮੀਆਂ ਹੀ ਰਹਿ ਜਾਣਗੀਆਂ ਬੱਸ। ਸੋ, ਗੱਲ ਕੀ ਹੈ ਕਿ ਇਲਲੀਗਲ ਕਲੋਨੀਆਂ ਕੱਟ ਦਿੱਤੀਆਂ। ਲੋਕਾਂ ਨੂੰ ਲੀਡਰਾਂ ਦੇ ਗਲ਼ ਪਾ ਗਏ। ਅਗਲੀ ਵਾਰ ਫਿਰ ਆਪਾਂ ਸੱਤਾ ਵਿੱਚ ਆ ਗਏ। ਮੈਂ ਜਦੋਂ ਸਾਰਾ ਰਿਕਾਰਡ ਮੰਗਾਇਆ ਤਾਂ ਦੇਖਿਆ ਕਿ ਪਿਛਲੀਆਂ ਸਰਕਾਰਾਂ ਵੇਲੇ ਤਿੰਨ ਵਾਰ ਇਲਲੀਗਲ ਕਲੋਨੀਆਂ ਨੂੰ ਰੈਗੂਲਰਾਈਜ਼ ਕੀਤਾ ਗਿਆ ਹੈ। ਸਿਰਫ ਥੱਲੇ ਵਾਲੀ ਲਾਈਨ ਪੜ੍ਹਿਓ, ਥੱਲੇ ਹਰ ਵਾਰ ਲਿਖਿਆ ਹੋਇਆ ਹੈ ਕਿ it will never happen again. ਲਿਖ ਦਿੰਦੇ ਹਨ ਕਿ ਅੱਗੇ ਤੋਂ ਨਹੀਂ ਕਰਾਂਗੇ ਬੱਸ। ਪਰ ਅਗਲੀ ਵਾਰ ਫਿਰ ਰੈਗੂਲਰਾਈਜ਼ ਕਰ ਦਿੰਦੇ ਹਨ। ਮੈਂ ਸੋਚਿਆ ਕਿ ਇਹ ਕੀ ਹੈ, ਕੀ ਕਰੀਏ ਹੁਣ, ਇਹ ਤਾਂ ਐਵੇਂ ਹੀ ਚਲਦਾ ਆ ਰਿਹਾ ਹੈ। ਇਨ੍ਹਾਂ ਦੇ ਦੋ ਸੀ, ਇੱਕ ਕੈਪਟਨ ਸੀ ਅਤੇ ਦੂਜਾ ਤਿੰਨ ਕੁ ਮਹੀਨੇ ਵਾਸਤੇ ਹੋਰ ਆਇਆ ਸੀ। (ਸਾਬਕਾ ਮੁੱਖ ਮੰਤਰੀਆਂ ਵੱਲ ਇਸ਼ਾਰਾ) ਉਹ ਆਪਣੇ ਫੈਸਲੇ ਅੱਡ ਕਰ ਗਿਆ। ਕੱਲ੍ਹ ਮੈਂ ਬਾਜਵਾ ਸਾਹਿਬ ਨੂੰ ਸੁਣ ਰਿਹਾ ਸੀ। ਇਹ ਕਹਿੰਦੇ ਕਿ 18 ਚਿੱਠੀਆਂ ਮੈਨੂੰ ਪਾਈਆਂ, 17 ਤੁਹਾਨੂੰ ਪਾਈਆਂ, 16 ਇਨ੍ਹਾਂ ਨੂੰ ਪਾਈਆਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**Chief Minister:** Let me speak. Sir. Let me speak. (Interruptions) (Noices)

(ਇਸ ਸਮੇਂ ਟਰੇਜ਼ਰੀ ਬੈਂਚਿਜ ਤੋਂ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨਾਲ ਬਹਿਸਣ ਲੱਗ ਪਏ।)

**ਮੁੱਖ ਮੰਤਰੀ**: ਹੋ ਸਕਦਾ ਹੈ ਕਿ ਤੁਹਾਡੀ ਉਸ ਚਿੱਠੀ ਵਿੱਚ ਇਹ ਮਜ਼ਮੂਨ ਹੋਵੇ। (ਵਿਘਨ)(ਸ਼ੋਰ) ਹੋ ਸਕਦਾ ਕਿ ਤੁਹਾਡੀ ਚਿੱਠੀ ਵਿੱਚ ਇਸ ਬਾਰੇ ਮਜ਼ਮੂਨ ਹੋਵੇ ਕਿ ਐਨ.ਓ.ਸੀ. ਕਲੀਅਰ ਕਰੋ। So, let me speak.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

**ਮੁੱਖ ਮੰਤਰੀ**: ਤੁਹਾਡੀਆਂ ਚਿੱਠੀਆਂ ਕੈਪਟਨ ਅਮਰਿੰਦਰ ਤਾਂ ਡਸਟਬਿਨ ਵਿੱਚ ਪਾਉਂਦਾ ਰਿਹਾ। ਸਾਡੇ ਵਾਲੀਆਂ ਗਿਣਦੇ ਹੀ ਰਹਿੰਦੇ ਹੋ? ਤੁਸੀਂ ਕੈਪਟਨ ਨੂੰ ਕਿੰਨੀਆਂ ਚਿੱਠੀਆਂ ਲਿਖੀਆਂ ਸੀ? ਪਹਿਲਾਂ ਕੈਪਟਨ ਨੂੰ ਦੱਸੋ ਕਿ ਕਿੰਨੀਆਂ ਚਿੱਠੀਆਂ ਲਿਖੀਆਂ ਸੀ? ਕੈਪਟਨ ਨੇ ਕੀ ਕਿਹਾ ਸੀ? ਕੈਪਟਨ ਨੇ public ਵਿੱਚ ਕੀ ਕਿਹਾ ਸੀ ਕਿ ਬਾਜਵਾ ਮੈਨੂੰ ਚਿੱਠੀਆਂ ਲਿਖਦਾ ਰਹਿੰਦਾ ਹੈ ਅਤੇ ਮੈਂ ਉਨ੍ਹਾਂ ਨੂੰ ਡਸਟਬਿਨ ਵਿੱਚ ਪਾ ਦਿੰਦਾ ਹਾਂ। 17 ਤੁਹਾਨੂੰ ਲਿਖ ਦਿੱਤੀਆਂ, 18 ਮੈਨੂੰ ਲਿਖ ਦਿੱਤੀਆਂ, ਕੀ ਇਨ੍ਹਾਂ ਨੂੰ ਇਹੀ ਕੰਮ ਹੈ? ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ ਹੈਗਾ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

(ਇਸ ਸਮੇਂ ਟਰੇਜ਼ਰੀ ਬੈਂਚਿਜ ਤੋਂ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨਾਲ ਬਹਿਸ ਕਰ ਰਹੇ ਸਨ ਅਤੇ ਆਪੋਜੀਸ਼ਨ ਬੈਂਚਿਜ ਤੋਂ ਵੀ ਕਈ ਮੈਂਬਰਜ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**1540/Karamjit kaur/Shubham jain**

**ਮਾਣਯੋਗ ਸਪੀਕਰ**: ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਮੁੱਖ ਮੰਤਰੀ ਜੀ, ਤੁਸੀਂ ਚੇਅਰ ਨੂੰ ਅਡਰੈਸ ਕਰੋ।

**ਮੁੱਖ ਮੰਤਰੀ**: ਹੋ ਸਕਦਾ ਹੈ ਉਨ੍ਹਾਂ ਚਿੱਠੀਆਂ ਵਿਚ ਕੋਈ ਮਜਮੂਨ ਐਨ.ਓ.ਸੀ. ਵਾਲਾ ਵੀ ਹੋਵੇ, ਜਿਹੜੀਆਂ 18 ਚਿੱਠੀਆਂ ਮੈਨੂੰ ਲਿਖੀਆਂ, 17 ਸਪੀਕਰ ਸਾਹਿਬ, ਤੁਹਾਨੂੰ ਲਿਖੀਆਂ। ਇਨ੍ਹਾਂ ਦੀਆਂ ਚਿੱਠੀਆਂ ਪੜ੍ਹਦਾ ਕੌਣ ਹੈ? ਇਨ੍ਹਾਂ ਦੇ ਆਪਣੇ ਪ੍ਰਧਾਨ ਨੇ ਕਿਹਾ ਸੀ ਕਿ ਮੈਂ ਇਨ੍ਹਾਂ ਦੀਆਂ ਚਿੱਠੀਆਂ ਨੂੰ ਡਸਟਬਿਨ ਵਿਚ ਪਾ ਦਿੰਦਾ ਹਾਂ। ਇਹ ਤੜਕੇ ਉੱਠ ਕੇ ਅਖਬਾਰ ਪੜ੍ਹਦੇ ਹਨ ਅਤੇ ਜਿਹੜੀ ਨੈਗੇਟਿਵ ਖਬਰ ਲੱਗੀ ਹੁੰਦੀ ਹੈ, ਉਸ ਨੂੰ ਟੈਗ ਕਰਕੇ ਟਵੀਟ ਕਰ ਦਿੰਦੇ ਹਨ ਅਤੇ ਭਗਵੰਤ ਮਾਨ ਨੂੰ ਗਾਲਾਂ। ਕੋਈ ਕੰਮ ਅਸੀਂ ਚੰਗਾ ਕੀਤਾ ਹੋਵੇ ਤਾਂ ਕਹਿੰਦੇ ਹਨ ਕਿ ਇਹ ਕੋਈ ਚੰਗਾ ਕੰਮ ਥੋਹੜਾ ਹੈ, ਬੱਸ ਭਗਵੰਤ ਮਾਨ ਨੂੰ ਗਾਲਾਂ। ਹੋਰ ਕੋਈ ਕੰਮ ਨਹੀਂ ਹੈ। ਜਿਹੜਾ ਅੱਜ ਅਸੀਂ ਬਿਲ ਲੈ ਕੇ ਆਏ ਹਾਂ। ਇਸ ਨਾਲ ਕਿੰਨੇ ਲੋਕਾਂ ਦੇ ਪੈਸੇ ਜੁੜੇ ਹੋਏ ਹਨ। ਜਨਾਬ ਜੀ, ਉਹ ਲੋਕ ਇਸ ਤੋਂ ਵੱਧ ਪੈਸੇ ਨਹੀਂ ਕਮਾ ਸਕਦੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਲਗਾ ਦਿੱਤੀ। ਇਹ ਕਹਿੰਦੇ 31 ਜੁਲਾਈ ਵਾਲਾ ਫੈਸਲਾ ਕਿਉਂ ਲਿਆ, ਇਹ ਫੈਸਲਾ ਮੈਂ ਲਿਆ ਹੈ। ਮੈਂ ਡਿਟੇਲ ਦੱਸਦਾ ਹਾਂ ਕਿ ਕਿਉਂ ਲਿਆ ਹੈ। ਇੱਥੇ ਅਫ਼ਸਰ ਬੈਠੇ ਹਨ, ਚੀਫ਼ ਸੈਕਟਰੀ ਸਾਹਿਬ ਬੈਠੇ ਹਨ, ਵੀ.ਕੇ. ਜੀ ਬੈਠੇ ਹਨ, ਕੇ.ਏ.ਪੀ. ਸਿਨਹਾ ਜੀ ਬੈਠੇ ਹਨ। ਸਪੀਕਰ ਸਾਹਿਬ, ਇਹ ਗੱਲ ਕੋਈ 15 ਅਗਸਤ ਦੇ ਨੇੜੇ ਤੇੜੇ ਦੀ ਹੈ। ਮੈਂ ਕਿਹਾ ਜੇਕਰ ਆਪਾਂ ਅੱਜ ਇਹ ਅਨਾਉਂਸ ਕਰ ਦਿੱਤਾ ਕਿ 2 ਨਵੰਬਰ ਤੱਕ ਰਜਿਸਟਰੀਆਂ ਕਰਵਾ ਲਓ ਜਾਂ ਜਿਨ੍ਹਾਂ ਨੇ ਬਿਆਨੇ ਦਿੱਤੇ ਹੋਏ ਹਨ, ਉਹ 2 ਨਵੰਬਰ ਤੱਕ ਲੀਗਲ। ਮੈਂ ਕਿਹਾ ਇਸ ਨਾਲ ਇਹ ਨਾ ਹੋਵੇ ਕਿ ਅੱਜ ਤੋਂ ਬਾਅਦ 2 ਨਵੰਬਰ ਤੱਕ ਲੋਕ ਇਹ ਸਮਝ ਲੈਣ ਕਿ ਇਲਲੀਗਲ

ਕਲੋਨੀਆਂ ਕੱਟਣ ਦਾ ਟਾਈਮ ਆ ਗਿਆ। ਡੇਢ ਮਹੀਨੇ ਵਿਚ ਹੋਰ ਇਲਲੀਗਲ ਕਲੋਨੀਆਂ ਕੱਟੀਆਂ ਜਾਣ। ਮੈਂ ਕਿਹਾ ਇਕ ਕੰਮ ਕਰਦੇ ਹਾਂ ਕਿ 31 ਜੁਲਾਈ ਨੂੰ ਫਾਈਨਲ ਕਰਦੇ ਹਾਂ ਅਤੇ 31 ਜੁਲਾਈ ਤੱਕ 10 ਫੀਸਦੀ ਬਿਆਨਾ, ਬੈਂਕ ਦੁਆਰਾ ਦਿੱਤਾ ਹੋਇਆ, ਅਸ਼ਟਾਮ ਖਰੀਦਿਆ ਹੋਇਆ। ਅਸੀਂ 2 ਨਵੰਬਰ ਤਾਰੀਖ ਇਸੇ ਕਰਕੇ ਚੁਣੀ ਹੈ ਕਿਉਂਕਿ 1 ਅਕਤੂਬਰ ਨੂੰ ਝੋਨਾ ਆ ਜਾਂਦਾ ਹੈ, 20-25 ਅਕਤੂਬਰ ਤੱਕ ਆੜ੍ਹਤੀਆ ਪੈਸੇ ਦੇ ਦਿੰਦਾ ਹੈ। ਜੇਕਰ ਕਿਸੇ ਦੇ ਪੈਸੇ ਰਹਿ ਗਏ ਤਾਂ ਉਹ 2 ਨਵੰਬਰ ਤੋਂ ਪਹਿਲਾਂ ਪਹਿਲਾਂ ਲੈ ਲਵੇਗਾ ਅਤੇ ਆਪਣੀ ਰਜਿਸਟਰੀ ਕਰਵਾ ਲਵੇਗਾ, ਉਸ ਤੋਂ ਬਾਅਦ ਉਸਨੂੰ ਮੀਟਰ ਵੀ ਮਿਲੇਗਾ ਅਤੇ ਸਾਰਾ ਕੁੱਝ ਲੀਗਲ ਹੋਵੇਗਾ ਪਰ 31 ਜੁਲਾਈ ਤੋਂ ਬਾਅਦ ਵਾਲਾ ਨਹੀਂ ਹੋਵੇਗਾ। ਉਸ ਵਾਸਤੇ ਅਸੀਂ ਕੀ ਕੀਤਾ ਹੈ। ਅਸੀਂ ਕਲਰ ਕੋਡਿੰਗ ਕਰ ਦਿੱਤੀ। ਇਹ out of the box idea ਹੈ। ਭਗਵੰਤ ਮਾਨ ਜਦੋਂ ਸਾਢੇ 17 ਸਾਲ ਦਾ ਹੋਇਆ ਸੀ ਤਾਂ ਉਸ ਨੂੰ ਸਾਰੀ ਦੁਨੀਆ ਨੇ ਸਿਰਫ਼ ਇਕ ਗੱਲ ਕਰਕੇ ਪਛਾਣ ਲਿਆ ਸੀ ਕਿ ਇਹ ਬੰਦਾ ਗੱਲ ਕੀ ਕਰ ਰਿਹਾ ਹੈ ਕਿਉਂਕਿ ਮੈਂ ਕਿਹਾ ਸੀ ਕਿ ਕੁਲਫੀ ਗਰਮਾ ਗਰਮ। ਕੁਲਫ਼ੀ ਠੰਡੀ ਠਾਰ ਨਹੀਂ, ਭਗਵੰਤ ਮਾਨ ਨੇ ਕੁਲਫ਼ੀ ਨੂੰ ਹੋਰ ਤਰੀਕੇ ਨਾਲ ਸੋਚਿਆ ਸੀ। ਮੈਂ ਇਹੀ ਕਹਿੰਦਾ ਹਾਂ ਕਿ out of the box idea ਸੋਚੋ। ਅਸੀਂ ਅਸ਼ਟਾਮ ਪੇਪਰਜ਼ ਦੀ ਕਲਰ ਕੋਡਿੰਗ ਕੀਤੀ ਹੈ। ਅੱਜ ਸਾਰੀ ਦੁਨੀਆ ਇਸ ਗੱਲ ਨੂੰ ਪਸੰਦ ਕਰ ਰਹੀ ਹੈ। ਮੈਨੂੰ ਕਈ ਸੂਬਿਆਂ ਦੇ ਮੁੱਖ ਮੰਤਰੀ ਪੁੱਛ ਰਹੇ ਹਨ ਕਿ ਕਿਵੇਂ ਕੀਤਾ ਹੈ। ਮੈਂ ਦੱਸਦਾ ਹਾਂ। ਸਪੀਕਰ ਸਾਹਿਬ, ਜਦੋਂ ਇਨ੍ਹਾਂ ਦੀ (ਆਪੋਜੀਸ਼ਨ ਬੈਂਚਾਂ ਵੱਲ ਇਸ਼ਾਰਾ) ਸਰਕਾਰ ਹੁੰਦੀ ਸੀ ਤਾਂ ਉਦੋਂ ਜੇਕਰ ਕਿਸੇ ਵਪਾਰੀ ਨੇ ਫੈਕਟਰੀ ਲਗਾਉਣ ਲਈ ਪੰਜਾਬ ਆਉਣਾ ਹੁੰਦਾ ਸੀ ਤਾਂ ਉਹ ਰਾਜਪੁਰੇ ਕੋਲ 40 ਕਿੱਲੇ ਲੈਂਦਾ ਸੀ, ਚਲੋ 4 ਕਰੋੜ ਨੂੰ ਕਿੱਲਾ ਲੈ ਕੇ 160 ਕਰੋੜ ਨੂੰ ਜ਼ਮੀਨ ਖਰੀਦ ਕੇ ਫਿਰ ਸੀ.ਐਲ.ਯੂ. ਵਾਲਿਆਂ ਕੋਲ ਜਾਂਦਾ ਸੀ। ਉਹ ਕਹਿੰਦੇ ਸੀ ਕਿ ਇਸ ਤਰ੍ਹਾਂ ਕਿਵੇਂ ਤੂੰ ਫੈਕਟਰੀ ਲਗਾ ਲਵੇਂਗਾ? ਸਪੀਕਰ ਸਾਹਿਬ, 4-5 ਮਹੀਨੇ ਸੀ.ਐਲ.ਯੂ. ਨਹੀਂ ਮਿਲਦੀ ਸੀ, ਫਿਰ ਇੱਧਰੋਂ ਉਧਰੋਂ ਜੁਗਾੜ ਕਰਕੇ ਸੀ.ਐਲ.ਯੂ. ਲੈਂਦਾ ਸੀ। ਉਸ ਤੋਂ ਬਾਅਦ ਉਹ ਸੋਚਦਾ ਸੀ ਕਿ ਹੁਣ ਫੈਕਟਰੀ ਲੱਗ ਜਾਵੇਗੀ, ਉਦੋਂ ਹੀ ਫਾਰੈਸਟ ਵਾਲੇ ਆ ਜਾਂਦੇ ਸੀ ਤੇ ਕਹਿੰਦੇ ਕਿ ਇਸ ਤਰ੍ਹਾਂ ਕਿਵੇਂ ਫੈਕਟਰੀ ਲਗਾ ਲਵੇਂਗਾ, ਸਾਡੇ ਕੋਲ ਆ। ਉਹ ਫਾਰੈਸਟ ਵਾਲਿਆਂ ਕੋਲ ਜਾਂਦਾ ਸੀ ਅਤੇ ਦੋ ਮਹੀਨੇ ਬਾਅਦ ਫਾਰੈਸਟ ਵਾਲਿਆਂ ਤੋਂ ਕਲੀਅਰੈਂਸ ਲੈਂਦਾ ਸੀ। ਉਸ ਦੇ ਨਾਲ ਹੀ ਪਾਲਿਊਸ਼ਨ ਵਾਲੇ ਆ ਜਾਂਦੇ ਸੀ ਕਿ ਇਸ ਤਰ੍ਹਾਂ ਕਿਵੇਂ, ਸਾਡੇ ਨਾਲ ਗੱਲ ਕਰ, ਦੱਸ ਕਿੰਨੇ? ਸੋ, ਲਗਭੱਗ ਸਾਲ ਡੇਢ ਸਾਲ ਅਜਿਹੀਆਂ ਮੰਨਜ਼ੂਰੀਆਂ ਲੈਣ ਲਈ ਹੀ ਲੱਗ ਜਾਂਦਾ ਸੀ। ਉਸ ਦਾ 160 ਕਰੋੜ ਸਟੱਕ ਪਿਆ ਰਹਿੰਦਾ ਸੀ।

**1545/harpreet singh/Shubham jain**

ਫੈਕਟਰੀ ਨੂੰ ਇੱਕ ਇੱਟ ਵੀ ਨਹੀਂ ਲੱਗਦੀ ਸੀ। ਬੰਦਾ ਕਹਿੰਦਾ ਸੀ ਕਿ ਇਸ ਦੇ ਨਾਲੋਂ ਤਾਂ ਜ਼ਮੀਨ ਹੀ ਵੇਚ ਦਿੰਦੇ ਹਾਂ, ਜ਼ਮੀਨ ਹੀ ਮਹਿੰਗੀ ਹੋ ਗਈ ਹੋਣੀ। ਅਸੀਂ ਕੀ ਕੀਤਾ? ਅੱਜ ਦੁਨੀਆਂ ਦੇ ਵਿੱਚ ਇਸ ਦੀ ਉਦਾਹਰਣ ਹੈ। ਮੈਂ ਇਸ ਮੁਕੱਦਸ ਹਾਊਸ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਟੈਂਪ ਪੇਪਰ ਦੀ ਕਲਰ ਕੋਡਿੰਗ ਕਰ ਦਿੱਤੀ ਹੈ। ਅੱਜ ਜੇ ਕਿਸੇ ਵਪਾਰੀ ਨੇ ਆਉਣਾ ਹੈ ਤਾਂ ਉਹ ਰਾਜਪੁਰੇ ਕੋਲ 40 ਕਿੱਲੇ ਨਾ ਖਰੀਦੇ। ਵੇਚਣ ਵਾਲੇ ਨਾਲ ਗੱਲ ਕਰ ਲਵੇ। ਰਜਿਸਟਰੀ ਕਰਵਾਉਣ ਤੋਂ ਪਹਿਲਾਂ ਬੰਦਾ ਸਾਡੇ ਕੋਲ ਆਵੇ। ਇਨਵੈਸਟ ਪੰਜਾਬ ਦੇ ਪੋਰਟਲ ਤੇ ਆ ਜਾਵੇ ਜਾਂ ਇਨਵੈਸਟ ਪੰਜਾਬ ਦੇ ਦਫਤਰ ਜੋ ਕਿ ਮੋਹਾਲੀ ਏਅਰਪੋਰਟ ਦੇ ਚੌਂਕ ਦੇ ਕੋਲ ਸਥਿਤ ਹੈ, ਉਥੇ ਆ ਜਾਵੇ। ਸਾਨੂੰ ਆ ਕੇ ਦੱਸੇ। ਸਾਨੂੰ ਸਿਰਫ 14 ਦਿਨ ਚਾਹੀਦੇ ਹਨ, ਸਿਰਫ 2 ਹਫਤੇ ਚਾਹੀਦੇ ਹਨ। ਸਾਡੀ ਸੀ.ਐਲ.ਯੂ ਦੀ ਟੀਮ, ਫੋਰੈਸਟ ਦੀ ਟੀਮ, ਪਾਲਿਊਸ਼ਨ ਦੀ ਟੀਮ ਅਤੇ ਫਾਇਰ ਦੀ ਟੀਮ ਉਥੇ ਜਾਏਗੀ। 14 ਦਿਨਾਂ ਵਿੱਚ ਦੱਸ ਦਿੱਤਾ ਜਾਵੇਗਾ ਕਿ ਕੋਈ ਪ੍ਰੋਬਲਮ ਹੈ ਕਿ ਨਹੀਂ। ਸਾਰਾ ਕੁਝ ਵਾਚਣ ਤੋਂ ਬਾਅਦ 15ਵੇਂ ਦਿਨ ਕਿਹਾ ਜਾਏਗਾ ਕਿ ਸੈਲਰ/ਜ਼ਮੀਨ ਵੇਚਣ ਵਾਲੇ ਨੂੰ ਲੈ ਕੇ ਆਓ। ਤਹਿਸੀਲਦਾਰ ਕਚਹਿਰੀਆਂ ਵਿੱਚ ਨਹੀਂ, ਇਨਵੈਸਟ

ਪੰਜਾਬ ਦੇ ਦਫਤਰ ਵਿੱਚ ਬਿਠਾਇਆ ਹੋਇਆ ਹੈ। ਵਪਾਰੀ ਨੂੰ ਹਰੇ ਰੰਗ ਦਾ ਸਟੈਂਪ ਪੇਪਰ ਖਰੀਦਣਾ ਪਵੇਗਾ, ਉਹ ਥੋੜ੍ਹਾ ਜਿਹਾ ਮਹਿੰਗਾ ਹੋਵੇਗਾ ਕਿਉਂਕਿ ਉਸ ਵਿੱਚ ਪਾਲਿਊਸ਼ਨ ਦੇ, ਫਾਰੈਸਟ ਦੇ, ਸੀ.ਐਲ.ਯੂ ਆਦਿ ਸਾਰਿਆਂ ਦੇ ਚਾਰਜਿਜ਼ ਹੋਣਗੇ। ਜਿਸ ਦਿਨ ਉਹ ਰਜਿਸਟਰੀ ਹੋ ਗਈ, ਖਰੀਦਣ ਵਾਲਾ ਅਗਲੇ ਹੀ ਦਿਨ ਭੂਮੀ ਪੂਜਨ ਕਰਵਾ ਸਕਦਾ ਹੈ। ਅਸੀਂ 24 ਘੰਟੇ ਵੀ ਵਪਾਰੀ ਦਾ ਪੈਸਾ ਸਟੱਕ ਨਹੀਂ ਰੱਖਣਾ ਚਾਹੁੰਦੇ। ਜਿਹੜੇ ਇਹ ਗਰੀਨ ਪੇਪਰ ਹਨ ਉਹ 157 ਤੋਂ ਜ਼ਿਆਦਾ ਸਾਡੇ ਕੋਲ ਆ ਚੁੱਕੇ ਹਨ। ਦੂਜਾ ਹੈ ਰੈੱਡ ਸਟੈਂਪ ਪੇਪਰ ਜੋ ਕਿ ਕਲੋਨੀਆਂ ਵਾਸਤੇ ਹੈ ਜਿਸ ਸਬੰਧੀ ਇਹ ਡਿਬੇਟ ਚੱਲ ਰਹੀ ਹੈ। ਜੇਕਰ ਕਿਸੇ ਨੇ ਕਲੋਨੀ ਕੱਟਣੀ ਹੈ ਤਾਂ ਉਸ ਨੂੰ ਰੈੱਡ ਸਟੈਂਪ ਪੇਪਰ ਖਰੀਦਣਾ ਪਵੇਗਾ। ਪਹਿਲਾਂ ਦੱਸਣਾ ਵੀ ਪਵੇਗਾ ਕਿ ਇੱਥੇ ਕਲੋਨੀ ਕੱਟਣੀ ਹੈ। ਉਸ ਤੋਂ ਬਾਅਦ ਅਸੀਂ ਦੱਸਾਂਗੇ ਕਿ ਕੀ ਇੱਥੇ ਬਿਜਲੀ ਦਾ ਮੀਟਰ ਲੱਗ ਸਕਦਾ ਹੈ? ਕੀ ਇੱਥੇ ਕਲੋਨੀ ਬਣ ਸਕਦੀ ਹੈ? ਕੀ ਇਹ ਰਿਹਾਇਸ਼ੀ ਇਲਾਕਾ ਹੈ? ਕੀ ਇੱਥੇ ਸੀਵਰੇਜ ਪੈ ਸਕਦਾ ਹੈ? ਫਿਰ ਸਾਰਾ ਕੁਝ ਚੈੱਕ ਕਰਕੇ ਅਸੀਂ ਦੱਸਾਂਗੇ ਕਿ ਹੁਣ ਰੈੱਡ ਸਟੈਂਪ ਪੇਪਰ ਖਰੀਦ ਲਿਆ ਜਾਵੇ। ਰੈੱਡ ਦੇ ਵਿੱਚ ਬਿਜਲੀ, ਪਾਣੀ, ਸੀਵਰੇਜ ਆਦਿ ਸਾਰਾ ਕੁਝ ਇਨਕਲੂਡਿਡ ਹੋਵੇਗਾ, ਜੋ ਵੀ ਸਰਕਾਰੀ ਸੁਵਿਧਾਵਾਂ ਇੱਕ ਐਪਰੂਵਡ ਕਲੋਨੀ ਵਾਲਿਆਂ ਨੂੰ ਮਿਲਦੀਆਂ ਹਨ, ਉਹ ਮਿਲਣਗੀਆਂ। ਕੱਲ੍ਹ ਨੂੰ 6 ਮਹੀਨਿਆਂ ਬਾਅਦ, 2 ਸਾਲਾਂ ਬਾਅਦ ਕੋਈ ਬਾਬੂ ਕਿਸੇ ਫੈਕਟਰੀ ਵਿੱਚ ਜਾਵੇ। ਉਸ ਨੂੰ ਕਾਗਜ਼ ਦਿਖਾਏ ਜਾਣ, ਗਰੀਨ ਜਾਂ ਰੈੱਡ ਸਟੈਂਪ ਪੇਪਰ ਦੇਖ ਕੇ ਬਾਬੂ ਸਮਝ ਜਾਏਗਾ ਕਿ ਆਲ ਇਜ਼ ਵੈੱਲ। ਸਾਰਾ ਕੁਝ ਪੇਡ ਹੈ। ਹੁਣ ਕੋਈ ਇਹ ਨਹੀਂ ਕਰ ਸਕਦਾ ਕਿ ਖਰੀਦ ਲਿਆ ਰੈੱਡ ਸਟੈਂਪ ਪੇਪਰ ਤੇ ਪਲਾਟ ਨਹੀਂ ਵਿਕੇ, ਜਿਵੇਂ ਸ੍ਰੀ ਅਮਨ ਅਰੋੜਾ ਜੀ ਕਹਿ ਰਹੇ ਸੀ ਕਿ 60% ਪਲਾਟ ਨਹੀਂ ਵਿਕੇ ਤਾਂ ਬਾਕੀ 40% ਵਿੱਚ ਫੈਕਟਰੀ ਲਗਾ ਦਿਓ। ਇਸ ਤਰ੍ਹਾਂ ਅਸੀਂ ਚੈੱਕ ਕਰ ਲਵਾਂਗੇ ਕਿ ਫੈਕਟਰੀ ਤਾਂ ਗਰੀਨ ਸਟੈਂਪ ਪੇਪਰ ਤਹਿਤ ਲਗਾਈ ਜਾ ਸਕਦੀ ਹੈ। ਤੁਹਾਨੂੰ ਇਸ ਦੇ ਲਈ ਗਰੀਨ ਸਟੈਂਪ ਪੇਪਰ ਲੈਣਾ ਪੈਣਾ ਸੀ। ਰੈੱਡ ਸਟੈਂਪ ਪੇਪਰ ਲੈ ਕੇ ਕਲੋਨੀ ਵਿੱਚ ਫੈਕਟਰੀ ਨਹੀਂ ਲਗਾਈ ਜਾ ਸਕਦੀ। ਇਲਲੀਗਲ ਕਲੋਨੀਆਂ ਦਾ ਸਿਸਟਮ ਹੀ ਖਤਮ ਹੋ ਜਾਏਗਾ। ਇਲਲੀਗਲ ਕਲੋਨੀਆਂ ਕੌਣ ਕੱਟਦਾ ਹੈ। ਸਾਰੇ ਤਾਂ ਵੱਡੇ ਵੱਡੇ ਨਾਮ ਹਨ। ਕੀ ਆਮ ਬੰਦਾ ਕੋਈ ਕਾਲੋਨਾਈਜ਼ਰ ਬਣ ਜਾਏਗਾ? 94% ਲੋਕਾਂ ਕੋਲ ਤਾਂ 4 ਕਿਲੇ ਜ਼ਮੀਨ ਹੈ। ਕਲੋਨੀਆਂ ਕੌਣ ਕੱਟਦਾ ਹੈ? ਕਲੋਨੀਆਂ ਉਹ ਕੱਟਦੇ ਹਨ ਜਿਹੜੇ ਤਲਵੇ ਚੱਟਦੇ ਹਨ। ਬੱਸ ਮੈਂ ਇੰਨਾਂ ਹੀ ਕਹਾਂਗਾ।

ਵੈਸੇ ਕਈ ਬੜੀਆਂ ਸਾਫ-ਸੁਥਰੀਆਂ ਕਲੋਨੀਆਂ ਵੀ ਕੱਟੀਆਂ ਗਈਆਂ ਹਨ। ਮੈਂ ਉਨ੍ਹਾਂ ਦਾ ਨਾਮ ਹਾਊਸ ਵਿੱਚ ਲੈਣਾ ਚਾਹੁੰਦਾ ਹਾਂ। ਇਯਾਲੀ ਸਾਹਿਬ ਦੀ ਜਿਹੜੀ ਸਾਊਥ ਸਿਟੀ ਕਲੋਨੀ ਹੈ, ਉਥੇ ਇੱਕ ਰੁਪਏ ਦਾ ਵੀ ਘਪਲਾ ਨਹੀਂ ਹੈ। ਮੈਂ ਸਾਰਾ ਚੈੱਕ ਕਰਵਾ ਲਿਆ ਹੈ। ਕੋਈ ਇੱਧਰਲੇ ਪਾਸਿਓਂ, ਕੋਈ ਉਧਰਲੇ ਪਾਸਿਓਂ ਕੋਈ ਕਮੀ ਹੋਵੇ? ਬਿਲਕੁਲ ਨਹੀਂ। ਮੈਂ ਹਾਊਸ ਵਿੱਚ ਬੋਲਣਾ ਚਾਹੁੰਦਾ ਹਾਂ। ਤੁਸੀਂ ਸਾਰਾ ਪੱਕੇ ਦਾ ਕੰਮ ਕਰਦੇ ਹੋ।

**1550/amandeep kaur/Abhishek gautam**

ਹੁਣ ਜੇ ਇੱਧਰਲੇ ਪਾਸੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਦੇਖੀਏ ਤਾਂ ਅਜਿਹਾ ਨਹੀਂ ਹੈ। (ਹਾਸਾ) ਸੋ, ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਫਰਕ ਹੈ, ਬਹੁਤ ਫਰਕ ਹੈ।

ज़माने में और निभाने में फ़र्क़ है ग़ालिब

चलो शुक्र है तेरा तर्क है ग़ालिब

ਕੋਈ ਗੱਲ ਨਹੀਂ, ਚੱਲਦਾ ਹੈ। ਪਰ ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਿੱਲ ਹੈ, ਇਸ ਦਾ ਨਾਂ ਹੈ ਐਨ.ਓ.ਸੀ.। ਹਾਂ, ਬਿੱਲ ਦਾ ਨਾਂ ਹੈ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ, 2024 ਪਰ ਜਦੋਂ ਤੁਸੀਂ ਇਸ ਨੂੰ ਪਾਸ ਕਰਵਾਉਗੇ, ਜਦੋਂ ਇਹ ਪਾਸ ਹੋ ਗਿਆ ਤਾਂ ਤੁਹਾਨੂੰ ਕਰੋੜਾਂ ਲੋਕਾਂ ਦੀਆਂ ਦੁਆਵਾਂ ਲੱਗਣਗੀਆਂ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਵਿੱਚ ਜਿੰਨੇ ਪੈਸੇ ਕਮਾਏ ਸਨ, ਉਹ ਉਥੇ ਲਗਾ ਬੈਠੇ, ਭੋਲੇਪਣ ਵਿੱਚ ਲਗਾ ਬੈਠੇ ਜਾਂ ਫਿਰ ਕਿਸੇ ਦੋਸਤ ਮਿੱਤਰ ਦੇ ਕਹਿਣ ਤੇ ਲਗਾ ਬੈਠੇ, ਕਈ ਵਾਰੀ ਰਿਸ਼ਤੇਦਾਰੀ ਦੇ ਕਹਿਣ ਤੇ ਲਗਾ ਦਿੰਦੇ ਹਾਂ, ਬਾਅਦ ਵਿੱਚ ਪਤਾ ਲੱਗਾ ਕਿ ਕੋਈ ਗੱਲ ਗਲਤ ਨਿਕਲ ਗਈ। ਪਰ ਕੋਈ ਗੱਲ ਨਹੀਂ, ਮੈਂ ਇਹ ਗੱਲ ਬੜੇ ਮਾਣ ਅਤੇ ਸਤਿਕਾਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕੋਈ ਵੀ ਘਰ ਐਸਾ ਨਹੀਂ ਹੋਵੇਗਾ ਕਿ ਜਿਸ ਵਿੱਚ ਬਿਜਲੀ ਦਾ ਮੀਟਰ ਨਾ ਹੋਵੇ, ਬਿਜਲੀ ਨਾ ਹੋਵੇ, ਉਸ ਘਰ ਵਿੱਚ ਸਰਕਾਰੀ ਸੀਵਰੇਜ਼ ਜਾਂ ਸਰਕਾਰੀ ਸੁਵਿਧਾ ਨਾ ਹੋਵੇ, ਇਸ ਤਰ੍ਹਾਂ ਨਹੀਂ ਹੋ ਸਕਦਾ। (ਥੰਪਿੰਗ) ਸਾਡਾ ਛੋਟਾ ਜਿਹਾ ਪੰਜਾਬ ਹੈ, ਸਰ। ਸਾਢੇ ਕੁ 3 ਕਰੋੜ ਬੰਦੇ ਹਨ, ਸਾਢੇ ਕੁ 3 ਕਰੋੜ ਬੰਦਿਆਂ ਨੂੰ ਸਾਂਭ ਲਵਾਂਗੇ। ਜੇ ਪਹਿਲਾਂ ਵਾਲਿਆਂ ਤੋਂ ਗਲਤੀਆਂ ਹੋ ਗਈਆਂ ਤਾਂ ਕੀ ਹੋ ਗਿਆ। ਜੇ ਉਨ੍ਹਾਂ ਤੋਂ ਗਲਤੀਆਂ ਹੋਈਆਂ ਹਨ ਤਾਂ ਲੋਕਾਂ ਨੇ ਸਜ਼ਾ ਵੀ ਦੇ ਦਿੱਤੀ ਹੈ। ਲੋਕਾਂ ਨੇ ਕੋਈ 2 ਤੇ, ਕੋਈ 3 ਤੇ ਜਾਂ ਕੋਈ 12 ਤੇ ਪਹੁੰਚਾ ਦਿੱਤੇ ਹਨ। (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਅੱਜ ਸ਼ਾਇਦ ਇੱਥੇ 10 ਹੀ ਨੇ। ਗਿਣ ਲਉ ਚਾਹੇ, 10 ਹੀ ਨੇ। ਇਹ ਲੋਕਾਂ ਨੇ ਸਜ਼ਾ ਦਿੱਤੀ ਹੈ। ਇਹ ਸਜ਼ਾ ਕੋਈ ਮੈਂ ਥੋੜ੍ਹਾ ਦਿੱਤੀ ਹੈ। ਮੇਰਾ ਨਾਂ ਕਿਉਂ ਲੈਂਦੇ ਹਨ? ਕੀ ਇਹ ਸਜ਼ਾ ਮੈਂ ਦਿੱਤੀ ਹੈ? ਇਹ ਸਜ਼ਾ ਲੋਕਾਂ ਨੇ ਦਿੱਤੀ ਹੈ। ਜਿਹੜੇ ਪਹਿਲਾਂ ਤਿੰਨ ਸੀ, ਹੁਣ ਇੱਕ ਹੀ ਰਹਿ ਗਿਆ ਹੈ।

ਗੱਲ ਇਹ ਹੈ ਕਿ ਇਨ੍ਹਾਂ ਨੂੰ ਪਤਾ ਵੀ ਨਹੀਂ ਹੈ ਕਿ ਗਲਤੀਆਂ ਕੀ ਹਨ। ਇੱਕ ਪੱਤਰਕਾਰ ਨੇ ਪੁੱਛਿਆ ਕਿ ਕੀ ਕਰਨ ਆਏ ਹੋ ਤਾਂ ਕਹਿੰਦੇ ਕਿ ਮੁਆਫੀ ਮੰਗਣ ਆਏ ਹਾਂ। ਕਾਹਦੀ? ਗਲਤੀਆਂ ਦੀ। ਕਿਹੜੀਆਂ? ਪਤਾ ਨਹੀਂ। (ਹਾਸਾ) ਫਿਰ ਆਏ ਕੀ ਕਰਨ ਹੋ? ਮੁਆਫੀ ਮੰਗਣ ਆਏ ਹਾਂ। ਕਾਹਦੀ? ਗਲਤੀਆਂ ਦੀ।

ਇੱਕ ਬੰਦੇ ਤੋਂ ਕਤਲ ਹੋ ਗਿਆ। ਉਹ ਬੰਦਾ ਪੁਲਿਸ ਨੂੰ ਕਹਿੰਦਾ ਕਿ ਕਤਲ ਹੋ ਗਿਆ। ਪੁਲਿਸ ਕਹਿੰਦੀ ਕਿ ਕਿਸ ਨੇ ਕੀਤਾ ਹੈ। ਉਹ ਕਹਿੰਦਾ ਕਿ ਮੈਂ ਕੀਤਾ ਹੈ। ਲਾਸ਼ ਕਿੱਥੇ ਹੈ? ਉਹ ਕਹਿੰਦਾ ਕਿ ਮੈਂ ਅੱਗ ਲਗਾ ਕੇ ਸਾੜ ਦਿੱਤੀ। ਜਿੱਥੇ ਸਾੜੀ ਸੀ, ਜਗ੍ਹਾ ਦਿਖਾ। ਉਹ ਕਹਿੰਦਾ ਕਿ ਮੈਂ ਉਹ ਜਗ੍ਹਾ ਟਰੈਕਟਰ/ਤਵੀਆਂ ਨਾਲ ਵਾਹ ਦਿੱਤੀ। ਚੱਲ, ਵਾਹੀ ਹੋਈ ਜਗ੍ਹਾ ਦਿਖਾ ਦੇ। ਉਹ ਕਹਿੰਦਾ ਕਿ ਮੈਂ ਇੱਟਾਂ ਰੱਖ ਦਿੱਤੀਆਂ। ਫਿਰ ਕਿਹਾ ਕਿ ਇੱਟਾਂ ਦਿਖਾ। ਉਹ ਕਹਿੰਦਾ ਕਿ ਮੈਂ ਇੱਟਾਂ ਨਾਲ ਚੁਬਾਰਾ ਜਿਹਾ ਪਾ ਦਿੱਤਾ ਸੀ, ਛੱਤ ਪਾ ਦਿੱਤੀ ਸੀ। ਫਿਰ ਕਿਹਾ ਚੱਲ ਛੱਤ ਦਿਖਾ। ਉਹ ਕਹਿੰਦਾ ਕਿ ਪਿੱਛੇ ਜਿਹੇ ਜਿਹੜਾ ਭੂਚਾਲ ਆਇਆ ਸੀ, ਉਸ ਵਿੱਚ ਛੱਤ ਡਿੱਗ ਗਈ ਸੀ। ਫਿਰ ਕਿਹਾ ਕਿ ਮਲਬਾ ਦਿਖਾ। ਉਹ ਕਹਿੰਦਾ ਕਿ ਮਲਬਾ ਗੁਆਂਢੀਆਂ ਨੂੰ ਵੇਚ ਦਿੱਤਾ ਸੀ। ਫਿਰ ਕਿਹਾ ਕਿ ਚੱਲ ਗੁਆਂਢੀ ਨੂੰ ਹੀ ਮਿਲਾ ਦੇ। ਉਹ ਕਹਿੰਦਾ ਕਿ ਗੁਆਂਢੀ ਦਾ ਕਤਲ ਹੋ ਗਿਆ ਸੀ। ਪੁੱਛਿਆ ਕਿ ਕਿਸ ਨੇ ਕੀਤਾ ਸੀ। ਉਹ ਕਹਿੰਦਾ ਕਿ ਮੈਂ ਕੀਤਾ ਹੈ। ਪੁਲਿਸ ਕਹਿੰਦੀ ਕਿ ਤੂੰ ਫਿਰ ਉਥੇ ਹੀ ਆ ਗਿਆ ਹੈ। (ਹਾਸਾ)

ਉਹੀ ਹਾਲਤ ਇਨ੍ਹਾਂ ਦੀ ਹੈ ਕਿ ਗਲਤੀਆਂ ਦਾ ਪਤਾ ਹੀ ਨਹੀਂ ਹੈ ਕਿ ਕੀ-ਕੀ ਕਰ ਲਈਆਂ ਹਨ। ਮੁਆਫੀਆਂ ਮੰਗਣ ਤੁਰੇ ਫਿਰਦੇ ਹਨ। ਕੀ ਇਸ ਤਰ੍ਹਾਂ ਜਨਤਾ ਮੁਆਫ ਕਰ ਦੇਵੇਗੀ? ਇਸ ਤਰ੍ਹਾਂ ਮੁਆਫੀਆਂ ਕਰਵਾ ਲਉਗੇ? ਮੁਆਫੀਆਂ ਗਲਤੀਆਂ ਦੀਆਂ ਹੁੰਦੀਆਂ ਹਨ ਪਰ ਗੁਨਾਹਾਂ ਦੀਆਂ ਮੁਆਫੀਆਂ ਨਹੀਂ ਹੁੰਦੀਆਂ। (ਥੰਪਿੰਗ) I am very very sorry to

say that. ਸੋ, ਅਸੀਂ ਪਰਮਾਤਮਾ ਤੋਂ ਡਰੀਏ ਅਤੇ ਮੈਂ ਇਹੀ ਉਮੀਦ ਕਰਦਾ ਹਾਂ ਕਿ ਇਸ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਕਰੋੜਾਂ ਲੋਕਾਂ ਦੀਆਂ ਦੁਆਵਾਂ ਲਵੋ। ਧੰਨਵਾਦ ਸਪੀਕਰ ਸਾਹਿਬ। (ਥੰਪਿੰਗ)

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਸਰਬਸੰਮਤੀ ਹੈ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ 2 ਬਿਲ ਦਾ ਹਿੱਸਾ ਹੈ।

**ਮਾਣਯੋਗ ਸਪੀਕਰ** : ਸਰਬਸੰਮਤੀ ਹੈ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**1555/Tarlochan Singh/Abhishek gautam**

**ਕਲਾਜ਼ਾਂ 2 ਅਤੇ 3**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਮਾਣਯੋਗ ਸਪੀਕਰ**: ਹੁਣ ਮਾਣਯੋਗ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਇੱਧਰਲੇ ਪਾਸੇ ਤੋਂ ਹਾਂ ਸੁਣਦੀ ਨਹੀਂ ਹੈ। ਸੁਣਾ ਦਿਓ। ਨਾਂਹ ਵੀ ਨਹੀਂ ਸੁਣਦੀ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਮਾਣਯੋਗ ਸਪੀਕਰ**: ਹੁਣ ਸਦਨ ਬੁੱਧਵਾਰ, ਮਿਤੀ 04 ਸਤੰਬਰ, 2024 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*4.02 ਵਜੇ ਬਾਅਦ ਦੁਪਹਿਰ (*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 04 ਸਤੰਬਰ, 2024 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

**1600/mehak/BS khokhar**